ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 39 | 02 October 2019 to 08 October 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ’ਚ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਿਆਸਤ ਗਰਮਾਈ

## 22 ਉਮਰ ਕੈਦੀ ਬੰਦੀ ਸਿੰਘਾਂ ਵਿਚੋਂ ਭਾਰਤ ਸਰਕਾਰ ਵੱਲੋਂ 8 ਨੂੰ ਪੱਕੀ ਰਿਹਾਈ ਦੇਣ ਦੀ ਤਿਆਰੀ

- ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ
- ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸੁਪਰੀਮ ਕੋਰਟ ਜਾਣ ਦੀ ਧਮਕੀ ਦਿੱਤੀ




**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਦੀ ਕੇਂਦਰ ਸਰਕਾਰ ਦੀ ਘਰੇਲੂ ਵਜ਼ਾਰਤ ਦੇ ਹਵਾਲੇ ਨਾਲ ਇਹ ਗੱਲ ਨਸ਼ਰ ਹੋਈ ਹੈ ਕਿ ਕੇਂਦਰ ਸਰਕਾਰ ਵੱਲੋਂ ਅੱਠ ਬੰਦੀ ਸਿੰਘਾਂ ਨੂੰ ਪੱਕੀ ਰਿਹਾਈ ਦੇਣ ਅਤੇ ਇਕ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸਮੇਂ-ਸਮੇਂ ਸਿਰ ਸਿੱਖ ਸਿਆਸੀ ਕੈਦੀਆਂ (ਬੰਦੀ ਸਿੰਘਾਂ) ਦੀ ਸੂਚੀ ਜਾਰੀ ਕਰਨ ਅਤੇ ਕਈ ਬੰਦੀ ਸਿੰਘਾਂ ਦੇ ਮਾਮਲਿਆਂ ਦੀ ਕਾਨੂੰਨੀ ਪੈਰਵੀ ਕਰਨ ਵਾਲੇ ਵਕੀਲ ਸ. ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਬੰਦੀ ਸਿੰਘਾਂ ਦੀ ਸੂਚੀ ਵਿਚ 22 ਉਮਰ ਕੈਦੀ ਬੰਦੀ ਸਿੰਘ ਸਨ ਜਿਨ੍ਹਾਂ ਵਿਚੋਂ ਇਕ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਵਿਰੁਧ ਭਾਰਤ ਦੇ ਰਾਸ਼ਟਰਪਤੀ ਕੋਲ ਕੀਤੀ ਗਈ ਪਹੁੰਚ ਬਾਰੇ ਫੈਸਲਾ ਅਜੇ ਆਉਣਾ ਬਾਕੀ ਸੀ। ਖਬਰਾਂ ਮੁਤਾਬਕ ਕੇਂਦਰ ਸਰਕਾਰ ਵੱਲੋਂ ਹੁਣ ਇਨ੍ਹਾਂ 22 ਬੰਦੀ ਸਿੰਘਾਂ ਵਿਚੋਂ 8 ਬੰਦੀ ਸਿੰਘਾਂ ਨੂੰ ਪੱਕੀ ਰਿਹਾਈ ਦੇਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਭਾਈ ਬਲਵੰਤ ਸਿੰਘ ਨੂੰ ਦਿੱਤੀ ਗਈ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾ ਰਿਹਾ ਹੈ ਜਿਸ ਬਾਰੇ ਐਲਾਨ ਆਉਂਦੇ ਦਿਨਾਂ ਵਿਚ ਹੋਣ ਦੀ ਸੰਭਾਵਨਾ ਹੈ।

ਬਾਕੀ ਸਫ਼ਾ 33 ’ਤੇ

### ਕੀ ਕਹਿੰਦੇ ਹਨ ਕੈਪਟਨ ਅਮਰਿੰਦਰ ਸਿੰਘ

ਸਿੱਖ ਕੈਦੀਆਂ ਨੂੰ ਵਿਸ਼ੇਸ਼ ਮੁਆਫ਼ੀ ਦੇਣ ਬਾਰੇ ਸੂਬਾ ਸਰਕਾਰ ਦੇ ਪ੍ਰਸਤਾਵ ਨੂੰ ਪ੍ਰਵਾਨ ਕਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਇਨ੍ਹਾਂ ਦੀ ਰਿਹਾਈ ਪੰਜਾਬ ਜਾਂ ਮੁਲਕ ਦੀ ਅਮਨ-ਸ਼ਾਂਤੀ ਤੇ ਸੁਰੱਖਿਆ ਲਈ ਹਾਨੀਕਾਰਕ ਨਹੀਂ ਹੈ। ਕੈਪਟਨ ਨੇ ਕਿਹਾ ਕਿ ਇਹ ਕੈਦੀ ਆਪਣਾ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ ਤੇ ਹੁਣ ਬਜ਼ੁਰਗ ਅਵਸਥਾ ਵਿਚ ਹਨ ਜੋ ਆਪਣੇ ਪਰਿਵਾਰਾਂ ਨਾਲ ਮੁੜ ਮਿਲ ਬੈਠਣ ਤੇ ਆਪਣੇ ਬੱਚਿਆਂ ਨਾਲ ਬਾਕੀ ਰਹਿੰਦਾ ਜੀਵਨ ਬਿਤਾਉਣ ਦੇ ਹੱਕਦਾਰ ਹਨ। ਰਾਜੋਆਣਾ ਦੀ ਫਾਂਸੀ ਰੱਦ ਹੋਣ ’ਤੇ ਕੈਪਟਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਲੋਂ ਸੂਚੀ ਮੰਗੀ ਗਈ ਸੀ, ਜਿਸ ਵਿਚ ਰਾਜੋਆਣਾ ਦਾ ਨਾਂ ਜ਼ਰੂਰ ਸ਼ਾਮਲ ਸੀ ਅਤੇ 17 ਬੰਦੀ ਸਿੱਖਾਂ ਦੀ ਸੂਚੀ ਕੇਂਦਰ ਨੂੰ ਸੌਂਪੀ ਗਈ ਸੀ, ਜਿਸ ਵਿਚ ਹਵਾਰਾ ਤੇ ਭੁੱਲਰ ਦਾ ਨਾਂ ਵੀ ਸ਼ਾਮਲ ਸੀ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਦੀ ਆਬੋ-ਹਵਾ ਨੂੰ ਕਿਸੇ ਵੀ ਸੂਰਤ ਵਿਚ ਖਰਾਬ ਨਹੀਂ ਹੋਣ ਦਿੱਤਾ ਜਾਵੇਗਾ।

### ਕਾਂਗਰਸ ਵਲੋਂ ਭਾਜਪਾ ਦੀ ਨਿੰਦਾ

ਕੇਂਦਰ ਵਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਫ਼ੈਸਲੇ ਤੋਂ ਬਾਅਦ ਕਾਂਗਰਸ ਨੇ ਭਾਜਪਾ ਦੀ ਨਿੰਦਾ ਕਰਦਿਆ ਕਿਹਾ ਕਿ ਕਾਨੂੰਨ ਦੀ ਪਾਲਣਾ ਵਿਚ ਭਾਜਪਾ ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ। ਕਾਂਗਰਸ ਨੇ ਕਿਹਾ ਕਿ ਭਾਜਪਾ ਵਲੋਂ ਕਾਨੂੰਨ ਵਿਵਸਥਾ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਕਾਂਗਰਸ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤੱਕ ਕਾਨੂੰਨ ਨਾਲ ਖਿਲਵਾੜ ਕਰਦੇ ਰਹਿਣਗੇ। ਉਹ ਘਟੀਆ ਰਾਜਨੀਤੀ ਕਰ ਰਹੇ ਹਨ।

### ਭਾਈ ਹਵਾਰਾ ਸਮੇਤ ਬਾਕੀ ਰਹਿੰਦੇ 14 ਸਿੱਖ ਬੰਦੀਆਂ ਨੂੰ ਵੀ ਰਿਹਾਅ ਕਰੇ ਕੇਂਦਰ : ਜਥੇਦਾਰ ਮੰਡ

**ਜਲੰਧਰ/ਏਟੀ ਨਿਊਜ਼ :** ਕੇਂਦਰ ਸਰਕਾਰ ਵਲੋਂ 8 ਸਿੱਖ ਬੰਦੀਆ ਦੀ ਰਿਹਾਈ ਤੇ ਇਕ ਦੀ ਸਜ਼ਾ ਫਾਂਸੀ ਤੋਂ ਉਮਰ ਕੈਦ ਵਿਚ ਬਦਲਣ ਦੇ ਐਲਾਨ ਦਾ ਜਥੇਦਾਰ ਧਿਆਨ ਸਿੰਘ ਮੰਡ ਨੇ ਸਵਾਗਤ ਕਰਦਿਆਂ ਭਾਈ ਜਗਤਾਰ ਸਿੰਘ ਹਵਾਰਾ ਸਮੇਤ ਬਾਕੀ ਰਹਿੰਦੇ 14 ਸਿੱਖ ਬੰਦੀਆਂ ਨੂੰ ਵੀ ਜਲਦ ਰਿਹਾਅ ਕਰਨ ਦੀ ਮੰਗ ਕੀਤੀ ਹੈ। ਜਥੇਦਾਰ ਮੰਡ ਨੇ ਕਿਹਾ ਕਿ ਬਰਗਾੜੀ ਮੋਰਚੇ ਦੌਰਾਨ ਉਨ੍ਹਾਂ 22 ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦੀ ਸੂਚੀ ਪੰਜਾਬ ਸਰਕਾਰ ਨੂੰ ਸੌਂਪੀ ਸੀ। ਇਹ ਕਾਰਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਧਿਕਾਰ ਖੇਤਰ ਵਿਚ ਨਾ ਹੋਣ ਕਾਰਨ ਉਨ੍ਹਾਂ ਵਲੋਂ ਇਹ ਸੂਚੀ ਕੇਂਦਰ ਸਰਕਾਰ ਨੂੰ ਭੇਜੀ ਗਈ ਸੀ, ਜਿਸ ’ਤੇ ਕਾਰਵਾਈ ਕਰਦਿਆਂ ਕੇਂਦਰ ਸਰਕਾਰ ਨੇ 8 ਸਿੱਖ ਬੰਦੀਆਂ ਨੂੰ ਰਿਹਾਅ ਤੇ ਇਕ ਸਿੱਖ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਕੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ ਪੁਰਬ ਮੌਕੇ ਸਿੱਖਾਂ ਦਾ ਮਾਣ ਵਧਾਇਆ ਹੈ। ਜਥੇਦਾਰ ਮੰਡ ਨੇ ਕੇਂਦਰ ਸਰਕਾਰ ਤੋਂ ਮੰਗ ਕਰਦਿਆ ਕਿਹਾ ਕਿ ਭਾਈ ਹਵਾਰਾ ਸਮੇਤ ਬਾਕੀ ਰਹਿੰਦੇ ਸਿੱਖ ਬੰਦੀਆਂ ਨੂੰ ਵੀ ਆਮ ਮੁਆਫੀ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕੇਂਦਰ ਸਰਕਾਰ ਵਲੋਂ 312 ਸਿੱਖਾਂ ਨੂੰ ਕਾਲੀ ਸੂਚੀ ਵਿਚੋਂ ਬਾਹਰ ਕੱਢੇ ਜਾਣ ਦੇ ਫੈਸਲੇ ਦਾ ਵੀ ਸਵਾਗਤ ਕੀਤਾ।

➢ ਅੰਦਰ ਪੜ੍ਹੋ



07

ਭਾਈਚਾਰਾ
ਏਜੀਪੀਸੀ ਦੀ ਪਾਕਿ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਕੇਂਦਰੀ ਮੰਤਰੀਆਂ ਨਾਲ ਸਿੱਖ ਮਾਮਲਿਆਂ ਬਾਰੇ ਮੁਲਾਕਾਤ



11

ਖ਼ਬਰਸਾਰ
ਗੁਰਦਾਸ ਮਾਨ ਦੀ ਗੋਲ-ਮੋਲ ਮਾਫੀ

# ਹਿਊਸਟਨ ’ਚ ਮਾਰੇ ਗਏ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅ਼ਫਸਰ ਸੰਦੀਪ ਸਿੰਘ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

### ਵਿਸ਼ਵ ਭਰ ਦੇ ਸਿੱਖਾਂ ਵਿਚ ਰੋਸ ਦੀ ਲਹਿਰ

**ਹਿਊਸਟਨ/ਹੁਸਨ ਲੜੋਆ, ਨੀਟਾ ਮਾਛੀਕੇ, ਮੱਖਣ ਸਿੰਘ ਕਲੇਰ :** ਅਮਰੀਕਾ ਦੇ ਟੈਕਸਸ ਸੂਬੇ ਦੇ ਹਿਊਸਟਨ ਸ਼ਹਿਰ ਵਿਚ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਫ਼ਸਰ ਡਿਪਟੀ ਸੰਦੀਪ ਸਿੰਘ ਧਾਲੀਵਾਲ (42 ਸਾਲ) ਦੀ ਡਿਊਟੀ ਦੌਰਾਨ ਇਕ ਵਿਅਕਤੀ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਾਣਕਾਰੀ ਅਨੁਸਾਰ ਧਾਲੀਵਾਲ ਨੇ ਡਿਊਟੀ ਦੌਰਾਨ ਇਕ ਕਾਰ ਨੂੰ ਰੋਕਿਆ, ਜਿਸ ਨੇ ਆਵਾਜਾਈ ਨਿਯਮਾਂ ਦੀ ਉਲੰਘਣਾ ਕੀਤੀ ਸੀ। ਜਦੋਂ ਉਕਤ ਕਾਰ ਸਵਾਰ ਕੋਲ ਜਾ ਕੇ ਧਾਲੀਵਾਲ ਨੇ ਡਰਾਈਵਿੰਗ ਲਾਇਸੈਂਸ ਤੇ ਕਾਰ ਦੀ ਰਜਿਸਟ੍ਰੇਸ਼ਨ ਲਈ ਤੇ ਉਸ ਦਾ ਚਲਾਨ ਕੱਟਣ ਲਈ ਆਪਣੀ ਕਾਰ



ਵੱਲ ਮੁੜਿਆ ਤਾਂ ਉਕਤ ਕਾਰ ਸਵਾਰ ਨੇ ਧਾਲੀਵਾਲ ’ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਧਾਲੀਵਾਲ ਦੇ ਤਿੰਨ ਗੋਲੀਆਂ ਲੱਗੀਆਂ ਤੇ ਸਿਰ ਵਿਚ ਲੱਗੀ ਗੋਲੀ ਨਾਲ ਉਸ ਮੌਤ ਹੋ ਗਈ। ਇਸ ਮਾਮਲੇ ਵਿਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਬਾਕੀ ਸਫ਼ਾ 33 ’ਤੇ

### ਸਿੱਖ ਭਾਈਚਾਰੇ ਵਲੋਂ ਸਖ਼ਤ ਨਿੰਦਾ

ਸੰਦੀਪ ਸਿੰਘ ਧਾਲੀਵਾਲ ਦੀ ਹੱਤਿਆ ਦੀ ਖ਼ਬਰ ਨਾਲ ਪੂਰੇ ਅਮਰੀਕਾ ਵਿਚ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਹੈ। ਨਿੰਦਾ ਕਰਨ ਵਾਲਿਆਂ ਵਿਚ ਗੁਰਦੁਆਰਾ ਸੱਚਾ ਮਾਰਗ ਸਿਆਟਲ ਦੇ ਸਕੱਤਰ ਹਰਸ਼ਿੰਦਰ ਸਿੰਘ ਸੰਧੂ, ਪ੍ਰਸਿੱਧ ਸਿੱਖ ਕਾਰੋਬਾਰੀ ਬਲਵੀਰ ਸਿੰਘ ਉਸਮਾਨਪੁਰ, ਪ੍ਰਸਿੱਧ ਅਕਾਊਂਟੈਂਟ ਮਹਿੰਦਰ ਸਿੰਘ ਸੋਹਲ, ਪ੍ਰਿਤਪਾਲ ਸਿੰਘ ਢੀਂਡਸਾ, ਸ਼੍ਰੋਮਣੀ ਅਕਾਲੀ ਦਲ ਦੇ ਵਾਸ਼ਿੰਗਟਨ ਸਟੇਟ ਦੇ ਪ੍ਰਧਾਨ ਚੇਤ ਸਿੰਘ ਸਿੱਧੂ, ਸਰਪ੍ਰਸਤ ਸੁੱਖੀ ਰੱਖੜਾ,

ਬਾਕੀ ਸਫ਼ਾ 33 ’ਤੇ















ੴ ਸਤਿਗੁਰ ਪ੍ਰਸਾਦਿ

# The Politics of Indian Secularism

## Topics

**"Political Extremism & Judicial System in India"**
**by Justice Markandey Katju**

**"Liberty of Press in India"**
**by Surinder Singh**



Surinder Singh



Justice Markandey Katju

**Date:** Oct 05, 2019 (Saturday)
**Time:** 2pm to 5pm
**Venue:** Baba Banda Singh Bahadur Hall
Singh Sabha, 680 E. Calaveras Blvd.
Milpitas, CA

**Organizers:**
**American Gurdwara Parbandhak Committee & Sikh Panchayat**
For more info call (408)898-7056

# ਸਿੱਖੀ ਦੇ ਪ੍ਰਵਾਹ ਅਤੇ ਪਸਾਰ ਲਈ ਗੁਰਦੁਆਰਾ ਸਾਹਿਬਾਨਾਂ ਵਿਚ ਸ਼ਾਂਤਮਈ ਮਾਹੌਲ ਰੱਖਣਾ ਸਮੇਂ ਦੀ ਮੁੱਖ ਲੋੜ : ਸੈਨਹੋਜ਼ੇ ਖ਼ਾਲਸਾ ਹਾਕੀ ਕਲੱਬ

**ਸੈਨਹੋਜ਼ੇ/ਏਟੀ ਨਿਊਜ਼ :**
ਖ਼ਾਲਸਾ ਹਾਕੀ ਕਲੱਬ ਸੈਨਹੋਜ਼ੇ ਨੇ ਇਕ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸਾਡੇ ਗੁਰੂਘਰ ਸਿੱਖਾਂ ਦੇ ਮੁਕਤੀ ਕੇਂਦਰ ਹਨ ਅਤੇ ਇਥੋਂ ਹੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਆਪਣੇ ਜੀਵਨ ਨੂੰ ਬਾਣੀ ਦੇ ਆਧਾਰ ’ਤੇ ਸੇਧ ਦੇ ਸਕਦੇ ਹਾਂ ਪਰ ਦੂਸਰੇ ਪਾਸੇ ਇੱਥੇ ਲੜਾਈ-ਝਗੜੇ ਜਾਂ ਕੋਰਟ ਕਚਹਿਰੀ ਦੇ ਕੇਸ ਦੇਖ ਕੇ ਅਸੀਂ ਆਪਣੀ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਕੋਈ ਵਧੀਆ ਸੇਧ ਨਹੀਂ ਦੇ ਸਕਦੇ। ਸਾਨੂੰ ਪਤਾ ਚੱਲਿਆ ਸੀ ਕਿ ਸੈਨਹੋਜ਼ੇ ਗੁਰੂਘਰ ਵਿਚ ਮਾਹੌਲ ਕਾਫ਼ੀ ਖ਼ਰਾਬ ਹੈ, ਜਿੱਥੇ ਅਸੀਂ ਖ਼ੁਦ ਪਿਛਲੇ ਇਕ ਮਹੀਨੇ ਤੋਂ ਜ਼ਿਆਦਾ, ਹਰ ਐਤਵਾਰ ਸਕਿਓਰਿਟੀ (ਗੰਨਜ਼ ਦੇ ਨਾਲ) ਫਿਰਦੀ ਦੇਖੀ ਹੈ ਜੋ ਕਿ ਗੁਰੂਘਰ ਲਈ ਡਰਾਵਾਂ ਮਾਹੌਲ ਬਣਾਈ ਰੱਖਦੀ ਹੈ ਅਤੇ ਦੂਸਰੇ ਪਾਸੇ ਸੰਗਤਾਂ ਦਾ ਦਿੱਤਾ ਇਕ-ਇਕ ਡਾਲਰ ਗਲਤ ਪਾਸੇ ਲੱਗ ਰਿਹਾ ਹੈ। ਪਹਿਲਾਂ 22 ਸਤੰਬਰ ਨੂੰ ਇਲੈਕਸ਼ਨ ਵੀ ਹੋਣ ਜਾ ਰਹੀ ਸੀ ਪਰ ਇਥੋਂ ਦੇ ਕੋਰਟ ਸਿਸਟਮ ਨੇ ਉਸ ’ਤੇ ਰੋਕ ਲਾ ਦਿੱਤੀ ਹੈ। ਅਸੀਂ ਦੋਵੇਂ ਪਾਰਟੀਆਂ (ਮੌਜੂਦਾ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਸਲੇਟ) ਨੂੰ ਇਥੋਂ ਦੇ ਸਿਸਟਮ ਮੁਤਾਬਕ ਡੀਬੇਟ ਲਈ ਸੱਦਾ ਪੱਤਰ ਦਿੱਤਾ ਸੀ ਪਰ ਮੌਜੂਦਾ ਪ੍ਰਬੰਧਕ ਕਮੇਟੀ ਕਿਸੇ ਕਾਰਨਾਂ ਕਰਕੇ ਇਸ ਡੀਬੇਟ ਲਈ ਸਹਿਮਤ ਨਹੀਂ ਹੋ ਸਕੀ। ਹੁਣ ਇੱਥੇ ਅਸੀਂ ਇਕ ਹੋਰ ਸੁਝਾਅ ਪੇਸ਼ ਕਰਦੇ ਹਾਂ ਅਤੇ ਆਪਣੀ ਸਾਰੀ ਸਿੱਖ ਕਮਿਊਨਿਟੀ ਨੂੰ ਵੀ ਪੇਸ਼ ਕਰਨਾ ਚਾਹੁੰਦੇ ਹਾਂ ਕਿ ਦੋਵੇਂ ਪਾਰਟੀਆਂ ਅਤੇ ਅਸੀਂ ਸਾਰੀ ਸਾਧ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖਦੀ ਹੈ। ਇਸ ਲਈ ਜੋ ਸਾਡੇ ਵੀਰ-ਭੈਣ, ਇਸ ਗੁਰੂਘਰ ਦੀ ਸੇਵਾ ਕਰਨ ਲਈ ਅਤੇ ਕਮੇਟੀ ਦੇ ਮੈਂਬਰ ਲਈ ਆਪਣਾ ਨਾਂ ਦੇ ਚੁੱਕੇ ਹਨ, ਉਨ੍ਹਾਂ 42 ਮੈਂਬਰਾਂ ਦੇ ਨਾਂ (CA IDs) ਇਕ ਡੱਬੇ ਵਿਚ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ 21 ਨਾਮ (ID Cards) ਕੱਢ ਲਏ ਜਾਣ ਅਤੇ ਉਹ 21 ਮੈਂਬਰੀ ਕਮੇਟੀ ਬਣ ਜਾਵੇਗੀ। ਇਸ ਵਿਚ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਅਤੇ ਅਸੀਂ ਇਸ ਤਰੀਕੇ ਨਾਲ ਕੋਰਟ-ਕਚਹਿਰੀ ਦੇ ਖਰਚੇ ਤੋਂ ਅਤੇ ਇਕ ਦੂਜੇ ’ਤੇ ਚਿੱਕੜ ਸੁੱਟਣ ਤੋਂ ਵੀ ਬਚ ਸਕਦੇ ਹਾਂ ਅਤੇ ਮੁੜ ਆਪਣਾ ਭਾਈਚਾਰਾ ਵੀ ਵਧੀਆ ਤਰੀਕੇ ਨਾਲ ਜਾਰੀ ਰੱਖ ਸਕਦੇ ਹਾਂ। ਇਥੇ ਅਸੀਂ ਇਕ ਵਾਰ ਫਿਰ ਸੈਨਹੋਜ਼ੇ ਦੀ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਸ ਗੱਲ ਨੂੰ ਵਿਚਾਰਨ ਅਤੇ ਸਾਨੂੰ ਸਹਿਯੋਗ ਦੇਣ ਤਾਂ ਕਿ ਆਪਾਂ ਸਾਰੇ ਰਲ-ਮਿਲ ਕੇ ਦੋਵੇਂ ਪਾਰਟੀਆਂ ਨੂੰ ਇਸ ਸਿਲੈਕਸ਼ਨ ਪ੍ਰੋਸੈਸ ਨੂੰ ਮੰਨਣ ਲਈ ਬੇਨਤੀ ਕਰੀਏ ਅਤੇ ਗੁਰੂ ਦੀਆਂ ਖੁਸ਼ੀਆਂ ਲੈ ਸਕੀਏ। ਜੇ ਇਹ ਸੁਝਾਅ ਮਨਜ਼ੂਰ ਨਹੀਂ ਤਾਂ ਦੋਹਾਂ ਧੜਿਆਂ ਦੀ ਬਜਾਏ ਸੰਗਤ ਵਿੱਚੋਂ 5 ਜਾਂ 7 ਜਾਂ 11 ਬੰਦਿਆਂ ਦੀ ਸਾਂਝੀ ਕਮੇਟੀ ਬਣਾ ਲਈ ਜਾਏ, ਜਿਹੜੀ ਚੋਣਾਂ ਹੋਣ ਤੱਕ ਕੰਮ ਚਲਾਵੇ ਤੇ ਚੋਣਾਂ ਵੀ ਪਾਰਦਰਸ਼ੀ ਢੰਗ ਨਾਲ ਕਰਵਾਏ ਤਾਂ ਜੋ ਕੋਰਟ ਵਲੋਂ ਰਸੀਵਰ ਲੱਗਣ ਤੋਂ ਵੀ ਬਚਾਅ ਹੋ ਸਕੇ।






## ਸ਼ਹੀਦ ਭਾਈ ਹਰਜਿੰਦਰ ਸਿੰਘ ਜ਼ਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਮਾਗਮ 11-12-13 ਅਕਤੂਬਰ ਨੂੰ

**ਫਰੀਮੌਂਟ/ਏਟੀ ਨਿਊਜ਼ :**
ਹਰ ਸਾਲ ਦੀ ਤਰ੍ਹਾਂ ਸ਼ਹੀਦ ਭਾਈ ਹਰਜਿੰਦਰ ਸਿੰਘ ਜ਼ਿੰਦਾ ਅਤੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਲਾਸਾਨੀ ਸ਼ਹਾਦਤ ਦੀ ਯਾਦ ਵਿਚ 11-12-13 ਅਕਤੂਬਰ ਨੂੰ ਸਿੱਖ ਯੂਥ ਆਫ ਅਮਰੀਕਾ ਵੱਲੋਂ ਗੁਰਦੂਆਰਾ ਸਾਹਿਬ ਫਰੀਮੌਂਟ ਵਿਖੇ ਸ੍ਰੀ ਅਖੰਡ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ। ਸਿੱਖ ਯੂਥ ਆਫ ਅਮਰੀਕਾ ਨੇ ਸਮੂਹ ਸੰਗਤ ਤੇ ਪੰਥਕ ਜਥੇਬੰਦੀਆਂ ਨੂੰ ਇਸ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਹੈ।
ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਦੀ ਸੇਵਾ ਜਥੇਦਾਰ ਗੁਰਦੇਵ ਸਿੰਘ ਵੱਲੋਂ ਕਰਵਾਈ ਜਾ ਰਹੀ ਹੈ। ਵਧੇਰੇ ਜਾਣਕਾਰੀ ਲਈ (510)750-7499 ‘ਤੇ ਸੰਪਰਕ ਕਰ ਸਕਦੇ ਹੋ।






# ਮਰਹੂਮ ਗੁਰਬਚਨ ਸਿੰਘ ਢਿੱਲੋਂ ਦੀ ਯਾਦ ਨਮਿੱਤ ਪਾਠ ਦਾ ਭੋਗ 6 ਅਕਤੂਬਰ ਨੂੰ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ**

04 ਅਕਤੂਬਰ, 2019 ਦਿਨ ਸ਼ੁੱਕਰਵਾਰ

**ਭੋਗ ਸ੍ਰੀ ਆਖੰਡ ਪਾਠ ਸਾਹਿਬ**

06 ਅਕਤੂਬਰ, 2019 ਦਿਨ ਐਤਵਾਰ

**ਸਥਾਨ :** ਗੁਰਦੁਆਰਾ ਸਾਹਿਬ ਫਰੀਮੌਂਟ (ਕੈਲੀਫੋਰਨੀਆ)



ਆਪ ਜੀ ਨੂੰ ਭਲੀਭਾਂਤ ਪਤਾ ਹੈ ਕਿ ਸਿੱਖ ਪੰਚਾਇਤ ਦੇ ਮੋਢੀ ਮੈਂਬਰ ਭਾਈ ਗੁਰਬਚਨ ਸਿੰਘ ਢਿੱਲੋਂ ਜੀ ਦੀ ਪਿਛਲੇ ਸਾਲ 16 ਦਸੰਬਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਪਰਿਵਾਰ ਵਲੋਂ ਉਨ੍ਹਾਂ ਦੀ ਨਿੱਘੀ ਯਾਦ ਨਮਿੱਤ ਗੁਰੂ ਦਾ ਓਟ ਆਸਰਾ ਲਿਆ ਜਾ ਰਿਹਾ ਹੈ। ਸਿੱਖ ਪੰਚਾਇਤ ਦੇ ਸਾਰੇ ਮੈਂਬਰਾਂ ਅਤੇ ਪੰਥਕ ਜਥੇਬੰਦੀਆਂ ਨੂੰ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

**ਬੇਨਤੀ ਕਰਤਾ : ਹਰਭਜਨ ਸਿੰਘ ਢਿੱਲੋਂ**

**(ਸੰਪਰਕ : 510-552-5929)**

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਵਸ ਮਨਾਉਣ ਦੀਆਂ ਤਿਆਰੀਆਂ ਮੁਕੰਮਲ

**ਸਿਆਟਲ/ਗੁਰਬਚਨ ਸਿੰਘ ਢਿੱਲੋਂ**

ਗੁਰਦੁਆਰਾ ਸਿੰਘ ਸਭਾ ਰੈਨਟਲ ਵਿਚ 4-5-6 ਅਕਤੂਬਰ ਨੂੰ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜਨਮ ਦਿਵਸ ਮਨਾਉਣ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬਾਬਾ ਬੁੱਢਾ ਜੀ ਐਸੋਸੀਏਸ਼ਨ ਆਫ਼ ਅਮਰੀਕਾ ਵਲੋਂ 4 ਅਕਤੂਬਰ ਸ਼ੁੱਕਰਵਾਰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ 6 ਅਕਤੂਬਰ ਐਤਵਾਰ ਭੋਗ ਪੈਣ ਉਪਰੰਤ ਸਵੇਰੇ 10 ਵਜੇ ਧਾਰਮਿਕ ਦੀਵਾਨ ਸਜਾਏ ਜਾਣਗੇ। ਗੁਰੂਘਰ ਦੇ ਕਥਾਵਾਚਕ ਅਤੇ ਕੀਰਤਨੀਏ ਸਿੰਘ ਤੋਂ ਇਲਾਵਾ ਭਾਰਤ ਤੋਂ ਪਹੁੰਚੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਜੁਝਾਰ ਸਿੰਘ ਦੁਪਹਿਰ ਦੇ ਦੀਵਾਨਾਂ ਵਿਚ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਣਗੇ। ਸੰਸਥਾ ਵਲੋਂ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਪ੍ਰੁੱਜਣ ਲਈ ਅਪੀਲ ਕੀਤੀ ਜਾ ਰਹੀ ਹੈ।



# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਸਾਹਿਤਕ ਮਿਲਣੀ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਕੈਂਟ ਦੇ ਮਹਾਰਾਜਾ ਪੈਲੇਸ ਵਿਚ ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਸਾਹਿਤਕ ਅਤੇ ਸੱਭਿਆਚਾਰਕ ਸਮਾਗਮ ਆਯੋਜਿਤ ਕੀਤਾ ਗਿਆ ਜਿੱਥੇ ਕੈਨੇਡਾ ਸਰੀ ਤੋਂ ਸੁੱਖੀ ਬਾਠ ਤੇ ਉਨ੍ਹਾਂ ਦੀ ਪਤਨੀ ਸੁਖਵਿੰਦਰ ਕੌਰ ਬਾਠ, ਬਲਬੀਰ ਕੌਰ ਢਿੱਲੋਂ, ਸਵਰਾਜ ਕੌਰ, ਸਿਗਾਰਾ ਸਿੰਘ ਸਿੱਧੂ ਤੋਂ ਇਲਾਵਾ ਸਿਆਟਲ ਤੋਂ ਹਰਸ਼ਿੰਦਰ ਸਿੰਘ ਸੰਧੂ, ਸਭਾ ਦੇ ਪ੍ਰਧਾਨ ਜੇ.ਬੀ. ਸਿੰਘ, ਲਾਲੀ ਸੰਧੂ, ਮਨਜੀਤ ਕੌਰ ਗਿੱਲ, ਸਕੱਤਰ ਬਲਿਹਾਰ ਸਿੰਘ ਲੇਹਲ, ਪ੍ਰਿਤਪਾਲ ਸਿੰਘ ਦੀਵਾਨਾ ਖਜਾਨਚੀ, ਹਰਪਾਲ ਸਿੰਘ ਸਿੱਧੂ ਮੀਤ ਪ੍ਰਧਾਨ, ਅਮਰੀਕ ਸਿੰਘ ਵਿਰਕ ਉਚੇਚੇ ਤੌਰ 'ਤੇ ਪਹੁੰਚੇ। ਭਾਰਤ ਤੋਂ ਪਹੁੰਚੀ ਸੁਖਵਿੰਦਰ ਅੰਮ੍ਰਿਤ ਨੇ 'ਖਾਣ ਨੂੰ ਤੈਨੂੰ ਖੀਰ ਦਿਆਂਗੀ, ਨਾਲ ਪਕਾ ਦੇਉਂ ਪੂੜਾ, ਜੇ ਮੇਰਾ ਪੁੱਤ ਬਣਨਾ, ਲਿਖ ਕੇ ਵਿਖਾ ਦੇ ਉੜਾ' ਗਾ ਕੇ ਸਰੋਤਿਆਂ ਨੂੰ ਕੀਲ ਲਿਆ। ਦਿਲ ਖਿੱਚਵੀਂ ਆਵਾਜ਼ ਵਿਚ ਸੁਰਜੀਤ ਬੈਂਸ ਅਤੇ ਮਿੱਠੀ ਆਵਾਜ ਵਿਚ ਅਵਤਾਰ ਬਿੱਲਾ ਨੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਬਲਬੀਰ ਕੌਰ ਨੇ ਔਰਤ ਕਦੇ ਬੁੱਢੀ ਨਹੀਂ ਹੁੰਦੀ, ਕਵਿਤਾ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਸੇਮ ਵਿਰਕ ਨੇ ਆਏ ਮਹਿਮਾਨਾਂ ਦੀ ਖੂਬ ਮਹਿਮਾਨਨਿਵਾਜੀ ਕੀਤੀ।


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

***Call for more Info:***

510 774 4191 (Kuljit Singh) 209 242 9569 (Dispatched)

209 564 8899 (Davinder Singh) 209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਰਾਣਾ-ਐਸ ਪੀ ਗਰੁੱਪ ਵਲੋਂ ਫਰੀਮੌਂਟ ਦੀ ਉਸਾਰੀ ਰੋਕਣਾ ਸੌੜੀ ਸਿਆਸਤ ਤੋਂ ਪ੍ਰੇਰਿਤ : ਸਿੱਖ ਪੰਚਾਇਤ

**ਫਰੀਮੌਂਟ/ਏ.ਟੀ. ਨਿਊਜ਼ :** ਸਿੱਖ ਪੰਚਾਇਤ ਨੇ ਅਖਬਾਰਾਂ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਤਿੰਨ ਸੁਪਰੀਮ ਕੌਂਸਲ ਮੈਂਬਰ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਅਤੇ ਕੁਲਜੀਤ ਸਿੰਘ ਨੇ ਮਕੈਨੀਕਲ ਠੇਕੇਦਾਰ ਨੂੰ ਚਿੱਠੀ ਪਾ ਕੇ ਉਸਾਰੀ ਦਾ ਪ੍ਰੌਜੈਕਟ ਰੋਕਣ ਨੂੰ ਕਿਹਾ ਹੈ। ਚਿੱਠੀ ਵਿਚ ਕਿਹਾ ਹੈ ਕਿ ਬਹੁਮਤ 'Board of Directors' ਨੇ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਜਦੋਂ ਕਿ ਮੌਜੂਦਾ ਸੁਪਰੀਮ ਕੌਂਸਲ ਵਲੋਂ ਹੀ ਇਸ ਪ੍ਰੌਜੈਕਟ ਨੂੰ ਜੁਲਾਈ 28, 2018 ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਇਸ ਪ੍ਰਵਾਨਗੀ ਤੋਂ ਬਾਅਦ ਹੀ ਸਾਰਾ ਕੰਮ ਸ਼ੁਰੂ ਹੋਇਆ ਸੀ ਅਤੇ ਪਿਛਲੇ ਇੱਕ ਸਾਲ ਤੋਂ ਉਸਾਰੀ ਕਮੇਟੀ ਦੀ ਮਿਹਨਤ ਸਦਕਾ ਸਿਟੀ ਤੋਂ ਸਾਰਾ ਪ੍ਰੌਜੈਕਟ ਪਾਸ ਹੋ ਚੁੱਕਾ ਹੈ। ਜੇ ਪ੍ਰੌਜੈਕਟ ਜਨਵਰੀ 2020 ਤੱਕ ਸ਼ੁਰੂ ਨਹੀਂ ਹੁੰਦਾ ਤਾਂ ਸਾਰੇ ਪਰਮਿਟ ਕੈਂਸਲ ਹੋ ਜਾਣਗੇ ਅਤੇ ਗੁਰਦੁਆਰਾ ਸਾਹਿਬ ਵੱਲੋਂ ਹੁਣ ਤੱਕ ਖ਼ਰਚੇ 37,000 ਤੋਂ ਉੱਪਰ ਦੀ ਰਾਸ਼ੀ ਬਰਬਾਦ ਹੋਵੇਗੀ। ਅਸੀਂ ਸੰਗਤ ਨੂੰ ਇਸ ਪ੍ਰੌਜੈਕਟ ਬਾਰੇ ਦੱਸ ਦੇਈਏ ਕਿ ਜਦੋਂ ਅਸੀਂ ਦੀਵਾਨ ਹਾਲ ਵਿਚ ਜਾਣ ਤੋਂ ਪਹਿਲਾਂ ਲਾਬੀ ਵਿਚ ਹੁੰਦੇ ਹਾਂ ਤਾਂ ਉਸ ਦੇ ਦੋਨੋਂ ਪਾਸੇ ਦਫ਼ਤਰ, ਲਾਇਬ੍ਰੇਰੀ ਅਤੇ ਜੁੱਤੀ ਘਰ ਹਨ। ਉਹਨਾਂ ਦੀ ਛੱਤ ਉਪਰ ਦੀ ਜਗ੍ਹਾ ਖਾਲੀ ਪਈ ਹੈ ਜਿਸ ਵਿਚ ਏਅਰ ਕੰਡੀਸ਼ਨਿੰਗ ਦਾ ਸਮਾਨ ਵਗੈਰਾ ਹੈ। ਉਹਨਾਂ ਕਮਰਿਆਂ ਉਪਰ ਇਕ ਹਾਲ ਬਣਾਉਣ ਦਾ ਇਹ ਪ੍ਰੌਜੈਕਟ ਹੈ ਜਿਸ ਨਾਲ ਅਖੰਡ ਪਾਠ ਜੋ ਹੁਣ ਇਕ ਕਮਰੇ ਵਿਚ 5-7 ਹੁੰਦੇ ਹਨ ਜਿਸ ਨਾਲ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਵੀ ਨਹੀਂ ਰਹਿੰਦਾ, ਉਹਨਾਂ ਲਈ ਸੌਖ ਹੋ ਜਾਵੇਗੀ ਅਤੇ ਸੰਗਤ ਛੋਟੇ ਪ੍ਰੋਗਰਾਮ (100 ਕੁ ਸੰਗਤ ਮੈਂਬਰਾਂ ਲਈ) ਵੀ ਕਰ ਸਕੇਗੀ ਅਤੇ ਸੱਭ ਤੋਂ ਜ਼ਰੂਰੀ ਰੁਮਾਲਾ ਸਾਹਿਬ ਲਈ ਵੀ ਸੈਲਫਾਂ ਬਣ ਜਾਣਗੀਆਂ।

ਪਿਛਲੇ ਸਾਲ ਤੋਂ ਇਸ ਦਾ ਕੰਮ ਚੱਲ ਰਿਹਾ ਹੈ, ਹੁਣ ਜਦੋਂ ਠੇਕੇਦਾਰ ਨੂੰ ਇਹ ਠੇਕਾ ਦੇਣ ਦਾ ਕੰਮ ਆਇਆ ਤਾਂ ਇਹ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੇ ਠੇਕੇਦਾਰ ਨੂੰ ਈਮੇਲ ਪਾ ਕੇ ਇਸ ਵਿਚ ਸ਼ਾਮਲ ਹੋਣ ਤੋਂ ਵਰਜਿਆ ਹੈ ਜੋ ਕਿ ਬਹੁਤ ਹੀ ਨਿੰਦਨਯੋਗ ਹੈ। ਭਾਈ ਐਚ ਪੀ ਸਿੰਘ ਨੇ ਇਹਨਾਂ ਤਿੰਨਾਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਸਾਨੂੰ ਗੁਰਦੁਆਰਾ ਸਾਹਿਬ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਸ ਤਰਾਂ ਦੀਆਂ ਗ਼ੈਰ ਜ਼ੁੰਮੇਵਾਰੀ ਵਾਲ਼ੀਆਂ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ। ਉਹਨਾਂ ਨੇ ਇਹ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੂੰ ਸੁਆਲ ਕੀਤਾ ਕਿ ਉਹ ਇਹ ਦੱਸਨ ਕਿ ਇਹ ਉਸਾਰੀ ਕਿਉਂ ਨਹੀਂ ਹੋਣੀ ਚਾਹੀਦੀ ? ਇਸ ਵਿੱਚ ਗੁਰਦੁਆਰਾ ਸਾਹਿਬ ਦਾ ਕੀ ਨੁਕਸਾਨ ਹੈ ? ਕੀ ਇਸ ਨਾਲ ਸੰਗਤ ਨੂੰ ਸਹੂਲਤ ਤੇ ਹੋਰ ਪ੍ਰੋਗਰਾਮਾਂ ਵਿੱਚ ਵਾਧਾ ਨਹੀਂ ਹੋਵੇਗਾ ? ਜੋ ਹੁਣ ਤੱਕ $37,000 ਲੱਗ ਚੁੱਕਾ ਹੈ ਕੀ ਇਹ ਤਿੰਨ ਸੁਪਰੀਮ ਕੌਂਸਲ ਮੈਂਬਰ ਭਰਨ ਨੂੰ ਤਿਆਰ ਹਨ ? ਭਾਈ ਜਸਜੀਤ ਸਿੰਘ ਨੇ ਕਿਹਾ ਕਿ ਇਹ ਤਿੰਨ ਮੈਂਬਰ ਰਾਣਾ ਕਾਹਲੋਂ ਤੇ ਐਸ ਪੀ ਸਿੰਘ ਦੇ ਪਿੱਛਲੱਗ ਬਣ ਚੁੱਕੇ ਹਨ ਅਤੇ ਇਹ ਉਸਾਰੀ ਰੁਕਾਉਣ ਵਾਲੀ ਸਕੀਮ ਵੀ ਉਹਨਾਂ ਦੀ ਹੀ ਜਾਪਦੀ ਹੈ। ਇਹ ਗਰੁੱਪ ਪਹਿਲਾ ਖਾਲਸਾ ਗਰੁੱਪ ਦੇ ਨਾਮ ਨਾਲ ਜਾਣਿਆਂ ਜਾਂਦਾ ਸੀ ਪਰ ਹੁਣ ਇਸਤੇ ਐਸ ਪੀ ਤੇ ਰਾਣੇ ਕਾਹਲੋਂ ਨੇ ਕਬਜ਼ਾ ਕਰ ਲਿਆ ਹੈ ਜ਼ਿਹਨਾਂ ਦਾ ਕੋਈ ਪੰਥਕ ਕੰਮ ਕਰਨ ਦਾ ਇਤਿਹਾਸ ਨਹੀਂ। ਰਾਣੇ ਕਾਹਲੋਂ ਦਾ ਪਿਛੋਕੜ ਕਾਂਗਰਸੀ ਹੈ ਇਹਦੀ ਪਿੱਠ ਤੇ ਪੰਜਾਬ ਕਾਂਗਰਸ ਖੜੀ ਜਾਪਦੀ ਹੈ। ਐਸ ਪੀ ਸਿੰਘ ਇੱਥੇ ਜਾਅਲੀ ਮਿਰਚੀ ਰੇਡੀਉ ਚਲਾਉਂਦਾ ਹੈ, ਭਾਰਤ ਵਾਲੇ ਮਿਰਚੀ ਰੇਡੀਉ ਦੀ ਇਸਨੂੰ ਪ੍ਰਵਾਨਗੀ ਨਹੀਂ।

## ਉਸਾਰੀ ਦੀ ਪ੍ਰਵਾਨਗੀ ਦਾ ਮਤਾ




## Navi Dhillon's Email to Bhai HP Singh

From: "navi.dhillon@bakerbotts.com" <navi.dhillon@bakerbotts.com>
Date: Friday, September 27, 2019 at 6:27 PM
To: Trevor Zink <tzink@omnilawgroup.com>, "dylan.crosby@bakerbotts.com" <dylan.crosby@bakerbotts.com>
Cc: "ken.hartley@bakerbotts.com" <ken.hartley@bakerbotts.com>
Subject: RE: Summary of Discovery Meet and Confer - Singh v. Singh

Dear Trevor –

It has come to our attention that your client HP continues to take actions to push forward an unauthorized construction project at the Temple and is entering into contracts with his own associates. No such project is authorized by the Board of Directors and we understand he continues to spend significant amounts of Temple funds. This a serious issue.

All of these actions are unlawful and we are very troubled by the fact that a fiduciary would take such steps.

Please contact your client and ask him to immediately stop. The Board of the Directors will hold HP personally liable for any and all funds spent on these efforts.

As you know, our complaint includes specific allegations on this topic. If we don't receive a prompt response, we would like to discuss briefing on a TRO/PI motion.

-Navi

## Email from Kuljit Singh to Contractor

On Sep 28, 2019, at 4:07 PM, (null) (null) <kuljitsingh54@yahoo.com> wrote:

Dear Richard Mardesich
President Pacific Northstar Mechanical Inc
Date: September 27, 2019
Gurdwara Sahib Fremont and it's Board of Directors have litigation going on in court. Court case # HG19024582
Majority Board of Directors didn't approve HAVC project. We suggest before you accept the bid, talk to our attorney. attorney phone number is 415-203-8805 name and address Navi Dhillon 101 California st San Francisco email navi.dhillon@bakerbotts.com
Sincerely
Board of directors
Gurdwara Sahib Fremont
Kuljit Singh 510 -284 -9580
Harminder Singh 510-715-6799
Arvinder Kaur 510-396-0767

## ਉਸਾਰੀ ਰੋਕਣ ਵਾਲੇ ਤਿੰਨ ਸੁਪਰੀਮ ਕੌਂਸਲ ਮੈਂਬਰ


ਭਾਈ ਹਰਮਿੰਦਰ ਸਿੰਘ


ਭਾਈ ਕੁਲਜੀਤ ਸਿੰਘ


ਬੀਬੀ ਅਰਵਿੰਦਰ ਕੌਰ

## Approved Project from City




# ਭਾਰਤੀ ਇੰਜੀਨੀਅਰਿੰਗ ਵਿਦਿਆਰਥੀ ਦੇ ਹਤਿਆਰੇ ਨੂੰ ਹਥਿਆਰ ਵੇਚਣ ਵਾਲੇ ਵਿਰੁੱਧ ਪੁਲਿਸ ਵੱਲੋਂ ਪਟੀਸ਼ਨ ਦਾਇਰ



**ਕਨਸਾਸ ਸਿਟੀ/ਹੁਸਨ ਲੜੋਆ ਬੰਗਾ :** ਕਨਸਾਸ ਸਿਟੀ ਦੇ ਮਿਸੌਰੀ ਪੁਲਿਸ ਵਿਭਾਗ ਦੇ ਅਨੇਕਾਂ ਮੈਂਬਰਾਂ ਨੇ ਭਾਰਤੀ ਇੰਜੀਨੀਅਰਿੰਗ ਦੇ ਵਿਦਿਆਰਥੀ ਸ਼ਰਤ ਕੋਪੂ (24 ਸਾਲ) ਦੇ ਹਤਿਆਰੇ ਨੂੰ ਹਥਿਆਰ ਵੇਚਣ ਵਾਲੇ ਗੰਨ ਸ਼ਾਪ ਦੇ ਮਾਲਕ ਵਿਰੁੱਧ ਪੁਲਿਸ ਕੋਲ ਪਟੀਸ਼ਨ ਦਾਇਰ ਕੀਤੀ ਹੈ। ਸ਼ਰਤ ਕੋਪੂ ਯੂਨੀਵਰਸਿਟੀ ਆਫ ਮਿਸੌਰੀ ਕਨਸਾਸ ਸਿਟੀ ਵਿਚ ਕੰਪਿਊਟਰ ਸਾਇੰਸ 'ਚ ਮਾਸਟਰ ਡਿਗਰੀ ਕਰਨ ਲਈ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਆਇਆ ਸੀ। ਵਾਰੰਗਲ ਵਾਸੀ ਕੋਪੂ ਆਪਣੇ ਇਕ ਰਿਸ਼ਤੇਦਾਰ ਦੇ ਫਿਸ਼ ਐਂਡ ਚਿਕਨ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਮੌਕੇ ਦੇ ਗਵਾਹਾਂ ਤੇ ਕੈਮਰਿਆਂ ਦੇ ਫੁੱਟੇਜ਼ ਤੋਂ ਪਤਾ ਲੱਗਾ ਹੈ ਕਿ ਇਕ ਵਿਅਕਤੀ ਰੈਸਟੋਰੈਂਟ ਵਿਚ ਦਾਖਲ ਹੋਇਆ ਜਿਸ ਨੇ ਇਕ ਤੌਲੀਏ ਵਿਚ ਗੰਨ ਲਪੇਟੀ ਹੋਈ ਸੀ। ਕੋਪੂ ਨੇ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸ ਵਿਅਕਤੀ ਨੇ ਉਸ ਦੇ ਪਿਛਲੇ ਪਾਸੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਦੋਸ਼ੀ ਦੀ ਪਛਾਣ ਮਾਰਲਿਨ ਮੈਕ ਵਜੋਂ ਹੋਈ ਸੀ ਜਿਸ ਨੇ ਬਾਅਦ ਵਿਚ ਪੁਲਿਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਜਿਸ ਦੌਰਾਨ ਉਸ ਨੇ ਦੌੜਣ ਦੀ ਕੋਸ਼ਿਸ਼ ਕੀਤੀ ਪਰ ਇਸੇ ਦੌਰਾਨ ਉਹ ਪੁਲਿਸ ਹੱਥੋਂ ਮਾਰਿਆ ਗਿਆ। ਪਟੀਸ਼ਨ ਅਨੁਸਾਰ ਕੋਪੂ ਨੂੰ ਮਾਰਨ ਦੇ 8 ਦਿਨਾਂ ਬਾਅਦ ਉਹ ਗੰਨ ਸ਼ਾਪ 'ਤੇ ਗਿਆ ਤੇ ਗੰਨ ਸ਼ਾਪ ਵਾਲਿਆਂ ਨੇ ਉਸ ਦਾ ਅਪਰਾਧਕ ਰਿਕਾਰਡ ਹੋਣ ਦੇ ਬਾਵਜੂਦ ਉਸ ਨੂੰ ਸੈਮੀ ਆਟੋਮੈਟਿਕ ਏ ਕੇ ਸਟਾਈਲ ਪਿਸਤੌਲ ਵੇਚਿਆ ਜੋ ਉਸ ਨੇ ਪੁਲਿਸ ਅਧਿਕਾਰੀਆਂ ਉਪਰ ਹਮਲਾ ਕਰਨ ਲਈ ਵਰਤਿਆ ਸੀ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.






Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਮਰਹੂਮ ਗੁਰਬਚਨ ਸਿੰਘ ਢਿੱਲੋਂ ਦੀ ਯਾਦ ਨਮਿੱਤ ਪਾਠ ਦਾ ਭੋਗ 6 ਅਕਤੂਬਰ ਨੂੰ



**ਫਰੀਮੌਂਟ/ਏਟੀ ਨਿਊਜ਼ :** ਸਿੱਖ ਪੰਚਾਇਤ ਦੇ ਮੋਢੀ ਮੈਂਬਰ ਭਾਈ ਗੁਰਬਚਨ ਸਿੰਘ ਢਿੱਲੋਂ ਦੀ ਪਿਛਲੇ 16 ਦਸੰਬਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ, ਪਰਿਵਾਰ ਵਲੋਂ ਉਨ੍ਹਾਂ ਦੀ ਯਾਦ ਵਿਚ ਆਖੰਡ ਪਾਠ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ 4 ਅਕਤੂਬਰ ਨੂੰ ਆਰੰਭ ਹੋਣਗੇ ਅਤੇ 6 ਅਕਤੂਬਰ ਨੂੰ ਭੋਗ ਪਾਏ ਜਾਣਗੇ। ਸਿੱਖ ਪੰਚਾਇਤ ਦੇ ਸਾਰੇ ਮੈਂਬਰਾਂ ਅਤੇ ਪੰਥਕ ਜਥੇਬੰਦੀਆਂ ਨੂੰ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਛੋਟੇ ਵੀਰ ਹਰਭਜਨ ਸਿੰਘ ਢਿੱਲੋਂ ਨਾਲ 510-552-5929 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ ਲਈ ਮਨਮੋਹਨ ਸਿੰਘ ਨੂੰ ਸੱਦੇਗਾ ਪਾਕਿ

## *ਸਾਬਕਾ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਨਹੀਂ ਕੋਈ ਜਾਣਕਾਰੀ*

**ਇਸਲਾਮਾਬਾਦ/ਏਟੀ ਨਿਊਜ਼ :** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਉਹ 9 ਨਵੰਬਰ ਨੂੰ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਲਈ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਮਨਮੋਹਨ ਸਿੰਘ ਨੂੰ ਸੱਦਾ ਭੇਜਣਗੇ। ਉਨ੍ਹਾਂ ਦਾ ਸਿੱਖ ਭਾਈਚਾਰੇ ਵਿਚ ਚੰਗਾ ਆਦਰ ਮਾਣ ਹੈ ਤੇ ਉਹ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ। ਅਸੀਂ ਉਨ੍ਹਾਂ ਨੂੰ ਲਿਖਤੀ ਸੱਦਾ ਪੱਤਰ ਵੀ ਭੇਜਾਂਗੇ।' ਵਿਦੇਸ਼ ਮੰਤਰੀ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਸਾਰੇ ਸਿੱਖ ਸ਼ਰਧਾਲੂ ਕਰਤਾਰਪੁਰ ਆਉਣ ਅਤੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਜਸ਼ਨਾਂ ਵਿੱਚ ਸ਼ਰੀਕ ਹੋਣ।'



ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਫ਼ਤਰ ਨੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਪਾਕਿਸਤਾਨ ਵੱਲੋਂ ਕੋਈ ਸੱਦਾ ਭੇਜੇ ਜਾਣ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਸੂਤਰਾਂ ਨੇ ਹਾਲਾਂਕਿ ਇਸ਼ਾਰਾ ਕੀਤਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਾਇਦ ਇਸ ਸਮਾਗਮ ਵਿੱਚ ਸ਼ਾਮਲ ਨਾ ਹੋਣ। ਉਧਰ ਕਾਂਗਰਸ ਨੇ ਵੀ ਹਾਲ ਦੀ ਘੜੀ ਇਸ ਮੁੱਦੇ 'ਤੇ ਚੁੱਪੀ ਵੱਟੀ ਹੋਈ ਹੈ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਵਜੋਂ ਆਪਣੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਮਨਮੋਹਨ ਸਿੰਘ ਇਕ ਵਾਰ ਵੀ ਪਾਕਿਸਤਾਨ ਨਹੀਂ ਗਏ। ਇਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਅਭਿਸ਼ੇਕ ਮਨੂ ਸਿੰਘਵੀ ਨੇ ਸਲਾਹ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗਠਿਤ ਸਰਬ-ਪਾਰਟੀ ਵਫ਼ਦ ਨੂੰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਵਿੱਚ ਭੇਜਿਆ ਜਾਵੇ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਏ.ਜੀ.ਪੀ.ਸੀ. ਦੀ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਕੇਂਦਰੀ ਮੰਤਰੀਆਂ ਨਾਲ ਸਿੱਖ ਮਾਮਲਿਆਂ ਬਾਰੇ ਮੁਲਾਕਾਤ





**ਨਿਊਯਾਰਕ/ਬਲਵਿੰਦਰਪਾਲ ਸਿੰਘ ਖਾਲਸਾ :**
ਸੰਯੁਕਤ ਰਾਸਟਰ ਸੰਘ ਦੇ ਮੌਜੂਦਾ ਸੈਸ਼ਨ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਸੰਸਾਰ ਦੇ ਆਗੂਆਂ ਨੂੰ ਸੰਬੋਧਨ ਕਰਨ ਨਿਊਯਾਰਕ ਪਧਾਰੇ ਸਨ। ਇਸ ਵਫਦ ਵਿਚ ਉਨ੍ਹਾਂ ਦੇ ਕਰੀਬੀ ਸਾਥੀ ਮੰਤਰੀ ਵੀ ਸ਼ਾਮਲ ਸਨ।

ਅਮਰੀਕਨ ਗੁਰਦੁਆਰਾ ਪਰਬੰਧਕ ਕਮੇਟੀ ਨੇ ਪਾਕਿਸਤਾਨੀ ਪਰਧਾਨ ਮੰਤਰੀ ਦੇ ਦੋ ਵਿਸ਼ੇਸ਼ ਸਲਾਹਕਾਰ ਮੰਤਰੀਆਂ ਨਾਲ ਮੁਲਾਕਾਤ ਕੀਤੀ। ਪਹਿਲੇ ਮੰਤਰੀ ਜਨਾਬ ਨੀਮਉਲ ਹੱਕ ਹਨ ਜੋ ਪਰਧਾਨ ਮੰਤਰੀ ਦੇ ਵਿਦੇਸ਼ੀ ਰਾਜਨੀਤਕ ਮਾਮਲਿਆਂ ਦੇ ਵਿਸ਼ੇਸ਼ ਸਲਾਹਕਾਰ ਹਨ ਤੇ ਦੂਜੇ ਮੰਤਰੀ ਜੁਲਫਕਾਰ ਹੁਸੈਨ ਬੁਖਾਰੀ ਹਨ ਜੋ ਵਿਦੇਸ਼ਾਂ ਵਿਚ ਰਹਿੰਦੇ ਪਾਕਿਸਤਾਨੀਆਂ ਤੇ ਮਨੁੱਖੀ ਸਰੋਤ ਮੰਤਰਾਲੇ ਦੇ ਪਰਧਾਨ ਮੰਤਰੀ ਦੇ ਵਿਸ਼ੇਸ਼ ਸਲਾਹਕਾਰ ਹਨ। ਤੀਜੇ ਖਾਸ ਦੂਤ ਜਨਾਬ ਫਾਰੂਖ ਅਰਸ਼ਦ ਸਨ, ਜੋ ਪਾਕਿਸਤਾਨ ਤਹਿਰੀਕੇ ਅਨਸਾਫ ਪਾਰਟੀ ਦੇ ਸਕੱਤਰ ਹਨ। ਏਜੀਪੀਸੀ ਦੇ ਸਿੱਖ ਆਗੂਆਂ ਵਿਚ ਡਾ. ਪ੍ਰਿਤਪਾਲ ਸਿੰਘ ਜੋ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਹਨ, ਡਾ. ਅਮਰਜੀਤ ਸਿੰਘ ਸੰਚਾਲਕ ਖਾਲਿਸਤਾਨ ਅਫੇਅਰਜ਼ ਸੈਂਟਰ ਤੇ ਟੀਵੀ 84 ਵਿਚ ਚਲਦੇ ਖਾਸ ਪ੍ਰੋਗਰਾਮ ਸੱਚੋ-ਸੱਚ ਦੇ ਹੋਸਟ, ਯਾਦਵਿੰਦਰ ਸਿੰਘ, ਅਰਵਿੰਦਰ ਸਿੰਘ, ਹਿੰਮਤ ਸਿੰਘ ਸਿੱਖ ਕੋਆਰਡੀਨੇਸ਼ਨ



ਕਮੇਟੀ ਨਿਊਯਾਰਕ ਤੇ ਟੀਵੀ 84 ਦੇ ਬਿਰਤਾਂਤਕਾਰ, ਅਮਰਬੀਰ ਸਿੰਘ ਅਤੇ ਕਿਰਪਾਲ ਸਿੰਘ ਬਲਿੰਗ ਸ਼ਾਮਲ ਸਨ। ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਖਾਸ ਦੂਤਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਪ੍ਰਿਤਪਾਲ ਸਿੰਘ ਨੇ ਕਰਤਾਰਪੁਰ ਸਾਹਿਬ ਕੋਰੀਡੋਰ, ਬਾਬਾ ਗੁਰੂ ਨਾਨਕ ਯੂਨੀਵਰਸਿਟੀ ਨਨਕਾਣਾ ਸਾਹਿਬ, ਪਾਕਿਸਤਾਨ ਵਿਚ ਗੁਰੂ ਨਾਨਕ ਸਾਹਿਬ ਦਾ 550ਵਾਂ ਪਰਕਾਸ਼ ਉਤਸਵ ਮਨਾਉਣ ਤੇ ਉਸ ਨਾਲ ਸਬੰਧਤ ਸਾਰੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਮੰਤਰੀਆਂ ਨੇ ਸਿੱਖ ਵਫਦ ਨੂੰ ਭਰੋਸਾ ਦਿੱਤਾ ਕਿ ਕਰਤਾਰਪੁਰ ਸਾਹਿਬ ਕੋਰੀਡੋਰ ਸੰਪੂਰਨਤਾ ਵੱਲ ਵਧ ਰਿਹਾ ਹੈ ਤੇ ਵਕਤ ਸਿਰ ਪੂਰਾ ਹੋ ਜਾਵੇਗਾ। ਸਿੱਖ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਤਕਲੀਫ ਨਹੀਂ ਆਵੇਗੀ। ਸੜਕਾਂ ਤੇ ਪੁਲ ਬਣ ਚੁੱਕੇ ਹਨ, ਸੰਗਤਾਂ ਦੇ ਰਹਿਣ ਦਾ ਬੰਦੋਬਸਤ ਹੋ ਰਿਹਾ ਹੈ। ਭਾਵੇਂ ਭਾਰਤ ਨਾਲ ਸਬੰਧ ਸੁਖਾਵੇਂ ਨਹੀਂ ਤੇ ਕਸ਼ਮੀਰ ਵਿਚ ਵੀ ਭਾਰਤ 80 ਲੱਖ ਮੁਸਲਮਾਨਾਂ ਨੂੰ ਕਰਫਿਊ ਲਾ ਕੇ ਅੰਦਰ ਡੱਕੀਂ ਬੈਠਾ ਹੈ ਤੇ ਨੌਜਵਾਨਾਂ ਉਤੇ ਜ਼ੁਲਮ ਹੋ ਰਿਹਾ ਹੈ ਪਰ ਬਾਬਾ ਗੁਰੂ ਨਾਨਕ ਸਾਹਿਬ ਦੇ ਸਮਾਗਮ ਸ਼ਾਨਦਾਰ ਹੋਣਗੇ। ਦੋਵੇਂ ਕੇਂਦਰੀ ਮੰਤਰੀਆ ਨੇ ਸਿੱਖ ਵਫਦ ਨੂੰ ਯਕੀਨ ਦਿਤਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਬਾਬਾ ਗੁਰੂ ਨਾਨਕ ਸਾਹਿਬ ਦੇ ਸਮਾਗਮ ਯਾਦਗਾਰੀ ਹੋਣ। ਸਿੱਖ ਵਫਦ ਨੇ ਮੰਤਰੀਆਂ ਨਾਲ ਹੋਈ ਗੱਲਬਾਤ ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

## ਬੰਦੀ ਸਿੱਖਾਂ ਦੀ ਰਿਹਾਈ ਦਾ ਸਿੱਖਸ ਆਫ ਅਮਰੀਕਾ ਵੱਲੋਂ ਸਵਾਗਤ : ਜੱਸੀ ਸਿੰਘ

**ਵਾਸ਼ਿੰਗਟਨ ਡੀਸੀ/ਗਿੱਲ :**
ਸਿੱਖ ਭਾਈਚਾਰੇ ਨੇ ਆਪਣੀ ਫਰੰਟ ਲਾਈਨ ਸੰਸਥਾ ਸਿੱਖਸ ਆਫ ਅਮਰੀਕਾ (ਇੰਕ) ਦੀ ਅਗਵਾਈ ਵਿਚ ਭਾਰਤ ਸਰਕਾਰ ਵੱਲੋਂ ਕੁਝ ਮਾਮਲਿਆਂ ਵਿਚ 3 ਦਹਾਕਿਆਂ ਤੋਂ ਟਾਡਾ ਅਧੀਨ ਭਾਰਤੀ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ।



ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜੱਸੀ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ “ਜਦੋਂ ਅਸੀਂ ਹਿਊਸਟਨ ਵਿਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਯਾਦ ਦਿਵਾਇਆ ਸੀ ਕਿ ਸੰਨ 2014 ਦੇ ਮੈਮੋਰੰਡਮ ਮੁਤਾਬਕ ਸਾਡੀ ਇੱਕ ਮੰਗ ਦਾ ਜਲਦੀ ਜਵਾਬ ਦਿੱਤਾ ਜਾਵੇਗਾ।”
ਉਨ੍ਹਾਂ ਦਿਨਾਂ ਦੀ ਇਕੋ ਇਕ ਮੰਗ ਬਾਕੀ ਸੀ ਕਿ ਸਿੱਖ ਕੈਦੀਆਂ ਨੂੰ ਭਾਰਤੀ ਜੇਲ੍ਹਾਂ ਵਿਚੋਂ ਰਿਹਾਅ ਕਰਨਾ।

ਭਾਰਤ ਸਰਕਾਰ ਨੇ ਪੰਜਾਬ ਵਿਚ ਖਾੜਕੂ ਲਹਿਰ ਦੌਰਾਨ ਕਥਿਤ ਜੁਰਮ ਕਰਨ ਲਈ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਅੱਠ ਸਿੱਖ ਕੈਦੀਆਂ ਨੂੰ ਰਿਹਾ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਨਵੰਬਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਵਸ ਨੂੰ ਇੱਕ ਮਾਨਵਤਾਵਾਦੀ ਨਜ਼ਰੀਏ ਤੋਂ ਭਾਰਤੀ ਜਸ਼ਨਾਂ ਦੇ ਹਿੱਸੇ ਵਜੋਂ ਲੈਣ ਮੌਕੇ ਲਿਆ ਗਿਆ ਹੈ। ਸਿੱਖਸ ਆਫ ਅਮਰੀਕਾ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ ਅਤੇ ਬਲਜਿੰਦਰ ਸਿੰਘ ਨੇ ਭਾਰਤੀ ਕੇਂਦਰੀ ਗ੍ਰਹਿ ਮੰਤਰਾਲੇ ਦਾ ਇਹ ਐਲਾਨ ਕਰਨ ਲਈ ਵੀ ਧੰਨਵਾਦ ਕੀਤਾ ਕਿ ਇੱਕ ਹੋਰ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਹੈ।

ਜੱਸੀ ਸਿੰਘ ਦੀ ਅਗਵਾਈ ਵਿਚ ਸਿੱਖਸ ਆਫ ਅਮਰੀਕਾ ਦਾ ਵਫਦ ਹਿਊਸਟਨ ਵਿਚ ਹਾਉਡੀ ਮੋਦੀ ਦੇ ਆਯੋਜਨ ਤੋਂ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸੀ। ਵਫ਼ਦ ਨੇ ਇਕ ਮੰਗ ਪੱਤਰ ਸੌਂਪਿਆ ਸੀ ਜਿਸ ਵਿਚ ਸਿੱਖ ਕੌਮ ਦੀਆਂ ਮੰਗਾਂ ਸ਼ਾਮਿਲ ਸਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੈਰਾਡਾਈਜ਼ ਬਾਲਰੂਮ ’ਚ ‘ਸਹਾਇਤਾ ਨਾਈਟ ਬੇ ਏਰੀਆ’ ਫੰਡ ਰੇਜ਼ਿੰਗ ਸਮਾਗਮ 6 ਅਕਤੂਬਰ ਨੂੰ

## *ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਹੋਵੇਗਾ ਇਹ ਫੰਡ ਰੇਜ਼ਿੰਗ : ਡਾ. ਸੰਧੂ*

**ਫਰੀਮੌਂਟ/ਏਟੀ ਨਿਊਜ਼ :** ਮਨੁੱਖਤਾ ਦੀ ਇਸ ਵੇਲੇ ਸਭ ਤੋਂ ਵੱਡੀ ਸੇਵਾ ਕਰ ਰਹੀ ਕੈਲੀਫੋਰਨੀਆ ਅਧਾਰਿਤ ‘ਸਹਾਇਤਾ ਸੰਸਥਾ’ ਵਲੋਂ ਇਸ ਵੇਲੇ ਪੰਜਾਬ ਵਿਚ ਹੜ੍ਹ ਪ੍ਰਭਾਵਿਤ, ਦੁਖੀ ਤੇ ਲੋੜਵੰਦ ਪਰਿਵਾਰਾਂ ਦੀ ਦੋਵੇਂ ਹੱਥ ਵਧਾ ਕੇ ਸੇਵਾ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਡਾ. ਹਰਕੇਸ਼ ਸੰਧੂ ਦੀ ਅਗਵਾਈ ਵਾਲੀ ਇਹ ਸੰਸਥਾ ਇਸ ਤੋਂ ਪਹਿਲਾਂ ਪੰਜਾਬ ਵਿਚ ਜਿੱਥੇ ਹਜ਼ਾਰਾਂ ਲੋਕਾਂ ਨੂੰ ਅੱਖਾਂ ਦੀ ਰੌਸ਼ਨੀ ਦੇ ਚੁੱਕੀ ਹੈ ਉੱਥੇ ਲਵਾਰਿਸ, ਅਪੰਗ ਅਤੇ ਨਿਆਸਰੇ ਬੱਚਿਆਂ ਨੂੰ ਸਾਂਭ ਸੰਭਾਲਣ ’ਚ ਵੀ ਲੱਗੀ ਹੋਈ ਹੈ। ਕਰਜ਼ੇ ਨਾਲ ਮਰਨ ਵਾਲੇ ਬਹੁਤ ਸਾਰੇ ਪਰਿਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰਨ ਪੱਖੋਂ ਵੀ ਮਦਦ ਕਰ ਰਹੀ ਹੈ। ਆਪਣੇ ਆਪ ਵਿਚ ਅਨੋਖੀ ਮਿਸਾਲ ਬਣੀ ਇਸ ਸੰਸਥਾ ਲਈ ਇਕ ਵਿਸ਼ੇਸ਼ ਸਮਾਗਮ 6 ਅਕਤੂਬਰ ਦਿਨ ਐਤਵਾਰ ਨੂੰ ਸ਼ਾਮ 5:30 ਤੋਂ ਲੈ ਕੇ ਦੇਰ ਰਾਤ ਤੱਕ ਪੈਰਾਡਾਈਜ਼ ਬਾਲਰੂਮ, 4100 ਪਰਿਆਲਟਾ ਬੁਲੇਵਾਰਡ ਵਿਖੇ ‘ਸਹਾਇਤਾ ਨਾਈਟ ਬੇ ਏਰੀਆ’ ਦੇ ਨਾਮ ਹੇਠ ਕਰਵਾਇਆ ਜਾ ਰਿਹਾ ਹੈ। ਇਸ ਨਾਈਟ ਵਿਚ ਜਿੱਥੇ ਮਨੋਰੰਜਨ ਦੀ ਵਿਵਸਥਾ ਵੀ ਹੋਵੇਗੀ ਉੱਥੇ ਸਹਾਇਤਾ ਸੰਸਥਾ ਵਲੋਂ ਭਾਰਤ ਵਿਚਲੇ ਪ੍ਰੋਜੈਕਟਾਂ ਦੀ ਪੇਸ਼ਕਾਰੀ, ਪੰਜਾਬ ਦੇ ਹੜ੍ਹ ਪ੍ਰਵਾਭਿਤ ਪਰਿਵਾਰਾਂ ਤੇ ਕਰਜ਼ਾਈ ਕਿਸਾਨਾਂ ਦੀ ਕੀਤੀ ਜਾ ਰਹੀ ਸੇਵਾ ਪ੍ਰਤੀ ਪ੍ਰੈਜ਼ੈਂਟੇਸ਼ਨ ਵੀ ਵਿਖਾਈ ਜਾਵੇਗੀ। ਜਿੱਥੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਵਲੋਂ ਇਸ ਮੌਕੇ ’ਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਵੇਗਾ ਉੱਥੇ ਹਾਜ਼ਰ ਸਹਿਯੋਗੀਆਂ ਦੇ ਮਨੋਰੰਜਨ ਦਾ ਵੀ ਪ੍ਰਬੰਧ ਹੋਵੇਗਾ। ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਅਨੁਸਾਰ ਇਸ ਨਾਈਟ ਦੌਰਾਨ ਸਹਾਇਤਾ ਸੰਸਥਾ ਦੀ ਸਮੁੱਚੀ ਕਾਰਜਸ਼ੈਲੀ ਅਤੇ ਕੰਮਾਂ ਬਾਰੇ ਵੀ ਵਿਸਥਾਰ ’ਚ ਚਾਨਣਾ ਪਾਇਆ ਜਾਵੇਗਾ। ਦਾਖਲੇ ਲਈ ਮਾਮੂਲੀ ਐਂਟਰੀ ਫੀਸ ਰੱਖੀ ਗਈ ਹੈ। ਸੋ ਸਹਾਇਤਾ ਸੰਸਥਾ ਵਲੋਂ ਪੰਜਾਬ ਤੇ ਪੰਜਾਬੀਅਤ ਨਾਲ ਹਿਤ ਰੱਖਣ ਵਾਲੇ ਪੰਜਾਬੀਆਂ ਨੂੰ ਇਸ ਨਾਈਟ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ ਹੈ।





# ਪੰਜਾਬੀ ਭਾਈਚਾਰੇ ਵਲੋਂ ਨਸਲਵਾਦੀ ਘਟਨਾਵਾਂ ਸੰਬੰਧੀ ਗਵਰਨਰ ਜੇ. ਇੰਸਲੀ ਨਾਲ ਮੁਲਾਕਾਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਪਿਛਲੇ ਦਿਨੀਂ ਟੈਕਸਸ ਦੇ ਸ਼ਹਿਰ ਹਿਊਸਟਨ ਵਿਚ ਡਿਪਟੀ ਸ਼ੈਰਿਫ਼ ਸੰਦੀਪ ਸਿੰਘ ਧਾਲੀਵਾਲ ਦੀ ਡਿਊਟੀ ਦੌਰਾਨ ਟ੍ਰੈਫਿਕ ਦੀ ਉਲੰਘਣਾ ਕਰਨ ਤੇ ਰੋਕਣ ਕਾਰਨ ਅਚਨਚੇਤ ਪਿਛੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਜਿਸ ਦਾ ਪੰਜਾਬੀ ਭਾਈਚਾਰੇ ਵਲੋਂ ਅਮਰੀਕਾ ਭਰ ਵਿਚ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਇਸ ਸਬੰਧੀ ਭਾਈਚਾਰੇ ਦੇ ਡੈਲੀਗੇਟ ਨੇ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇੰਸਲੀ ਨਾਲ ਮੁਲਾਕਾਤ ਕਰਕੇ ਵਿਚਾਰ ਚਰਚਾ ਕੀਤੀ। ਸੰਦੀਪ ਸਿੰਘ ਧਾਲੀਵਾਲ ਪਗੜੀਧਾਰੀ ਪੁਲਿਸ ਅਫ਼ਸਰ ਸਨ ਜਿਨ੍ਹਾਂ ਨੇ 42 ਸਾਲ ਦੀ ਉਮਰ ਵਿਚ ਸਮਾਜ ਸੇਵੀ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਉਹ ਆਪਣੀ ਸੇਵਾ ਕਰਕੇ ਸਾਰਿਆਂ ਲਈ ਹਰਮਨਪਿਆਰੇ ਸਾਬਤ ਹੋ ਗਏ। ਅਮਰੀਕਾ ਵਿਚ ਪਹਿਲਾਂ ਵੀ ਪਗੜੀਧਾਰੀ ਸਿੱਖਾਂ ਨਾਲ ਵਾਰਦਾਤਾਂ ਵਾਪਰ ਚੁੱਕੀਆਂ ਹਨ। ਗਵਰਨਰ ਨੇ ਪੰਜਾਬੀ ਭਾਈਚਾਰੇ ਦੇ ਵਫ਼ਦ ਕਰਨ ਸਿੰਘ ਸਿੱਧੂ, ਮਨਮੋਹਨ ਸਿੰਘ ਢਿੱਲੋਂ ਤੇ ਜਸਵਿੰਦਰ ਸਿੰਘ ਸੰਧਾਵਾਲੀਆ ਨੂੰ ਭਰੋਸਾ ਦੁਆਇਆ ਕਿ ਵਾਸ਼ਿੰਗਟਨ ਸਟੇਟ ’ਚ ਅਜਿਹੀ ਘਟਨਾ ਨਹੀਂ ਵਾਪਰੇਗੀ। ਸਾਬਕਾ ਪ੍ਰਧਾਨ ਮਨਮੋਹਨ ਸਿੰਘ ਢਿੱਲੋਂ ਨੇ ਸਲਾਹ ਦਿੱਤੀ ਕਿ ਪੰਜਾਬੀ ਭਾਈਚਾਰੇ ਨੂੰ ਦੂਸਰੇ ਧਰਮਾਂ, ਜਾਤਾਂ ਅਤੇ ਰੰਗਾਂ ਦੇ ਲੋਕਾਂ ਵਿਚ ਇਸੇ ਤਰ੍ਹਾਂ ਸ਼ਾਮਲ ਹੋਣਾ ਚਾਹੀਦਾ ਹੈ।



## ਐਨਸੀਆਈਏ ਦੀ ਮੀਟਿੰਗ ’ਚ ਅਹਿਮ ਫ਼ੈਸਲੇ

**ਮੈਰੀਲੈਂਡ/ਗਿੱਲ :** ਐਨਸੀਆਈਏ ਦੀ ਇਕ ਭਰਵੀਂ ਮੀਟਿੰਗ ਜੀਊਲ ਆਫ ਇੰਡੀਆ ਰੈਸਟੋਰੈਂਟ ਵਿਚ ਪਵਨ ਬੈਜਵਾੜਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਰਿਪਬਲਿਕ ਡੇਅ ਮਨਾਉਣ ਦਾ ਫੈਸਲਾ ਲਿਆ ਗਿਆ ਜੋ ਕਿ ਮਾਰਟਿਨ ਵੈਸਟ ਵਿਖੇ ਮਨਾਇਆ ਜਾਵੇਗਾ।ਜ਼ਿਕਰਯੋਗ ਹੈ ਕਿ ਹਾਲੀਡੇ ਡਿਨਰ ਨਵੰਬਰ ਵਿਚ ਕਰਵਾਇਆ ਜਾਵੇਗਾ।ਇਹ ਵੀ ਫੈਸਲਾ ਕੀਤਾ ਕਿ ਗਾਂਧੀ ਦਾ ੧੫੦ ਸਾਲਾ ਜਨਮ ਦਿਨ ਮਨਾਉਣ ਵਾਲੀ ਸੰਸਥਾ ਦੀ ਹਮਾਇਤ ਕੀਤੀ ਜਾਵੇਗੀ। ਅਗਲੀ ਐਗਜੈਕਟਿਵ ਮੀਟਿੰਗ ਅਕਤੂਬਰ ਦੇ ਆਖਰੀ ਹਫ਼ਤੇ ਵਿਚ ਕੀਤੀ ਜਾਵੇਗੀ, ਜਿਸ ਵਿਚ ਨਵੇਂ ਚਿਹਰਿਆਂ ਨੂੰ ਥਾਂ ਦਿੱਤੀ ਜਾਵੇਗੀ। ਕੁਝ ਪੁਜ਼ੀਸ਼ਨਾਂ ਵਿਚ ਤਬਦੀਲੀ ਕੀਤੀ ਜਾਵੇਗੀ।
ਡਾਕਟਰ ਸੁਰਿੰਦਰ ਸਿੰਘ ਗਿੱਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਬਲਜਿੰਦਰ ਸਿੰਘ ਸ਼ੰਮੀ ਨੇ ਰਾਤਰੀ ਭੋਜ ਦਿੱਤਾ।

## ਮਰਹੂਮ ਗਗਨਦੀਪ ਸਿੰਘ ਦੇ ਜਨਮ ਦਿਨ ‘ਤੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ 13 ਅਕਤੂਬਰ ਨੂੰ

**ਲੰਡਨ/ਏਟੀ ਨਿਊਜ਼ :**
ਸ਼੍ਰੋਮਣੀ ਅਕਾਲੀ ਦਲ (ਅ) ਯੂਕੇ. ਰਜਿਸਟਰਡ ਵੂਮਿਨ ਵਿੰਗ ਦੇ ਸੀ: ਮੀ: ਪ੍ਰਧਾਨ ਸਤਿਕਾਰਯੋਗ ਭੈਣ ਜੀ ਬੀਬੀ ਤਜਿੰਦਰ ਕੌਰ ਵੱਲੋਂ ਆਪਣੇ ਬੇਟੇ ਮਰਹੂਮ ਭਾਈ ਗਗਨਦੀਪ ਸਿੰਘ ਦੇ 30ਵੇਂ ਜਨਮ ਦਿਨ ਨੂੰ ਮੁੱਖ ਰੱਖਕੇ 11 ਅਕਤੂਬਰ ਨੂੰ ਵੂਲਿਚ ਗੁਰਦਵਾਰਾ ਸਾਹਿਬ, 1 ਕਾਲਡਰਵੁੱਡ ਸਟਰੀਟ ਲੰਡਨ ਵਿਖੇ ਸ੍ਰੀ ਅਖੰਡ ਪਾਠ ਰਖਵਾਇਆ ਜਾਵੇਗਾ ਜਿਸ ਦਾ ਭੋਗ 13 ਅਕਤੂਬਰ ਵਾਲੇ ਦਿਨ ਪਵੇਗਾ। ਪਾਰਟੀ ਦੇ ਸਕੱਤਰ ਜਨਰਲ ਸਰਬਜੀਤ ਸਿੰਘ ਨੇ ਦੱਸਿਆ ਕਿ ਸਿੱਖ ਟੀਵੀ. ਦੇ ਸੰਸਥਾਪਕ ਭਾਈ ਗਗਨਦੀਪ ਸਿੰਘ ਸਿੱਖ ਕੌਮ ਨੂੰ ਸਮਰਪਿਤ ਗੁਰਸਿੱਖ ਨੌਜਵਾਨ ਸਨ, ਜਿਸ ਦੇ ਹਿਰਦੇ ਵਿੱਚ ਕੌਮੀ ਦਰਦ ਅਤੇ ਕੌਮ ਲਈ ਬਹੁਤ ਕੁੱਝ ਕਰ ਗੁਜ਼ਰਨ ਦੀ ਹਮੇਸ਼ਾ ਤਾਂਘ ਰਹਿੰਦੀ ਪਰ ਅਕਾਲ ਪੁਰਖ ਵਾਹਿਗੁਰੂ ਨੂੰ ਕੁੱਝ ਹੋਰ ਮਨਜ਼ੂਰ ਸੀ, ਜੋ ਭਰ ਜਵਾਨੀ ਵਿੱਚ ਉਸ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ ਦਿੱਤਾ। ਮਰਹੂਮ ਗਗਨਦੀਪ ਸਿੰਘ ਦੀ ਭੈਣ ਬੀਬੀ ਅਮਨਦੀਪ ਕੌਰ ਜੋ ਪਾਰਟੀ ਦੇ ਕਨੂੰਨੀ ਸਲਾਹਕਾਰ ਹਨ, ਤਜਿੰਦਰ ਕੌਰ ਭੈਣ ਜੀ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਗਗਨਦੀਪ ਸਿੰਘ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਦਾ ਯਤਨ ਕਰ ਰਿਹਾ ਹੈ ਅਤੇ ਪਰਿਵਾਰ ਵੱਲੋਂ ਸਮੂਹ ਸੰਗਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੌਰਾਨ ਅਤੇ ਭੋਗ ‘ਤੇ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਗਈ ਹੈ।



HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬਣਾਂ ਦੇ ਚਾਵਾਂ-ਮਲ੍ਹਾਰਾਂ ਦਾ ਸ਼ਾਨਦਾਰ ਜਸ਼ਨ ਬਣਿਆ "ਸੰਦਲੀ ਪੈੜਾਂ"

## ਪੰਜਾਬੀ ਕਲਚਰਲ ਸੈਂਟਰ ਯੂਐਸਏ ਦੇ ਵਿਹੜੇ ਵਹੀਰਾਂ ਘੱਤ ਕੇ ਪੁੱਜੀਆਂ ਹਰ ਉਮਰ ਦੀਆਂ ਬੀਬੀਆਂ

**ਫਰਿਜ਼ਨੋ/ਏਟੀ ਨਿਊਜ਼ :**
ਪੰਜਾਬੀ ਕਲਚਰਲ ਸੈਂਟਰ ਯੂਐਸਏ. ਅਤੇ ਪੰਜਾਬੀ ਰੇਡੀਓ ਯੂਐਸਏ. ਵਲੋਂ ਕਰਵਾਇਆ ਵਿਲੱਖਣ ਪ੍ਰੋਗਰਾਮ "ਸੰਦਲੀ ਪੈੜਾਂ" ਹਰ ਉਮਰ ਦੀਆਂ ਪੰਜਾਬਣਾਂ ਦੇ ਚਾਵਾਂ-ਮਲ੍ਹਾਰਾਂ ਦਾ ਸ਼ਾਨਦਾਰ ਜਸ਼ਨ ਹੋ ਨਿਬੜਿਆ। ਪੰਜਾਬੀ ਰੇਡੀਓ ਯੂਐਸਏ. ਦੇ ਫਰਿਜ਼ਨੋ ਸਟੂਡੀਓ 2125 ਐਨ ਬਾਰਟਨ ਐਵੇਨਿਊ ( 2125 N Barton Ave Fresno CA 93703 ) ਦੇ ਵਿਹੜੇ ਵਿਚ ਕਰਵਾਏ ਇਸ ਸਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਨਣ ਲਈ ਹਰ ਉਮਰ ਦੀਆਂ ਪੰਜਾਬਣਾਂ ਵਹੀਰਾਂ ਘੱਤ ਕੇ ਪੁੱਜੀਆਂ। 29 ਸਤੰਬਰ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ 6:00 ਵਜੇ ਤਕ ਚੱਲੇ ਇਸ ਪ੍ਰੋਗਰਾਮ ਦੌਰਾਨ ਹਰ ਉਮਰ ਦੀਆਂ ਪੰਜਾਬਣਾਂ ਦਾਦੀਆਂ, ਨਾਨੀਆਂ, ਮਾਵਾਂ, ਧੀਆਂ, ਭੈਣਾਂ, ਮੁਟਿਆਰਾਂ ਤੇ ਬੱਚੀਆਂ ਨੇ ਪੰਜਾਬੀ ਵਿਰਸੇ ਦੇ ਵੱਖ-ਵੱਖ ਰੂਪਾਂ ਦੀ ਪੇਸ਼ਕਾਰੀ ਨਾਲ ਖੂਬ ਰੌਣਕਾਂ ਲਾਈਆਂ। ਉਨ੍ਹਾਂ ਨੇ ਗੀਤ ਸੰਗੀਤ ਅਤੇ ਰਵਾਇਤੀ ਲੋਕ ਨਾਚ ਗਿੱਧੇ ਨਾਲ ਪੰਜਾਬੀ ਕਲਚਰਲ ਸੈਂਟਰ ਦੇ ਖ਼ੂਬਸੂਰਤ ਢੰਗ ਨਾਲ ਸਜਾਏ ਹਰੇ-ਭਰੇ ਪਾਰਕ ਦੀ ਫਿਜ਼ਾ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗੀ ਰੱਖਿਆ।

ਪ੍ਰੋਗਰਾਮ ਦੀ ਰੂਹੇ ਰਵਾਂ ਬੀਬੀ ਬਲਵਿੰਦਰ ਕੌਰ ਦੀ ਅਗਵਾਈ ਹੇਠ ਉੱਘੀ ਗਾਇਕਾ ਤੇ ਜਾਣੀ ਪਛਾਣੀ ਰੇਡੀਓ ਹੋਸਟ ਜੋਤ ਰਣਜੀਤ ਕੌਰ ਅਤੇ ਆਪਣੀ ਸੁਰੀਲੀ ਆਵਾਜ਼ ਸਦਕਾ ਸਰੋਤਿਆਂ ਦੇ ਮਨਾਂ 'ਚ ਵਿਸ਼ੇਸ਼ ਸਥਾਨ ਰੱਖਣ ਵਾਲੀ ਰਾਣੀ ਕਾਹਲੋਂ ਨੇ ਪ੍ਰੋਗਰਾਮ ਦੀ ਸਮੁੱਚੀ ਕਾਰਵਾਈ ਨੂੰ ਬੜੇ ਦਿਲਚਸਪ ਲਹਿਜ਼ੇ ਵਿੱਚ ਵਿਉਂਤਬੰਦ ਕਰਕੇ ਚਲਾਇਆ। ਸਭ ਤੋਂ ਪਹਿਲਾਂ ਰਾਣੀ ਕਾਹਲੋਂ ਨੇ

ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਸਵਾਗਤੀ ਗੀਤ 'ਉਡੀਕਾਂ ਭੈਣ ਕਰੇ ਨਾਨਕ ਵੀਰ ਦੀਆਂ





ਸਾਰੀ ਦੁਨੀਆ ਦੇ ਸਾਂਝੇ ਪੀਰ ਦੀਆਂ' ਨਾਲ ਸ਼ੁਰੂਆਤ ਕੀਤੀ

ਬੀਬੀਆਂ ਦੀ ਪਲ ਪਲ ਵਧਦੀ ਉਤਸੁਕਤਾ ਨੂੰ ਵੇਖਦਿਆਂ ਜੋਤ ਰਣਜੀਤ ਨੇ ਸਭਨਾ ਦਾ ਮਿੱਠੇ ਤੇ ਮੋਹ ਭਰੇ ਸ਼ਬਦਾਂ ਨਾਲ ਸੁਆਗਤ ਕਰਦਿਆਂ ਬਜ਼ੁਰਗ ਬੀਬੀ ਸੁਰਜੀਤ ਕੌਰ ਸੰਘਾ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ 'ਨਿੱਕੀ ਨਿੱਕੀ ਕਣੀ ਵੇ ਨਿੱਕਿਆ ਮੀਂਹ ਪਿਆ ਵਰ੍ਹੇ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ' ਲੋਕ ਗੀਤ ਸੁਹਾਗ ਗਾ ਕੇ ਵਿਆਹ ਵਾਲਾ ਮਾਹੌਲ ਸਿਰਜਣ ਦੀ ਪਹਿਲ ਕੀਤੀ। ਉਸ ਤੋਂ ਬਾਅਦ ਅਖਾੜਾ ਮਘਣ ਲੱਗਾ। ਲੋਕ ਗੀਤ ਤੇ ਹੋਰ ਵੰਨਗੀਆਂ ਪੇਸ਼ ਕਰਨ ਵਾਲੀਆਂ ਵਿੱਚ ਸੁਰਜੀਤ ਕੌਰ-ਗੁਰਮੀਤ ਕੌਰ, ਬਲਜੀਤ ਕੌਰ-ਦਲਜੀਤ ਕੌਰ, ਤਰਸੇਮ ਕੌਰ-ਗੁਰਦੀਪ ਕੌਰ, ਦਲਜੀਤ ਕੌਰ-ਰਾਜ ਕੌਰ ਦੀਆਂ ਜੋੜੀਆਂ ਤੋਂ ਇਲਾਵਾ ਕੁਲਦੀਪ ਕੌਰ, ਹਰਿੰਦਰ ਕੌਰ ਰੰਧਾਵਾ, ਇੰਦਰਜੀਤ ਕੌਰ, ਪਰਮ ਧੰਜਲ ਤੇ ਰੁਪਿੰਦਰ ਸੰਧੂ ਸ਼ਾਮਲ ਸਨ।

ਦਵਿੰਦਰ ਸੰਘਾ ਦੀ ਟੀਮ ਦੀਪੀ ਤੇ ਦਿਲਪ੍ਰੀਤ ਕੌਰ ਦਾ ਪੰਜਾਬੀ ਬੋਲੀ ਸਬੰਧੀ ਸਕਿੱਟ ਵਧੀਆ ਰਿਹਾ।

ਗਿੱਧੇ ਦੇ ਪਿੜ ਵਿੱਚ ਧਰਤੀ ਹਿਲਾਉਣ ਵਾਲੀਆਂ ਵਿੱਚ ਮੁੱਖ ਤੌਰ ਉੱਤੇ ਅਨੁਭਵ ਮਾਨ, ਦਵਿੰਦਰ ਕੌਰ ਸੰਘਾ, ਦਿਲਪ੍ਰੀਤ ਕੌਰ, ਸਿਮਰਨ ਕੌਰ, ਨੀਤੂ ਕੌਰ, ਜੱਸੀ ਮਾਨ ਅਤੇ ਬੇਅ ਏਰੀਆ ਤੋਂ ਬੜੇ ਉਤਸ਼ਾਹ ਨਾਲ ਪੁੱਜੀਆਂ ਸੁਖਨਿੰਦਰ ਕੌਰ ਭੰਗਲ, ਜਗਦੀਸ਼ ਕੌਰ, ਭੂਪਿੰਦਰ ਕੌਰ ਯੂਬਾ ਸਿਟੀ ਅਤੇ ਹੋਰਨਾਂ ਨੇ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ।

ਬੱਚਿਆਂ ਦੀਆਂ ਟੀਮਾਂ ਵਿੱਚ ਮਹਿਕਜੋਤ ਕੌਰ-ਅਨਮੋਲ ਕੌਰ, ਸਰੀਨ ਬੱਸੀ-ਈਸ਼ਾ ਸਿੱਧੂ, ਜਸਲੀਲ ਕੌਰ ਉੱਪਲ-ਗੁਰਨੂਰ ਕੌਰ ਉੱਪਲ ਅਤੇ ਹਰਗੁਣ ਕੌਰ ਮਨੇਸ਼ ਨੇ ਆਪੋ ਅਪਣੀ ਕਲਾ ਰਾਹੀਂ ਸਭ ਦਾ ਮਨੋਰੰਜਨ ਕੀਤਾ।

ਪ੍ਰੋਗਰਾਮ ਦੌਰਾਨ ਬਹੁਤੀਆਂ ਬੀਬੀਆਂ ਨੇ ਜੋੜੀ ਦੇ ਰੂਪ ਵਿੱਚ ਪੰਜਾਬੀ ਲੋਕ ਗੀਤਾਂ ਦੇ ਜਿਹੜੇ ਰੂਪ ਆਪਣੀਆਂ ਦਿਲ ਖਿਚਵੀਆਂ ਤੇ ਮਿੱਠੀਆਂ ਆਵਾਜਾਂ ਵਿੱਚ ਗਾਏ, ਉਨ੍ਹਾਂ ਵਿੱਚ ਲੋਰੀਆਂ, ਸੁਹਾਗ, ਸਿੱਠਣੀਆਂ, ਵਿਆਹ ਦੇ ਗੀਤ ਤੇ ਬਾਲ ਗੀਤ ਸ਼ਾਮਲ ਸਨ। ਪ੍ਰੋਗਰਾਮ ਦਾ ਸਿਖ਼ਰ ਤੇ ਖ਼ਾਸ ਖਿੱਚ ਦਾ ਕੇਂਦਰ ਸਦਾ ਵਾਂਗ ਰਵਾਇਤੀ ਗਿੱਧਾ ਸੀ। ਵੇਖਣ ਵਾਲੀ ਗੱਲ ਇਹ ਸੀ ਕਿ ਪ੍ਰੋਗਰਾਮ ਦੇ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਬੇਅ ਏਰੀਆ, ਸਟਾਕਟਨ, ਸੈਕਰਾਮੈਂਟੋ, ਯੂਬਾ ਸਿਟੀ ਤੇ ਬੇਕਰਜ਼ਫੀਲਡ ਸਮੇਤ ਦੂਰ ਦੁਰਾਡੀਆਂ ਥਾਵਾਂ ਤੋਂ ਬੀਬੀਆਂ ਪੰਜਾਬੀ ਕਲਚਰਲ ਸੈਂਟਰ ਦੇ ਵਿਹੜੇ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ।

ਖ਼ੂਬਸੂਰਤ ਰਵਾਇਤੀ ਕਢਾਈ ਦੇ ਨਮੂਨਿਆਂ ਵਾਲੇ ਬਾਗ਼ਾਂ, ਫੁੱਲਕਾਰੀਆਂ, ਦਰੀਆਂ, ਚਾਦਰਾਂ, ਸਿਰਹਾਣੇ, ਖੇਸ-ਖੇਸੀਆਂ, ਚਰਖੇ, ਪੱਖੀਆਂ, ਰਵਾਇਤੀ ਭਾਂਡਿਆਂ ਤੇ ਝੋਲਿਆਂ ਦੀ ਨੁਮਾਇਸ਼ ਨੂੰ ਸਭਨਾਂ ਨੇ ਖ਼ਾਸ ਦਿਲਚਸਪੀ ਨਾਲ ਵੇਖਿਆ। ਇਸ ਨੁਮਾਇਸ਼ ਵਿੱਚ ਮਾਤਾ ਹਰਨਾਮ ਕੌਰ ਹੱਲੂਵਾਲ, (ਮਰਹੂਮ) ਇਕਬਾਲ ਕੌਰ ਫਰਿਜ਼ਨੋ, ਮਨਜੀਤ ਕੌਰ ਫਰਿਜ਼ਨੋ, ਸਰਬਜੀਤ ਕੌਰ ਫਰਿਜ਼ਨੋ, ਰਾਮ ਪਿਆਰੀ ਫਰਿਜ਼ਨੋ, ਇੰਦਰਜੀਤ ਕੌਰ ਫਰਿਜ਼ਨੋ, ਪ੍ਰਿਤਪਾਲ ਕੌਰ ਸੈਨ ਹੋਜ਼ੇ ਤੇ ਹਰਜੀਤ ਕੌਰ ਜਲੰਧਰ ਦਾ ਉਚੇਚਾ ਯੋਗਦਾਨ ਰਿਹਾ।

ਦਰੱਖ਼ਤਾਂ ਦੀ ਬੁੱਕਲ ਵਿੱਚ ਰੀਝਾਂ ਨਾਲ ਪਾਈਆਂ ਅਤੇ ਸਜਾਈਆਂ ਪੀਘਾਂ ਉਤੇ ਝੂਟਣ ਦੀਆਂ ਚਾਹਵਾਨ ਮੁਟਿਆਰਾਂ ਤੇ ਬੱਚੀਆਂ ਨੂੰ ਲੰਮਾ ਸਮਾਂ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ। ਬੱਚੇ ਸਾਰਾ ਸਮਾਂ ਅੰਗਰੇਜੀ ਝੂਲੇ (ਬਾਊਂਸਰ) ਦਾ ਮਜ਼ਾ ਲੈਣ 'ਚ ਮਸਤ ਰਹੇ।

ਬੀਬੀਆਂ ਦੇ ਸੂਟਾਂ, ਗਹਿਣਿਆਂ, ਹਾਰ ਸਿੰਦੀਆਂ ਵਸਤਾਂ ਦੀ ਵਿਕਰੀ ਵਾਸਤੇ ਜੱਸੀ ਕੌਰ (ਤਨਵੀ ਬੁਟੀਕ) , ਗੁਰਜੀਤ ਕੌਰ (ਜੀ ਐਂਡ ਪੀ ਜਿਊਲਰੀ) ਅਤੇ ਹਰਪ੍ਰੀਤ ਕੌਰ ਸੰਗਰ ਵਲੋਂ ਲਾਏ ਸਟਾਲਾਂ ਉੱਤੇ ਵੀ ਵਾਹਵਾ ਰੌਣਕਾਂ ਸਨ। ਬਲਦੇਵ ਸਿੰਘ ਦੀਆਂ ਖੋਆ ਕੁਲਫ਼ੀਆਂ ਅਤੇ ਕਰੀ ਹਾਊਸ ਫਰਿਜ਼ਨੋ ਦੇ ਪਕਵਾਨਾਂ ਦੇ ਸਟਾਲ ਉੱਤੋਂ ਛੋਲੇ ਭਟੂਰਿਆਂ, ਚਿੱਲੀ ਚਿੱਕਨ, ਮੱਛੀ ਦੇ ਪਕੌੜੇ, ਮਾਲ ਪੂੜੇ ਤੇ ਖੀਰ ਖਾਣ ਦੇ ਸ਼ੌਕੀਨਾਂ ਨੇ ਭੀੜ ਕੀਤੀ ਹੋਈ ਸੀ।

ਪ੍ਰੋਗਰਾਮ ਕੇਵਲ ਬੀਬੀਆਂ ਦਾ ਹੋਣ ਕਾਰਨ ਬਹੁ ਗਿਣਤੀ ਬੀਬੀਆਂ ਖੁਦ ਹੀ ਕਾਰਾਂ ਚਲਾਂ ਕੇ ਪੁੱਜੀਆਂ। ਪਰ ਕੁਝ ਕੁ ਬੀਬੀਆਂ ਨੂੰ ਛੱਡਣ ਆਉਣ ਵਾਲਿਆਂ ਲਈ ਪੰਜਾਬੀ ਕਲਚਰਲ ਸੈਂਟਰ ਦੀ ਹਰਮਨ-ਪਿਆਰੀ ਛੰਨ ਵਿੱਚ ਖਾਣ-ਪੀਣ ਦਾ ਪ੍ਰਬੰਧ ਸੀ। ਉਚੇਚਾ ਸੱਦੇ ਉੱਤੇ ਪੁੱਜੇ ਅਤੇ ਪੰਜਾਬੀ ਕਲਚਰਲ ਸੈਂਟਰ ਦੇ ਪਰਿਵਾਰਕ ਮੈਂਬਰ ਤੇ ਰਹਿਨੁਮਾ ਡਾ. ਗੁਰੂਮੇਲ ਸਿੱਧੂ ਦੀ ਅਗਵਾਈ 'ਚ ਜੁੜੀ ਮਹਿਫ਼ਲ ਵਿੱਚ ਸਿੱਖ ਧਰਮ, ਪੰਜਾਬੀਅਤ, ਕੈਲੀਫੋਰਨੀਆ 'ਚ ਸਿੱਖਾਂ ਦੀ ਆਮਦ, ਸਮਾਜਿਕ ਸਰਗਰਮੀਆਂ ਅਤੇ ਮੌਜੂਦਾ ਹਾਲਾਤ ਸਬੰਧੀ ਗਿਆਨ ਭਰਪੂਰ ਗੱਲਬਾਤ ਦਾ ਲਾਹਾ ਲੈਣ ਵਾਲਿਆਂ ਵਿੱਚ ਕਲਚਰਲ ਸੈਂਟਰ ਦੇ ਪ੍ਰੋਗਰਾਮਾਂ ਦੀ ਹਮੇਸ਼ਾਂ ਰੌਣਕ ਵਧਾਉਣ ਵਾਲੇ ਮਨਜੀਤ ਸਿੰਘ ਦੀਵਾਨਾ, ਸੁਰਿੰਦਰ ਸਿੰਘ ਸੰਘਾ, ਪੰਜਾਬੋਂ ਆਏ ਗੁਰਸ਼ਰਨ ਸਿੰਘ ਜਲੰਧਰ-ਰਈਆ ਵਾਲੇ, ਰਣਬੀਰ ਸਿੰਘ ਗਿੱਲ ਜਗਰਾਵਾਂ, ਚਰਨਜੀਤ ਸਿੰਘ ਸਹੋਤਾ, ਨਿੰਦਰ ਸਿੰਘ ਤੇ ਬਲਰਾਜ ਸਿੰਘ ਧਾਲੀਵਾਲ ਸ਼ਾਮਲ ਸਨ।

ਫੋਟੋ ਦੀ ਸੇਵਾ Day and Night Photography Fresno ਵਾਲੇ ਪਰਮਜੀਤ ਸਿੰਘ ਮੋਂਡ ਨੇ ਕੀਤੀ।

ਪ੍ਰੋਗਰਾਮ ਨੂੰ ਵਿਊਂਤਬੰਦ ਕਰਨ ਤੇ ਨੇਪਰੇ ਚਾੜ੍ਹਣ ਵਾਲੀ ਟੀਮ ਵਿੱਚ ਹਰਜੋਤ ਸਿੰਘ ਖਾਲਸਾ, ਦਲਜੀਤ ਸਿੰਘ ਸਰਾਂ, ਦਿਲਪ੍ਰੀਤ ਸਿੰਘ, ਸਰੀ ਤੋਂ ਉਚੇਚਾ ਪੁੱਜੀ ਰੂਪੀ, ਸੈਨ ਹੋਜ਼ੇ ਤੋਂ ਅਮਨਜੋਤ ਕੌਰ ਧਾਮੀ, ਜਸਕਰਨ ਕੌਰ ਧਾਮੀ, ਸਿੱਮੀ ਹੇਅਰ ਸ਼ਾਮਲ ਸਨ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਭਾਜਪਾ ਬਣਾ ਰਹੀ ਹੈ ਹਿੰਦੀ ਨੂੰ ਭਗਵੇਂਵਾਦ ਦੀ ਭਾਸ਼ਾ



ਪ੍ਰੋ. ਬਲਵਿੰਦਰਪਾਲ ਸਿੰਘ

- ਅਮਿਤ ਸ਼ਾਹ ਨੇ ਬਿਆਨ ਵਾਪਸ ਲਿਆ ਪਰ ਭਾਜਪਾ ਦਾ ਅੰਦਰੂਨੀ ਏਜੰਡਾ ਕਾਇਮ
- ਹਿੰਦੂਤਵ ਮੁਤਾਬਕ ਇਕ ਸਭਿਆਚਾਰ, ਇਕ ਬੋਲੀ ਸਿਰਜ ਕੇ ਵੰਨ ਸੁਵੰਨੇ ਖਿੱਤਿਆਂ, ਸਭਿਅਤਾ, ਤੇ ਭਾਸ਼ਾਵਾਂ ਦਾ ਪਾਇਆ ਜਾਵੇਗਾ ਭੋਗ
- ਹਿੰਦੀ ਭਾਸ਼ਾਈ ਏਜੰਡਾ ਜ਼ਬਰਦਸਤੀ ਠੋਸਣਾ ਬਣ ਸਕਦਾ ਹੈ ਖਾਨਾਜੰਗੀ ਦਾ ਕਾਰਨ
- ਭਾਜਪਾ ਹਿੰਦੂ ਵੋਟ ਨੂੰ ਆਪਣੇ ਲਈ ਸੁਰੱਖਿਅਤ ਕਰਨ ਲਈ ਅਪਣਾ ਰਹੀ ਹੈ ਫਿਰਕੂਵਾਦ

ਲੰਘੀ 14 ਸਤੰਬਰ ਨੂੰ ਭਾਜਪਾ ਦੇ ਰਾਸ਼ਟਰੀ ਮੁਖੀ ਤੇ ਕੇਂਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦੀ ਜ਼ਰੂਰਤ ਉੱਤੇ ਬਲ ਦਿੱਤਾ ਸੀ। ਅਮਿਤ ਸ਼ਾਹ ਨੇ ਕਿਹਾ ਸੀ ਕਿ ਭਾਰਤ ਵੱਖ ਵੱਖ ਭਾਸ਼ਾਵਾਂ ਦਾ ਦੇਸ ਹੈ ਤੇ ਹਰ ਭਾਸ਼ਾ ਦਾ ਆਪਣਾ ਮਹੱਤਵ ਹੈ। ਪਰੰਤੂ ਪੂਰੇ ਦੇਸ ਦੀ ਇਕ ਭਾਸ਼ਾ ਦਾ ਹੋਣਾ ਅਤਿਅੰਤ ਜ਼ਰੂਰੀ ਹੈ ਤਾਂ ਜੋ ਵਿਸ਼ਵ ਵਿਚ ਭਾਰਤ ਦੀ ਵਿਸ਼ੇਸ਼ ਪਛਾਣ ਬਣ ਸਕੇ। ਅੱਜ ਦੇਸ ਨੂੰ ਏਕਤਾ ਦੀ ਡੋਰ ਵਿਚ ਬੰਨ੍ਹਣ ਦਾ ਕੰਮ ਸਿਰਫ ਹਿੰਦੀ ਭਾਸ਼ਾ ਕਰ ਸਕਦੀ ਹੈ। ਅਮਿਤ ਸ਼ਾਹ ਦੇ ਇਸ ਬਿਆਨ 'ਤੇ ਉੱਤਰ ਤੋਂ ਦੱਖਣ ਤੱਕ ਤੇ ਪੂਰਬ ਤੋਂ ਪੱਛਮ ਤੱਕ ਸਾਰੇ ਦਲਾਂ ਦੇ ਨੇਤਾਵਾਂ ਨੇ ਤਿੱਖਾ ਪ੍ਰਤੀਕਰਮ ਕੀਤਾ। ਡੀਐਮਕੇ ਦੇ ਮੁਖੀ ਐਮ ਕੇ ਸਟਾਲਿਨ ਨੇ ਕਿਹਾ ਸੀ ਕਿ ਇਹ ਬਿਆਨ ਦੇਸ ਨੂੰ ਤੋੜਨ ਵਾਲਾ ਤੇ ਫਾਸ਼ੀਵਾਦੀ ਹੈ। ਅਸੀਂ ਹਿੰਦੀ ਨੂੰ ਥੋਪੇ ਜਾਣ ਦਾ ਲਗਾਤਾਰ ਵਿਰੋਧ ਕਰ ਰਹੇ ਹਾਂ। ਗ੍ਰਹਿ ਮੰਤਰੀ ਦੀ ਟਿੱਪਣੀ ਦੇਸ ਨੂੰ ਤੋੜਨ ਵਾਲੀ ਹੈ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਸ਼ਾਹ ਦੇ ਬਿਆਨ ਦੀ ਆਲੋਚਨਾ ਕੀਤੀ। ਮਮਤਾ ਬੈਨਰਜੀ ਨੇ ਹਿੰਦੀ ਦਿਵਸ 'ਤੇ ਸਭ ਨੂੰ ਵਧਾਈ ਦਿੱਤੀ, ਪਰ ਇਹ ਕਹਿ ਕੇ ਸਾਵਧਾਨ ਵੀ ਕੀਤਾ ਕਿ ਗ੍ਰਹਿ ਮੰਤਰੀ ਦਾ ਬਿਆਨ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨਾਲ ਖਿਲਵਾੜ ਕਰਨ ਵਾਲਾ ਹੈ। ਵੱਖ-ਵੱਖ ਸਭਿਆਚਾਰਾਂ ਤੇ ਭਾਸ਼ਾਵਾਂ ਨੂੰ ਦਬਾਇਆ ਨਹੀਂ ਜਾ ਸਕਦਾ।

ਅਮਿਤ ਸ਼ਾਹ ਉੱਪਰ ਸਭ ਤੋਂ ਗੰਭੀਰ ਵਿਚਾਰਧਾਰਕ ਹਮਲਾ ਅਸਦੁਦੀਨ ਓਵੈਸੀ ਨੇ ਕੀਤਾ। ਓਵੈਸੀ ਨੇ ਕਿਹਾ ਕਿ ਹਿੰਦੀ ਹਰ ਭਾਰਤੀ ਦੀ ਮਾਂ ਬੋਲੀ ਨਹੀਂ। ਭਾਰਤ ਦੀ ਸੰਵਿਧਾਨਕ ਧਾਰਾ 29 ਹਰ ਭਾਰਤੀ ਨੂੰ ਆਪਣੀ ਅਲੱਗ ਭਾਸ਼ਾ ਤੇ ਸੰਸਕ੍ਰਿਤੀ ਦਾ ਅਧਿਕਾਰ ਦਿੰਦੀ ਹੈ।

ਸ਼ਾਹ ਦਾ ਇਹ ਬਿਆਨ ਸਿਰਫ ਹਿੰਦੀ ਭਾਸ਼ਾ ਦੇ ਸਮਰਥਨ ਵਿਚ ਨਹੀਂ ਦਿੱਤਾ ਗਿਆ, ਇਸ ਦਾ ਏਜੰਡਾ ਭਾਜਪਾ ਦਾ ਵੋਟ ਬੈਂਕ ਸੁਰੱਖਿਅਤ ਰੱਖਣਾ ਤੇ ਦੂਸਰੀਆਂ ਵਿਰੋਧੀ ਪਾਰਟੀਆਂ ਦਾ ਵਜੂਦ ਖਤਮ ਕਰਨਾ ਹੈ। ਇਸ ਤੱਥ ਨੂੰ ਲਗਭਗ ਹਰ ਸਮਝਦਾਰ ਵਿਅਕਤੀ ਜਾਣਦਾ ਹੈ ਕਿ ਏਨੇ ਸਾਲਾਂ ਬਾਅਦ ਹਿੰਦੀ ਵਿਚਾਰ ਵਟਾਂਦਰੇ ਦੀ ਭਾਸ਼ਾ ਵੀ ਨਹੀਂ ਬਣ ਸਕੀ। ਇਹ ਰੁਜ਼ਗਾਰ ਦੇਣ ਵਾਲੀ ਭਾਸ਼ਾ ਵੀ ਨਹੀਂ ਬਣ ਸਕੀ। ਵਿਗਿਆਨ, ਟੈਕਨਾਲੋਜੀ ਭਾਸ਼ਾ ਵੀ ਨਹੀਂ ਬਣੀ। ਏਨਾ ਹੀ ਨਹੀਂ, ਦਸ ਰਾਜਾਂ ਤੇ 50 ਕਰੋੜ ਤੋਂ ਜ਼ਿਆਦਾ ਵਿਅਕਤੀਆਂ ਦੁਆਰਾ ਬੋਲੀ ਜਾਣ ਵਾਲੀ ਬੋਲੀ ਭਾਸ਼ਾ ਹਿੰਦੀ ਵਿਚ ਇਕ ਲੇਖਕ ਤੇ ਪੱਤਰਕਾਰ ਅਜਿਹਾ ਨਹੀਂ ਹੈ, ਜੋ ਹਿੰਦੀ ਵਿਚ ਲਿਖ, ਪੜ੍ਹ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਸਕੇ। ਫਿਰ ਸੁਆਲ ਇਹੀ ਹੈ ਕਿ ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਏ ਜਾਣ ਦਾ ਤਰਕ ਕਿਉਂ ਦਿੱਤਾ ਜਾ ਰਿਹਾ ਹੈ?

ਹਿੰਦੀ ਨੂੰ ਰਾਸ਼ਟਰ ਭਾਸ਼ਾ ਬਣਾਏ ਜਾਣ ਦਾ ਤਰਕ ਲਗਭਗ ਸੌ ਸਾਲ ਪੁਰਾਣਾ ਹੈ। ਗਾਂਧੀ ਨੇ ਇਸ ਸੋਚ ਨੂੰ ਪ੍ਰਗਟਾਇਆ ਸੀ ਕਿ ਹਿੰਦੀ ਦੇਸ ਦੀ ਮਾਂ ਬੋਲੀ ਬਣਨੀ ਚਾਹੀਦੀ ਹੈ। ਰਾਜ ਗੋਪਾਲ ਅਚਾਰੀਆ ਨੇ ਨਾ ਸਿਰਫ ਇਸ ਨੂੰ ਦੁਹਰਾਇਆ, ਬਲਕਿ 1937 ਵਿਚ ਮਦਰਾਸ ਪ੍ਰੈਜ਼ੀਡੈਂਸੀ ਵਿਚ ਹਿੰਦੀ ਨੂੰ ਜ਼ਰੂਰੀ ਵਿਸ਼ੇ ਤੇ ਤੌਰ 'ਤੇ ਸ਼ਾਮਲ ਵੀ ਕਰ ਲਿਆ ਸੀ। ਇਸ ਦਾ ਵਿਰੋਧ ਸੀਐਨ ਅੰਨਾ ਦੁਰਈ ਤੇ ਈਵੀ ਰਾਮਾਸੁਆਮੀ ਪੈਰੀਅਰ ਨੇ ਉਸੇ ਸਮੇਂ ਕੀਤਾ ਸੀ, ਜਿਸ ਵਿਚ ਬਾਅਦ ਦੇ ਦਿਨਾਂ ਦੌਰਾਨ ਕਰੁਣਾਨਿਧੀ ਵੀ ਸ਼ਾਮਲ ਹੋਏ ਸਨ। ਹਿੰਦੀ ਨੂੰ ਲੈ ਕੇ ਸੰਵਿਧਾਨ ਸਭਾ ਵਿਚ ਇਕ ਲੰਬੀ ਬਹਿਸ ਹੋਈ ਸੀ। ਤਰਕ ਇਹ ਦਿੱਤਾ ਗਿਆ ਕਿ ਹਿੰਦੀ ਦੇਸ ਦੇ ਕਈ ਰਾਜਾਂ ਵਿਚ ਬੋਲੀ ਜਾਂਦੀ ਹੈ, ਇਸ ਲਈ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਬਣਾਇਆ ਜਾਣਾ ਚਾਹੀਦਾ ਹੈ। ਡੀਐਮਕੇ ਬਣਨ ਤੋਂ ਪਹਿਲਾਂ ਹੀ ਨਿੱਜੀ ਤੌਰ 'ਤੇ ਹਿੰਦੀ ਅੰਦੋਲਨ ਦਾ ਪੈਰੀਆਰ ਵਿਰੋਧ ਕਰ ਰਹੇ ਸਨ। ਹਿੰਦ ਭਾਸ਼ਾ ਦੇ ਵਿਰੁੱਧ ਤਰਕ ਨਾਲ ਜੁਆਬ ਦਿੰਦੇ ਹੋਏ ਅੰਨਾ ਦੁਰੈ ਨੇ 1963 ਦੌਰਾਨ ਕਿਹਾ ਸੀ ਕਿ ਜੇਕਰ ਗਿਣਤੀ ਹੀ ਫੈਸਲਾ ਕਰੇਗੀ ਕਿ ਰਾਸ਼ਟਰ ਭਾਸ਼ਾ ਕੀ ਹੈ ਤਾਂ ਮੋਰ ਦੀ ਜਗ੍ਹਾ ਕਾਂ ਨੂੰ ਰਾਸ਼ਟਰੀ ਪੰਛੀ ਐਲਾਨ ਦੇਣਾ ਚਾਹੀਦਾ ਹੈ।

ਹਿੰਦੀ ਭਾਸ਼ਾ ਦੇ ਹੱਕ ਵਿਚ ਭਾਜਪਾ ਤੇ ਸੰਘ ਪਰਿਵਾਰ ਵਲੋਂ ਜੋ ਮੁਹਿੰਮ ਚਲਾਈ ਜਾ ਰਹੀ ਹੈ, ਉਹ ਹਿੰਦੂ ਰਾਸ਼ਟਰਵਾਦ ਦੀ ਤਿਆਰੀ ਤੇ ਵਿਰੋਧੀ ਪਾਰਟੀਆਂ ਦੀ ਹੋਂਦ ਮਿਟਾਉਣ ਖੇਤਰੀ ਏਜੰਡੇ ਨੂੰ ਖਤਮ ਕਰਨ ਦੀ ਕਾਰਵਾਈ ਹੈ। ਇਸ ਫਿਰਕੂ ਏਜੰਡੇ ਦਾ ਆਧਾਰ ਵੱਖ-ਵੱਖ ਸੱਭਿਅਤਾਵਾਂ ਖਤਮ ਕਰਕੇ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਸੁਪਨਾ ਜੋ ਗੁਰੂ ਗੋਲਵਲਕਰ ਨੇ ਘੜਿਆ ਸੀ, ਉਸ ਨੂੰ ਅਮਲ ਵਿਚ ਲਿਆਉਣਾ ਹੈ। ਗੁਰੂ ਗੋਲਵਲਕਰ ਦੀ ਇਹ ਸੋਚ ਹਿਟਲਰ ਵਾਲੀ ਸੋਚ ਸੀ। ਉਹ ਹਿਟਲਰ ਦੀ ਸੋਚ ਤੋਂ ਬਹੁਤ ਪ੍ਰਭਾਵਿਤ ਸਨ। ਹਿਟਲਰ ਦੀ ਇਸ ਸੋਚ ਨੂੰ ਗੋਲਵਲਕਰ ਭਾਰਤ ਵਿਚ ਲਾਗੂ ਕਰਨ ਦੀ ਕਿਵੇਂ ਸੋਚਦੇ ਹਨ, ਤੁਸੀਂ ਉਨ੍ਹਾਂ ਦੇ ਬਿਆਨ ਤੋਂ ਜਾਣ ਸਕਦੇ ਹੋ-

"ਜਾਤੀ ਤੇ ਸੰਸਕ੍ਰਿਤੀ ਦੀ ਪ੍ਰਸ਼ੰਸਾ ਤੋਂ ਇਲਾਵਾ ਮਨ ਵਿਚ ਕੋਈ ਹੋਰ ਵਿਚਾਰ ਨਹੀਂ ਲਿਆਉਣਾ ਚਾਹੀਦਾ। ਅਰਥਾਤ ਹਿੰਦੂ ਰਾਸ਼ਟਰ ਬਣਾਉਣਾ ਚਾਹੀਦਾ ਤੇ ਹਿੰਦੂ ਜਾਤੀ ਵਿਚ ਮਿਲ ਕੇ ਆਪਣੀ ਸੁਤੰਤਰ ਹੋਂਦ ਨੂੰ ਗੁਆ ਦੇਣਾ ਚਾਹੀਦਾ ਜਾਂ ਗੈਰ ਹਿੰਦੂ ਨੂੰ ਇਸ ਦੇਸ਼ ਵਿਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੀ ਗੁਲਾਮੀ ਕਰਦੇ ਹੋਏ ਬਿਨਾਂ ਕੋਈ ਮੰਗ ਕੀਤੇ, ਬਿਨਾਂ ਕਿਸੇ ਪ੍ਰਕਾਰ ਦਾ ਵਿਸ਼ੇਸ਼ ਅਧਿਕਾਰ ਮੰਗੇ, ਵਿਸ਼ੇਸ਼ ਵਿਹਾਰ ਦੀ ਕਾਮਨਾ ਕਰਨ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਇੱਥੋਂ ਤੱਕ ਨਾਗਰਿਕਾਂ ਦੇ ਅਧਿਕਾਰ ਪ੍ਰਾਪਤ ਕੀਤੇ ਬਿਨਾਂ ਰਹਿਣਾ ਹੋਵੇਗਾ। ਗੈਰ ਹਿੰਦੂਆਂ ਦੇ ਲਈ ਇਸ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਛੱਡਣਾ ਚਾਹੀਦਾ। ਅਸੀਂ ਇਕ ਪ੍ਰਾਚੀਨ ਰਾਸ਼ਟਰ ਹਾਂ। ਸਾਨੂੰ ਉਨ੍ਹਾਂ ਵਿਦੇਸ਼ੀ ਕੌਮਾਂ ਉਹ ਸਾਡੇ ਦੇਸ਼ ਵਿਚ ਰਹਿ ਰਹੀਆਂ ਹਨ, ਇਸ ਤਰ੍ਹਾਂ ਨਿਪਟਣਾ ਚਾਹੀਦਾ ਹੈ, ਜਿਵੇਂ ਕਿ ਪ੍ਰਾਚੀਨ ਰਾਸ਼ਟਰ ਵਿਦੇਸ਼ੀ ਨਸਲਾਂ ਨਾਲ ਨਿਪਟਿਆ ਕਰਦੇ ਸਨ। (ਗੋਲਵਲਕਰ ਵੀ ਆਰ ਆਵਰ ਨੈਸ਼ਨਹੁੱਡ ਡਿਫਾਇਨਡ ਪੰਨਾ-47, 48)

ਭਾਰਤ ਦੇ ਗ੍ਰਹਿ ਮੰਤਰੀ ਨੇ ਹਿੰਦੀ ਭਾਸ਼ਾ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ ਹੈ, ਉਹ ਇਸ ਦੀ ਅਹਿਮੀਅਤ ਨੂੰ ਖੂਬ ਸਮਝਦੇ ਹਨ। ਭਾਵੇਂ ਉਨ੍ਹਾਂ ਨੇ ਬਿਆਨ ਵਾਪਸ ਲੈ ਲਿਆ ਹੈ, ਪਰ ਅੰਦਰ ਖਾਤੇ ਤਿਆਰੀਆਂ ਜਾਰੀ ਹਨ।

ਜੇਕਰ ਅਜਿਹਾ ਨਾ ਹੁੰਦਾ ਤਾਂ ਗੁਰਦਾਸ ਮਾਨ ਪੰਜਾਬੀ ਭਾਸ਼ਾ ਵਿਰੁੱਧ ਇਕ ਭਾਸ਼ਾ ਤੇ ਇਕ ਦੇਸ ਦਾ ਨਾਅਰਾ ਨਾ ਮਾਰਦਾ, ਜਿੱਥੇ ਕਿ ਖਿੱਤਿਆਂ ਦੇ ਖੁਦਮੁਖਤਿਆਰੀ ਦੀ ਹੋਂਦ ਮਿਟ ਜਾਣ ਦਾ ਆਧਾਰ ਹੈ। ਸੂਝਵ਼ ਸਿਆਣੇ ਗ੍ਰਹਿ ਮੰਤਰੀ ਨੂੰ ਗਿਆਨ ਹੈ ਕਿ ਹਿੰਦੀ ਭਾਸ਼ਾ ਪ੍ਰਦੇਸ ਵਿਚ 227 ਲੋਕ ਸਭਾ ਦੀਆਂ ਸੀਟਾਂ ਹਨ, ਜਿਸ ਵਿਚ 210 ਸੀਟਾਂ ਉਨ੍ਹਾਂ ਦੀ ਪਾਰਟੀ ਨੂੰ ਮਿਲੀਆਂ ਹਨ। 2019 ਦਾ ਲੋਕ ਸਭਾ ਚੋਣ ਹਿੰਦੂ ਰਾਸ਼ਟਰਵਾਦ ਦੇ ਨਾਮ 'ਤੇ ਲੜੀ ਗਈ। ਇਸ ਏਜੰਡੇ ਤਹਿਤ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਦਲਿਤਾਂ, ਪੱਛੜਿਆਂ ਤੇ ਆਦਿਵਾਸੀਆ ਨੇ ਹਿੰਦੂ ਬਣ ਕੇ ਭਾਜਪਾ ਨੂੰ ਵੋਟ ਦਿੱਤਾ। ਇਹ ਅਲੱਗ ਵਿਸ਼ਾ ਹੈ ਕਿ ਹਿੰਦੂ ਰਾਸ਼ਟਰ ਵਿਚ ਉਨ੍ਹਾਂ ਦੇ ਲਈ ਕੋਈ ਥਾਂ ਨਹੀਂ ਹੈ। ਜੇਕਰ ਥਾਂ ਹੁੰਦੀ ਤਾਂ ਉਨ੍ਹਾਂ ਦੀ ਸਥਿਤੀ ਸੁਧਰ ਗਈ ਹੁੰਦੀ। ਭਾਜਪਾ ਹਿੰਦੂ ਰਾਸ਼ਟਰ ਦੇ ਨਾਮ 'ਤੇ ਜਿੰਨੀ ਫਸਲ ਕੱਟਣਾ ਚਾਹੁੰਦੀ ਹੈ, ਉਹ ਕੱਟ ਚੁੱਕੀ ਹੈ। ਉਸ ਨੂੰ ਪਤਾ ਹੈ ਕਿ ਹਿੰਦੂ ਰਾਸ਼ਟਰ ਦੇ ਜਿੰਨੇ ਹਥਿਆਰ ਸਨ-ਤਿੰਨ ਤਲਾਕ, ਗਊ ਹੱਤਿਆ, ਧਾਰਾ 370 ਆਦਿ ਸਭ ਨੂੰ ਚਲਾਇਆ ਜਾ ਚੁੱਕਾ ਹੈ।

ਹੁਣ ਭਾਜਪਾ ਨੂੰ ਇਕ ਅਜਿਹਾ ਮਸਲਾ ਚਾਹੀਦਾ ਹੈ, ਜਿਸ ਤਹਿਤ ਪੂਰੀ ਹਿੰਦੀ ਪੱਟੀ ਦੇ ਲੋਕਾਂ ਨੂੰ ਇਕਮੁਠ ਕੀਤਾ ਜਾ ਸਕੇ। ਇਸ ਲਈ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਨੂੰ ਬਣਾਏ ਜਾਣ ਦੀ ਬਹਿਸ ਤੇ ਤਿਆਰੀ ਸ਼ੁਰੂ ਹੋ ਚੁੱਕੀ ਹੈ। ਭਾਜਪਾ ਦਾ 370 ਧਾਰਾ ਵਾਲਾ ਮਿਸ਼ਨ ਹਾਲੇ ਤੱਕ ਪੂਰਾ ਨਹੀਂ ਹੋਇਆ। ਕਸ਼ਮੀਰ ਫੌਜ ਹਵਾਲੇ ਹੈ। ਪਰ ਮੁਸਲਮਾਨਾਂ ਨਾਲ ਟਕਰਾਅ ਵਿਚ ਉਸ ਦਾ ਵੋਟ ਬੈਂਕ ਵਧ ਰਿਹਾ ਹੈ।

ਹਿੰਦੀ ਭਾਸ਼ਾ ਤਹਿਤ ਉਹ ਦੂਜੇ ਪ੍ਰਾਂਤਾਂ ਤੇ ਧਰਮਾਂ ਦੀਆਂ ਭਾਸ਼ਾਵਾਂ ਨਾਲ ਟਕਰਾਅ ਦਾ ਮਾਹੌਲ ਸਿਰਜਣਾ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਹਿੰਦੀ ਭਾਸ਼ਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਹ ਹਿੰਦੀ ਨੂੰ ਅੱਤਵਾਦੀ ਤੇ ਝਗੜਾਲੂ ਭਾਸ਼ਾ ਬਣਾ ਕੇ ਦੰਗਈ ਭੀੜ ਵਿਚ ਬਦਲ ਦੇਣਾ ਚਾਹੁੰਦੀ ਹੈ। ਇਸ ਦੰਗਈ ਭੀੜ ਦਾ ਫਾਇਦਾ ਭਾਜਪਾ ਨੂੰ ਰਾਜਨੀਤਕ ਤੌਰ 'ਤੇ ਹੋਵੇਗਾ। ਇਹ ਭਲੀਭਾਂਤ ਭਾਜਪਾ ਜਾਣਦੀ ਹੈ।

ਅਸਲੀਅਤ ਇਹ ਹੈ ਕਿ ਹਿੰਦੀ ਭਾਸ਼ਾ ਭਾਰਤ ਦੇ ਲੋਕਾਂ ਨੂੰ ਨਾ ਰੁਜ਼ਗਾਰ ਦੇ ਸਕਦੀ ਹੈ ਤੇ ਨਾ ਬਿਹਤਰ ਭਵਿੱਖ ਦੇ ਸਕਦੀ ਹੈ। ਇਹ ਤਾਂ ਫਿਰਕੂਵਾਦ ਹੀ ਪੈਦਾ ਕਰ ਸਕਦੀ ਹੈ। ਭਾਜਪਾ ਨੂੰ ਇਹ ਫਿਰਕੂ ਰਾਜਨੀਤਕ ਏਜੰਡਾ ਪੂਰੀ ਤਰ੍ਹਾਂ ਹਜ਼ਮ ਹੁੰਦਾ ਹੈ।

# ਪੰਜਾਬ ਵਿਚ ਸਰਕਾਰਾਂ ਹੀ 'ਮਾਂ ਬੋਲੀ' ਦੀਆਂ ਦੁਸ਼ਮਣ ਬਣੀਆਂ

## ਪੰਜਾਬ ਸਰਕਾਰ ਦੀ ਵੈੱਬਸਾਈਟ 'ਤੇ ਵੀ ਪੰਜਾਬੀ ਨਾਲ ਹੋ ਰਿਹੈ ਵਿਤਕਰਾ

ਜਲੰਧਰ/ਵਿਸ਼ੇਸ਼ ਰਿਪੋਰਟ

ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਮਾਂ ਬੋਲੀ ਪੰਜਾਬੀ ਦੀਆਂ ਦੋਖੀ ਹਨ। ਹੁਣ ਖੁਲਾਸਾ ਹੋਇਆ ਹੈ ਕਿ ਸੂਬੇ ਦੀਆਂ ਅਦਾਲਤਾਂ ਵਿਚ ਅੱਜ ਤਕ ਪੰਜਾਬੀ ਭਾਸ਼ਾ ਲਾਗੂ ਨਾ ਹੋਣ ਲਈ ਮੁੱਖ ਤੌਰ 'ਤੇ ਪਿਛਲੀ ਬਾਦਲ ਸਰਕਾਰ ਅਤੇ ਮੌਜੂਦਾ ਕੈਪਟਨ ਸਰਕਾਰ ਜ਼ਿੰਮੇਵਾਰ ਹਨ। ਜਾਣਕਾਰੀ ਅਨੁਸਾਰ ਪਿਛਲੀ ਬਾਦਲ ਸਰਕਾਰ ਨੇ 'ਪੰਜਾਬ ਭਾਸ਼ਾ ਸੋਧ ਐਕਟ-2008' ਬਣਾ ਕੇ ਭਾਵੇਂ ਮਾਂ ਬੋਲੀ ਪੰਜਾਬੀ ਦੇ ਹੱਕ ਵਿਚ ਅਹਿਮ ਸੋਧਾਂ ਕੀਤੀਆਂ ਸਨ ਪਰ ਇਨ੍ਹਾਂ ਉਪਰ ਅਮਲ ਨਾ ਹੋਣ ਕਰਕੇ ਸੂਬੇ ਦੀਆਂ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਵਿਚ ਅੱਜ ਤਕ ਕੰਮ ਸ਼ੁਰੂ ਨਹੀਂ ਹੋ ਸਕਿਆ।

ਦੱਸਣਯੋਗ ਹੈ ਕਿ ਸਾਲ 2008 ਦੇ ਸੋਧ ਐਕਟ ਦੀ ਧਾਰਾ 3-ਏ ਤਹਿਤ ਸੂਬੇ ਦੀਆਂ ਸਾਰੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਦੀ ਕਾਨੂੰਨੀ ਪ੍ਰਕਿਰਿਆ ਅਤੇ ਉਨ੍ਹਾਂ ਵੱਲੋਂ ਸੁਣਾਏ ਜਾਂਦੇ ਫੈਸਲੇ ਆਦਿ ਪੰਜਾਬੀ ਭਾਸ਼ਾ ਵਿਚ ਲਿਖਣਾ ਲਾਜ਼ਮੀ ਕੀਤਾ ਗਿਆ ਸੀ। ਪੰਜਾਬ ਹਰਿਆਣਾ ਹਾਈ ਕੋਰਟ ਦੇ ਪ੍ਰਸ਼ਾਸਨ ਨੇ ਇਸ ਐਕਟ ਤਹਿਤ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਲਾਗੂ ਕਰਨ ਲਈ ਸਹਿਮਤੀ ਦੇ ਦਿੱਤੀ ਸੀ। ਸਤੰਬਰ 2009 ਵਿਚ ਉਸ ਵੇਲੇ ਸੂਬੇ ਦੀਆਂ ਸਮੂਹ 493 ਅਦਾਲਤਾਂ ਲਈ ਪੰਜਾਬੀ ਭਾਸ਼ਾ ਵਿਚ ਕੰਮ ਕਰਨ ਦੇ ਸਮਰੱਥ 1479 ਮੁਲਾਜ਼ਮਾਂ (ਜੱਜਮੈਂਟ ਰਾਈਟਰ, ਸਟੈਨੋਗ੍ਰਾਫਰ ਤੇ ਟਰਾਂਸਲੇਟਰ ਆਦਿ) ਨੂੰ ਅਦਾਲਤਾਂ ਵਿਚ ਤਾਇਨਾਤ ਕਰਨ ਲਈ ਕਿਹਾ ਗਿਆ ਸੀ। ਹਾਈ ਕੋਰਟ ਪ੍ਰਸ਼ਾਸਨ ਵੱਲੋਂ ਪੰਜਾਬੀ ਭਾਸ਼ਾ ਨੂੰ ਅਦਾਲਤਾਂ ਵਿਚ ਲਾਗੂ ਕਰਨ ਲਈ ਸੂਬਾ ਸਰਕਾਰ ਨੂੰ ਲੋੜੀਂਦਾ ਸਟਾਫ ਮੁਹੱਈਆ ਕਰਾਉਣ ਵਾਸਤੇ ਹੁਣ ਤਕ ਕਈ ਯਾਦ ਪੱਤਰ ਵੀ ਭੇਜੇ ਗਏ ਹਨ ਪਰ ਨਾ ਤਾਂ ਬਾਦਲ ਸਰਕਾਰ ਅਤੇ ਹੁਣ ਕੈਪਟਨ ਸਰਕਾਰ ਵੱਲੋਂ ਇਸ ਸਬੰਧੀ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਵੱਲੋਂ ਇਹ ਮੁੱਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਉਠਾਇਆ ਗਿਆ। ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ ਅਪੀਲ ਕੀਤੀ ਗਈ ਹੈ ਕਿ ਘੱਟੋ-ਘੱਟ ਗੁਰੂ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਮਾਂ ਬੋਲੀ ਨੂੰ ਸੂਬੇ ਦੀਆਂ ਅਦਾਲਤ ਵਿਚ ਲਾਗੂ ਕਰਕੇ ਬਾਬੇ ਨਾਨਕ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾਵੇ। ਭਾਈਚਾਰੇ ਦੇ ਸਹਾਇਕ ਸੰਚਾਲਕਾਂ ਸੁਖਿੰਦਰ ਪਾਲ ਸਿੰਘ, ਹਰਬਖ਼ਸ਼ ਸਿੰਘ ਗਰੇਵਾਲ ਅਤੇ ਮਹਿੰਦਰ ਸਿੰਘ ਸੇਖੋਂ ਵੱਲੋਂ ਕੈਪਟਨ ਨੂੰ

ਬਾਕੀ ਸਫ਼ਾ 33 'ਤੇ

### ਰਾਜਧਾਨੀ ਵਿਚ ਵੀ ਪੰਜਾਬੀ ਬੇਗਾਨੀ ਬਣੀ

ਸੂਬੇ ਦੀ ਗੱਲ ਛੱਡ ਦਈਏ ਤਾਂ ਰਾਜਧਾਨੀ ਚੰਡੀਗੜ੍ਹ ਵਿਚ ਵੀ ਪੰਜਾਬੀ ਬੇਗਾਨੀ ਬਣੀ ਹੋਈ ਹੈ। ਹਾਕਮਾਂ ਵੱਲੋਂ ਇੱਥੋਂ ਦੇ 28 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰੇ ਚੰਡੀਗੜ੍ਹ ਉਪਰ ਜਿਥੇ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀ) ਦੀ ਮੋਹਰ ਲਾ ਕੇ ਇਸ ਨੂੰ ਪੰਜਾਬੀਆਂ ਕੋਲੋਂ ਖੋਹ ਲਿਆ ਹੈ ਉਥੇ ਯੂਟੀ ਪ੍ਰਸ਼ਾਸਨ ਦੀ ਸਰਕਾਰੀ ਭਾਸ਼ਾ ਅੰਗਰੇਜ਼ੀ ਥੋਪ ਕੇ ਇਥੇ ਵੀ ਪੰਜਾਬੀ ਨੂੰ ਨੁਕਰੇ ਲਾ ਦਿੱਤਾ ਹੈ। ਚੰਡੀਗੜ੍ਹ ਦੇ ਪੰਜਾਬੀ ਹਿਤੈਸ਼ੀ ਦਹਾਕਿਆਂ ਤੋਂ ਇਸ ਬੇਇਨਸਾਫੀ ਵਿਰੁੱਧ ਜਦੋ-ਜ਼ਹਿਦ ਕਰਦੇ ਆ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਇਸ ਬੇਇਨਸਾਫੀ ਵਿਰੁੱਧ ਕਦੇ ਵੀ ਮੂੰਹ ਨਹੀਂ ਖੋਲ੍ਹਿਆ।

### ਪੰਜਾਬ ਸਰਕਾਰ ਦੀ ਵੈਬਸਾਈਟ 'ਚ ਪੰਜਾਬੀਆਂ ਨਾਲ ਵਿਤਕਰਾ

ਪੰਜਾਬ ਸਰਕਾਰ ਦੇ ਦਫ਼ਤਰਾਂ ਵਾਂਗ ਸਰਕਾਰੀ ਵੈਬਸਾਈਟ 'ਤੇ ਵੀ ਪੰਜਾਬੀ ਮਾਂ ਬੋਲੀ ਨਾਲ ਸਰਕਾਰੀ ਤੌਰ 'ਤੇ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਪੰਜਾਬ ਸਰਕਾਰ ਸਬੰਧੀ ਮੁਕੰਮਲ ਜਾਣਕਾਰੀ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਵੈਬਸਾਈਟ ਬਣੀ ਹੋਈ ਹੈ, ਜਿਸ ਵਿਚ ਅੰਗਰੇਜ਼ੀ ਤੇ ਪੰਜਾਬੀ ਵਿਚ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ, ਪਰ ਬੜੇ ਹੀ ਅਫ਼ਸੋਸ ਵਾਲੀ ਗੱਲ ਹੈ ਕਿ ਅੰਗਰੇਜ਼ੀ ਵਿਚ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਪ੍ਰਸ਼ਾਸਨਿਕ ਸੁਧਾਰ, ਖੇਤੀਬਾੜੀ ਤੇ ਕਿਸਾਨ ਭਲਾਈ, ਆਬਕਾਰੀ ਤੇ ਕਰ ਵਿਭਾਗ, ਬਾਗਬਾਨੀ, ਜ਼ਮੀਨ ਤੇ ਪਾਣੀ ਸੰਭਾਲ, ਸ਼ਹਿਰੀ ਹਵਾਬਾਜ਼ੀ, ਰੱਖਿਆ ਸੇਵਾਵਾਂ ਭਲਾਈ ਵਿਭਾਗ, ਆਮ ਪ੍ਰਸ਼ਾਸਨ ਵਿਭਾਗ, ਗ੍ਰਹਿ ਮਾਮਲੇ ਤੇ ਜਸਟਿਸ, ਪ੍ਰਾਹੁਣਾਚਾਰੀ, ਨਿਵੇਸ਼ ਉਤਸ਼ਾਹਿਤ ਵਿਭਾਗ, ਸੂਚਨਾ ਤੇ ਲੋਕ ਸੰਪਰਕ, ਵਾਤਾਵਰਣ, ਪ੍ਰਸੋਨਲ ਵਿਭਾਗ, ਵਿਜੀਲੈਂਸ, ਜੰਗਲੀ ਜੀਵ ਵਿਭਾਗ, ਬਿਜਲੀ, ਸੂਚਨਾ ਤਕਨਾਲੋਜੀ ਵਿਭਾਗ, ਕੈਬਨਿਟ ਮੰਤਰੀ ਬ੍ਰਹਮਮਹਿੰਦਰਾ ਕੋਲ ਸਥਾਨਕ ਸਰਕਾਰਾਂ, ਸੰਸਦੀ ਮਾਮਲੇ ਵਿਭਾਗ, ਚੋਣ ਤੇ ਸ਼ਿਕਾਇਤ ਨਿਵਾਰਣ ਵਿਭਾਗ, ਕੈਬਨਿਟ ਮੰਤਰੀ, ਮਨਪ੍ਰੀਤ ਸਿੰਘ ਬਾਦਲ ਕੋਲ ਵਿੱਤ, ਯੋਜਨਾ ਤੇ ਯੋਜਨਾਬੰਦੀ ਵਿਭਾਗ, ਓਮ ਪ੍ਰਕਾਸ਼ ਸੋਨੀ ਕੋਲ ਸਿਹਤ ਸਿੱਖਿਆ, ਫੂਡ ਪ੍ਰੋਸੈਸਿੰਗ, ਸਾਧੂ ਸਿੰਘ ਧਰਮਸੋਤ ਕੋਲ ਜੰਗਲਾਤ, ਪ੍ਰਿੰਟਿੰਗ ਤੇ ਸਟੇਸ਼ਨਰੀ,

ਬਾਕੀ ਸਫ਼ਾ 33 'ਤੇ

# ਗੁਰਦਾਸ ਮਾਨ ਦੀ ਗੋਲ-ਮੋਲ ਮਾਫੀ



## "ਜੋ ਕਿਹਾ ਉਹ ਮੇਰੇ ਵੱਸ ਵਿੱਚ ਨਹੀਂ ਸੀ, ਮਾਫੀ ਮੰਗਦਾ ਹਾਂ"

- ਗਾਇਕ ਗੁਰਦਾਸ ਮਾਨ ਨੂੰ ਸਨਮਾਨਿਤ ਕਰਨ ਵਾਲੇ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਨੂੰ ਪਈਆਂ ਲਾਹਨਤਾਂ
- ਸ਼੍ਰੋਮਣੀ ਕਮੇਟੀ ਨੇ ਜਾਂਚ ਕਮੇਟੀ ਬਣਾਈ

### ਨਹੀਂ ਲੱਗਣਗੇ ਗੁਰਦਾਸ ਮਾਨ ਦੇ ਅਖਾੜੇ

ਲੋਕਾਂ ਦਾ ਗੁੱਸਾ ਇਸ ਕਦਰ ਵਧਦਾ ਜਾ ਰਿਹਾ ਹੈ ਕਿ ਗੁਰਦਾਸ ਮਾਨ ਦੇ ਪੁੱਤਲੇ ਤੱਕ ਸਾੜੇ ਜਾ ਰਹੇ ਹਨ। ਸੰਗਰੂਰ ਵਿਖੇ ਆਪ ਦੇ ਵਰਕਰਾਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਨਾਲ ਹੀ ਪ੍ਰਦਰਸ਼ਨ ਕਰਨ ਵਾਲੇ ਵਰਕਰਾਂ ਨੇ ਕਿਹਾ ਕਿ ਪੰਜਾਬ ਵਿਚ ਮਾਨ ਦਾ ਕੋਈ ਵੀ ਪ੍ਰੋਗਰਾਮ ਨਹੀਂ ਹੋਣ ਦਿੱਤਾ ਜਾਵੇਗਾ। ਪ੍ਰਦਰਸ਼ਨਕਾਰੀਆਂ ਨੇ ਮਾਨ ਦੇ ਪੋਸਟਰਾਂ ਕਾਲਖ ਵੀ ਮੱਲ੍ਹੀ।

ਜਲੰਧਰ/ਬਿਊਰੋ ਨਿਊਜ਼ :

'ਮਰ ਜਾਣੇ ਮਾਨ' ਤੋਂ 'ਬੱਤੀ ਬਣਾ ਕੇ ਲੈ ਲਾ' ਵਾਲੇ ਨਾਂ ਨਾਲ ਮਸ਼ਹੂਰ ਹੋਏ ਪੰਜਾਬੀ ਦੇ ਪ੍ਰਸਿੱਧ ਗਾਇਕ ਗੁਰਦਾਸ ਮਾਨ ਨੇ ਆਖ਼ਿਰਕਾਰ ਵੈਨਕੂਵਰ ਦੀ ਸਟੇਜ ਤੋਂ ਆਪਣੀ ਉਸ ਆਪਣੀ ਅਸ਼ਲੀਲ ਜਨਤਕ ਟਿੱਪਣੀ ਲਈ ਗੋਲਮੋਲ ਮਾਫੀ ਮੰਗ ਹੀ ਲਈ ਹੈ ਜਿਸ ਲਈ ਮਾਨ ਦੀ ਦੁਨੀਆਂ ਭਰ ਵਿੱਚ ਬਦਨਾਮੀ ਹੋਈ ਸੀ। ਉਸ ਨੇ ਕਿਹਾ ਕਿ "ਬੀਤੇ ਦਿਨੀਂ ਜਿਸ ਤੋਂ ਵੀ ਹੋਇਆ ਜਿਸ ਤਰ੍ਹਾਂ ਦਾ ਵੀ ਹੋਇਆ ਜਿਸ ਤਰ੍ਹਾਂ ਦਾ ਵੀ ਮਾਹੌਲ ਬਣਿਆ ਰਿਹਾ ਉਸ ਲਈ ਮੈਂ ਮਾਫੀ ਮੰਗਦਾ ਹਾਂ ਪਰ ਇਹ ਪਤਾ ਕੀ ਹੈ ਕਿ ਇਹ ਕਿਸੇ ਦੇ ਵੱਸ ਵਿਚ ਨਹੀਂ ਹੁੰਦਾ ਤੇ ਜੇ ਚੀਜਾਂ ਵੱਸ ਵਿਚ ਹੁੰਦੀਆਂ ਤਾਂ ਨਾ ਉਨ੍ਹਾਂ ਨੇ ਕਰਨਾ ਸੀ ਤੇ ਨਾ ਮੈਂ ਬੋਲਣਾ ਸੀ।"

ਦੱਸ ਦਈਏ ਕਿ ਬੀਤੇ ਦਿਨੀਂ ਕੈਨੇਡਾ ਗਏ ਮਾਨ ਨੇ ਇੱਕ ਰੇਡੀਓ ਇੰਟਰਵਿਊ ਦੌਰਾਨ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਜਦੋਂ ਹਿੰਦੀ ਦੇ ਹੱਕ ਵਿੱਚ ਬੋਲਦਿਆਂ ਇਹ ਕਿਹਾ ਸੀ ਕਿ ਜੇਕਰ ਮਾਂ ਦਾ ਸਤਿਕਾਰ ਕਰਦੇ ਹੋ ਤਾਂ ਮਾਸੀ ਦਾ ਵੀ ਕਰਨਾ ਚਾਹੀਦਾ ਹੈ। ਕਹਿਣ ਤੋਂ ਭਾਵ ਜੇਕਰ ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰਦੇ ਹੋਂ ਤਾਂ ਹਿੰਦੀ ਯਾਨੀ ਮਾਸੀ ਦਾ ਵੀ ਸਤਿਕਾਰ ਕਰਨਾ ਬਣਦਾ ਹੈ। ਮਤਲਬ ਕਿ ਪੰਜਾਬ ਵਿਚ ਦੋ ਭਾਸ਼ਾਵਾਂ ਦਾ ਸੂਬਾ ਹੋਣਾ ਚਾਹੀਦਾ ਹੈ। ਕੁਝ ਚਿਰ ਬਾਅਦ ਹੀ ਮਾਨ ਖਿਲਾਫ ਗੱਦਾਰ, ਤੇ ਹੋਰ ਬੜਾ ਕੁਝ ਲਿਖ ਕੇ ਪੋਸਟਰ ਹੱਥ ਵਿੱਚ ਫੜੀ ਉਸ ਜਗ੍ਹਾ ਸੜਕਾਂ 'ਤੇ ਪ੍ਰਵਾਸੀ ਪੰਜਾਬੀ ਉਤਰ ਆਏ ਜਿੱਥੇ ਮਾਨ ਦਾ ਕੈਨੇਡਾ ਅੰਦਰ ਸਟੇਜ ਸ਼ੋਅ ਹੋ ਰਿਹਾ ਸੀ। ਗਾਉਂਦੇ ਗਾਉਂਦੇ ਮਾਨ ਦਾ ਧਿਆਨ ਹੱਥ ਵਿਚ ਪੋਸਟਰ ਫੜ ਕੇ ਉਸ ਦਾ ਵਿਰੋਧ ਕਰਦੇ ਵਿਅਕਤੀ 'ਤੇ ਪੈ ਗਿਆ ਤੇ ਉਸ ਨੇ ਪੋਸਟਰ ਵਾਲੇ ਵਿਅਕਤੀ ਨੂੰ ਪੋਸਟਰ ਮੋੜ ਕੇ ਉਸ ਦੀ ਬੱਤੀ ਬਣਾ ਕੇ ਲੈਣ ਵਰਗੀ ਅਸ਼ਲੀਲ ਟਿੱਪਣੀ ਕਰ ਦਿੱਤੀ। ਦਰਸ਼ਕਾਂ ਨੇ ਆਪਣੇ ਫੋਨ ਕੈਮਰੇ ਵਿੱਚ ਰਿਕਾਰਡ ਕਰ ਲਿਆ ਤੇ ਉਹ ਵੀਡੀਓ ਮਿੰਟਾ ਸਕਿੰਟਾਂ ਵਿੱਚ ਦੁਨੀਆਂ ਭਰ ਵਿਚ ਬੈਠੇ ਲੱਖਾਂ ਪੰਜਾਬੀਆਂ ਕੋਲ ਪਹੁੰਚ ਗਈ।

ਇੱਥੋਂ ਸ਼ੁਰੂ ਹੋਏ ਮਾਨ ਦੀ ਬਦਨਾਮੀ ਦੇ ਸਫਰ ਨੇ ਆਪਣਾ ਅਗਲਾ ਪੜ੍ਹਾਅ ਉਦੋਂ ਤੈਅ ਕੀਤਾ ਜਦੋਂ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਵੀ ਗੁਰਦਾਸ ਮਾਨ ਦੇ ਹਿੰਦੀ ਪ੍ਰੇਮ ਵਾਲੀ ਟਿੱਪਣੀ ਤੋਂ ਬਾਅਦ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਵੱਲੋਂ ਉਨ੍ਹਾਂ ਨੂੰ ਸਿਰੋਪਾ ਭੇਂਟ ਕਰਨ 'ਤੇ ਉਸ ਮੈਨੇਜਰ ਦੀ ਇਨਕੁਆਰੀ ਖੋਲ੍ਹ ਦਿੱਤੀ। ਇੱਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਨੂੰ ਜੁਆਬ ਦੇਣਾ ਔਖਾ ਹੋ ਰਿਹਾ ਹੈ, ਕਿਉਂਕਿ ਉਸ ਨੇ ਮੁਰਾਦ ਸ਼ਾਹ ਡੇਰੇ ਵਲੋਂ 15 ਲੱਖ ਦਾ ਚੈਕ ਵੀ ਮਾਨ ਕੋਲ ਪ੍ਰਾਪਤ ਕੀਤਾ ਤੇ ਨਾਲ ਸਿਰੋਪਾ ਦਿੱਤਾ। ਜਦ ਕਿ ਮੁਰਾਦ ਸ਼ਾਹ ਡੇਰਾ ਕੇਪੀਐਸ ਗਿੱਲ ਦੇ ਨੇੜੇ ਸਮਝਿਆ ਜਾਂਦਾ ਸੀ।

### ਗੁਰਦਾਸ ਮਾਨ ਦੇ ਬਾਈਕਾਟ ਦਾ ਐਲਾਨ

ਪੰਜਾਬੀ ਗਾਇਕ ਗੁਰਦਾਸ ਮਾਨ ਲਈ ਨਵੀਂ ਮੁਸੀਬਤ ਖੜ੍ਹੀ ਹੋ ਗਈ ਹੈ। ਪੰਜਾਬੀ ਪ੍ਰੇਮੀਆਂ ਤੋਂ ਬਾਅਦ ਹੁਣ ਧਾਰਮਿਕ ਹਲਕਿਆਂ ਵਿੱਚ ਉਨ੍ਹਾਂ ਪ੍ਰਤੀ ਰੋਸ ਹੈ। ਉਨ੍ਹਾਂ ਉਪਰ ਇਲਜ਼ਾਮ ਲੱਗ ਰਹੇ ਹਨ ਕਿ ਕੈਨੇਡਾ ਵਿੱਚ ਲਾਈਵ ਸ਼ੋਅ ਦੌਰਾਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦੇ ਸ਼ਬਦ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਹੈ। ਅਜਿਹਾ ਕਰਕੇ ਉਨ੍ਹਾਂ ਗੁਰਬਾਣੀ ਤੇ 10ਵੇਂ ਪਾਤਸ਼ਾਹ ਦਾ ਅਪਮਾਨ ਕੀਤਾ ਹੈ, ਉੱਥੇ ਹੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਕੇਂਦਰੀ ਪੰਜਾਬੀ ਲੇਖਕ ਸਭਾ 'ਸੇਖੋਂ' ਦੇ ਪ੍ਰਧਾਨ ਡਾ. ਤੇਜਵੰਤ ਮਾਨ ਤੇ ਸਰਪ੍ਰਸਤ ਡਾ. ਸਵਰਾਜ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਗੁਰਦਾਸ ਮਾਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸੱਦ ਕੇ ਸਿੱਖ ਧਰਮ ਦੀਆਂ ਰਵਾਇਤਾਂ ਤੋਂ ਜਾਣੂ ਕਰਵਾਇਆ ਜਾਵੇ। ਉਨ੍ਹਾਂ ਨੇ ਪੰਥਕ ਤੇ ਸਾਹਿਤਕ ਜਥੇਬੰਦੀਆਂ ਤੋਂ ਇਲਾਵਾ ਜਾਗਦੀ ਜ਼ਮੀਰ ਵਾਲੀਆਂ ਇਨਸਾਫ਼ਪੰਸਦ ਧਿਰਾਂ ਨੂੰ ਇਸ ਮਸਲੇ 'ਤੇ ਡਟ ਕੇ ਅੱਗੇ ਆਉਣ ਦਾ ਸੱਦਾ ਦਿੱਤਾ। ਸਭਾ ਦਾ ਕਹਿਣਾ ਹੈ ਕਿ ਗੁਰਦਾਸ ਮਾਨ ਨੇ ਕੈਨੇਡਾ ਦੇ ਲਾਈਵ ਸ਼ੋਅ ਦੌਰਾਨ ਵਿਰੋਧ ਕਰ ਰਹੇ ਨੌਜਵਾਨਾਂ ਲਈ ਜੋ ਭਾਸ਼ਾ ਵਰਤੀ ਸੀ, ਉਹ ਸ਼ਬਦਾਵਲੀ ਗੁਰਮਤਿ ਆਸ਼ੇ ਤੇ ਭਾਰਤੀ ਦਰਸ਼ਨ ਦੇ ਬਿਲਕੁਲ ਵਿਰੁੱਧ ਸੀ। ਅਜਿਹੇ ਵਿੱਚ ਪੰਜਾਬੀ ਸਾਹਿਤ ਜਗਤ ਨੂੰ ਵੀ ਗੁਰਦਾਸ ਮਾਨ ਦਾ ਬਾਈਕਾਟ ਕਰਨਾ ਚਾਹੀਦਾ ਹੈ। ਪੁਲਿਸ ਦੀ ਖੁਫੀਆ ਜਾਣਕਾਰੀ ਮੁਤਾਬਕ ਪੰਜਾਬ ਵਿੱਚ ਗੁਰਦਾਸ ਮਾਨ ਪ੍ਰਤੀ ਕਾਫੀ ਗੁੱਸਾ ਹੈ। ਇਸ ਲਈ ਅਗਲੇ ਦਿਨ ਪੂਰੀ ਚੌਕਸੀ ਵਰਤੀ ਜਾਏਗੀ। ਇਹ ਵੀ ਪਤਾ ਲੱਗਾ ਹੈ ਕਿ ਗੁਰਦਾਸ ਮਾਨ ਕੁਝ ਸਮਾਂ ਪੰਜਾਬ ਵਿੱਚ ਸ਼ੋਅ ਕਰਨ ਤੋਂ ਗੁਰੇਜ਼ ਹੀ ਕਰਨਗੇ। ਉਂਝ ਕੁਝ ਲੋਕ ਉਨ੍ਹਾਂ ਦੇ ਹੱਕ ਵਿੱਚ ਵੀ ਡਟੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਦਾਸ ਮਾਨ ਦੇ ਬਿਆਨ ਨੂੰ ਗਲਤ ਅਰਥਾਂ ਵਿੱਚ ਲਿਆ ਗਿਆ ਹੈ।

# ਪੰਜਾਬੀ ਗਾਇਕ ਤੇ ਬੁੱਧੀਜੀਵੀ ਪੰਜਾਬੀ ਭਾਸ਼ਾ 'ਤੇ ਪਹਿਰਾ ਦੇਣ

**ਰਜਿੰਦਰ ਸਿੰਘ**

ਹੁਣੇ ਜਿਹੇ ਭਾਰਤ ਵਿਚ ਪੰਜਾਬੀ ਭਾਸ਼ਾ ਦੀ ਹਮਾਇਤ ਕਰ ਕੇ ਚਮਕੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਪੰਜਾਬੀ ਭਾਸ਼ਾ ਦੀ ਥਾਂ ਇਕ ਭਾਸ਼ਾ ਤੇ ਇਕ ਸਭਿਆਚਾਰ ਦੀ ਹਮਾਇਤ ਕਰਕੇ ਜਿੱਥੇ ਹਿੰਦੀ ਭਾਸ਼ਾ ਦੀ ਪੈਰਵਾਈ ਕੀਤੀ ਹੈ, ਉੱਥੇ ਹਿੰਦੀ, ਹਿੰਦੂ ਤੇ ਹਿੰਦੋਸਤਾਨ ਵਾਲੇ ਭਗਵੇਂ ਏਜੰਡੇ ਨੂੰ ਚਮਕਾਇਆ ਹੈ। ਇਸ ਦਾ ਦੇਸ-ਵਿਦੇਸ਼ ਵਿਚ ਵਸਦੇ ਪੰਜਾਬੀਆਂ ਵਿਚ ਖਾਸਾ ਵਿਰੋਧ ਕੀਤਾ। ਮਾਨ ਨੇ ਵੈਨਕੂਵਰ ਵਿਚ ਇਕ ਸਟੇਜ ਸ਼ੋਅ ਦੌਰਾਨ ਮਾੜੀ ਸ਼ਬਦਾਵਲੀ ਵਰਤ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਮਾਨ ਨੇ ਪਹਿਲਾਂ ਕਿਹਾ ਸੀ ਕਿ ਪੂਰੇ ਜਰਮਨ ਵਿਚ ਜਰਮਨੀ ਅਤੇ ਪੂਰੇ ਫਰਾਂਸ ਵਿਚ ਫਰੈਂਚ ਭਾਸ਼ਾ ਦਾ ਇਸਤੇਮਾਲ ਹੁੰਦਾ ਹੈ ਤਾਂ ਫਿਰ ਭਾਰਤ ਦੀ ਇੱਕੋ ਜ਼ੁਬਾਨ ਕਿਉਂ ਨਹੀਂ ਹੋ ਸਕਦੀ ? ਜੇਕਰ ਮਾਂ ਬੋਲੀ 'ਤੇ ਏਨਾ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਮਾਸੀ 'ਤੇ ਵੀ ਜ਼ੋਰ ਦੇਣਾ ਚਾਹੀਦਾ ਹੈ। ਮਾਨ ਦੀ ਇਸ ਸੋਚ ਦੇ ਖ਼ਿਲਾਫ਼ ਕੈਨੇਡਾ ਵਿਚ ਉਸ ਦੇ ਸ਼ੋਅ ਦੌਰਾਨ ਕੁਝ ਪੰਜਾਬੀਆਂ ਨੇ ਨਾਅਰੇਬਾਜ਼ੀ ਕੀਤੀ। ਮਾਨ ਨੇ ਪ੍ਰਤੀਕਰਮ ਵਜੋਂ ਉਨ੍ਹਾਂ ਲਈ ਮਾੜੀ ਸ਼ਬਦਾਵਲੀ ਵਰਤੀ ਜੋ ਕਿ ਅਸਭਿਅਕ ਸੀ। ਮਾਨ ਜੇਕਰ ਪੰਜਾਬੀ ਗੀਤਾਂ ਦੇ ਸਟਾਰ ਹਨ ਤਾਂ ਉਸ ਦਾ ਕਾਰਨ ਹਿੰਦੀ ਸਭਿਅਤਾ ਦੇ ਲੋਕ ਨਹੀਂ, ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲੇ ਲੋਕ ਹਨ। ਮਾਨ ਭਲੀ ਭਾਂਤ ਗੁਰੂ ਗ੍ਰੰਥ ਸਾਹਿਬ ਦੇ ਵਿਰਸੇ ਤੋਂ ਜਾਣੂ ਹਨ। ਗੁਰੂ ਗ੍ਰੰਥ ਸਾਹਿਬ ਦਾ ਵਿਰਸਾ ਆਪਣੀ ਬੋਲੀ, ਭਾਸ਼ਾ ਤੇ ਸਭਿਆਚਾਰ ਉਪਰ ਪਹਿਰਾ ਦੇਣ ਲਈ ਅਵਾਜ਼ ਬੁਲੰਦ ਕਰਦਾ ਹੈ। ਭਾਰਤ ਵਿਚ ਇਕ ਸਾਜ਼ਿਸ਼ ਤਹਿਤ ਸੰਪਰਕ ਭਾਸ਼ਾ ਦੀ ਮੰਗ ਤਹਿਤ ਭਾਜਪਾ ਤੇ ਸੰਘ ਪਰਿਵਾਰ ਵਲੋਂ ਸੈਮੀਨਾਰ ਤੇ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਇਸ ਦਾ ਵਿਰੋਧ ਪੂਰੇ ਭਾਰਤ ਵਿਚ ਹੋ ਰਿਹਾ ਹੈ। ਦੱਖਣ ਭਾਰਤ ਦੇ ਲੋਕ ਤਾਂ ਇਸ ਕਾਰਨ ਭਾਰਤ ਤੋਂ ਅਲੱਗ ਹੋਣ ਦੀ ਮੁਹਿੰਮ ਵੀ ਚਲਾਉਣ ਲੱਗ ਪਏ ਹਨ। ਕੁਝ ਦਿਨ ਪਹਿਲਾਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਦੋਂ ਦੇਸ਼ ਵਿਚ ਇਕ ਭਾਸ਼ਾ ਦੀ ਹਮਾਇਤ ਕੀਤੀ ਸੀ ਤਾਂ ਉਸ ਦਾ ਦੱਖਣੀ ਭਾਰਤ ਵਿਚ ਸਭ ਤੋਂ ਵੱਧ ਵਿਰੋਧ ਹੋਇਆ ਸੀ। ਦੇਸ਼ ਦੇ ਸੂਬਿਆਂ ਵਿਚ ਵੱਖ-ਵੱਖ ਬੋਲੀਆਂ ਹਨ। ਇਸੇ ਲਈ ਸੰਵਿਧਾਨ ਵਿਚ 22 ਭਾਸ਼ਾਵਾਂ ਨੂੰ ਕੌਮੀ ਮਾਨਤਾ ਮਿਲੀ ਹੋਈ ਹੈ। ਇਨ੍ਹਾਂ ਵਿਚ ਹਿੰਦੀ ਵੀ ਇਕ ਬੋਲੀ ਹੈ। ਪਰ ਉਹ ਪੂਰੇ ਭਾਰਤ ਦੀ ਭਾਸ਼ਾ ਨਹੀਂ ਹੈ। ਭਾਰਤ ਇਕ ਕੌਮ ਨਹੀਂ, ਇਕ ਖਿੱਤਾ ਨਹੀਂ ਇਹ ਤਾਂ ਵੱਖ-ਵੱਖ ਕੌਮਾਂ, ਸਭਿਆਚਾਰਾਂ, ਬੋਲੀਆਂ ਦਾ ਸਮੂਹ ਹੈ। ਇਸ ਨੂੰ ਭਗਵੇਂਵਾਦੀ ਤੇ ਇਨ੍ਹਾਂ ਦੇ ਬੁੱਧੀਜੀਵੀ ਨਹੀਂ ਸਮਝਦੇ।

ਪੰਜਾਬੀ ਅਜਿਹੀ ਕੌਮ ਹੈ, ਜੋ ਹਰੇਕ ਭਾਸ਼ਾ ਤੇ ਸਭਿਆਚਾਰ ਦਾ ਸਨਮਾਨ ਕਰਦੀ ਹੈ, ਪਰ ਆਪਣੀ ਭਾਸ਼ਾ 'ਤੇ ਵਾਰ ਸਹਿਣ ਨੂੰ ਤਿਆਰ ਨਹੀਂ। ਪੰਜਾਬ ਦੇ ਸਿਆਸਤਦਾਨਾਂ ਨੇ ਪੰਜਾਬ, ਪੰਜਾਬੀ ਭਾਸ਼ਾ ਦੇ ਨਾਲ ਘਟੀਆ ਵਿਹਾਰ ਕੀਤਾ ਹੈ। ਹਾਲਾਂਕਿ ਪੰਜਾਬੀ ਐਕਟ ਵਿਚ ਬਾਦਲ ਸਰਕਾਰ ਨੇ ਤਬਦੀਲੀਆਂ ਕਰਨ ਦੀ ਅਹਿਮ ਭੂਮਿਕਾ ਨਿਭਾਈ ਸੀ। ਪਰ ਉਹ ਇਸ ਨੂੰ ਅੱਗੇ ਲਾਗੂ ਨਹੀਂ ਕਰ ਸਕੇ, ਜੋ ਕਰਨ ਦੀ ਲੋੜ ਸੀ। ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਪੰਜਾਬੀ ਭਾਸ਼ਾ ਨੂੰ ਉਜਾੜਨ 'ਤੇ ਤੁਲੇ ਹੋਏ ਹਨ। ਉਹ ਸਰਕਾਰੀ ਦਫਤਰਾਂ ਵਿਚ ਅੰਗਰੇਜ਼ੀ ਵੀ ਲਾਗੂ ਕਰ ਰਹੇ ਹਨ ਤੇ ਹਿੰਦੀ ਭਾਸ਼ਾ ਵਾਲਿਆਂ ਨੂੰ ਵੀ ਖੁਸ਼ ਕਰ ਰਹੇ ਹਨ। ਇਹ ਹਮਲੇ ਬੜੇ ਗੰਭੀਰ ਹਨ। ਪੰਜਾਬ ਹੁਣ ਭਗਵੇਂਵਾਦੀ ਸਾਜ਼ਿਸ਼ਾਂ ਨਾਲ ਨਾਲ ਜੂਝ ਰਿਹਾ ਹੈ ਤੇ ਭਗਵੇਂਵਾਦੀ ਸਿਆਸਤ ਦੀ ਸਾਜ਼ਿਸ਼ ਦਾ ਸ਼ਿਕਾਰ ਕਸ਼ਮੀਰੀ ਕੌਮ ਦੇ ਹੱਕਾਂ ਲਈ ਡੱਟ ਕੇ ਖੜੌਤਾ ਹੈ। ਆਪਣੀ ਸਭਿਅਤਾ ਤੇ ਭਾਸ਼ਾ ਲਈ ਉਸ ਵਿਚ ਪੂਰਾ ਜੋਸ਼ ਹੈ, ਪਰ ਵਿਉਂਤਬੰਦੀ ਨਹੀਂ ਹੈ। ਪੂਰੇ ਭਾਰਤ ਵਿਚ ਗੁਰੂ ਨਾਨਕ ਸਾਹਿਬ ਨੇ ਅਜਿਹੀ ਪੰਜਾਬੀ ਕੌਮ ਸਿਰਜੀ, ਜਿਸ ਨੇ ਬ੍ਰਾਹਮਣਵਾਦੀ ਵਿਚਾਰਦਾਰਾ ਨੂੰ ਟੱਕਰ ਦਿੱਤੀ ਤੇ ਹਿੰਦੂ, ਸਿੱਖ, ਮੁਸਲਮਾਨ ਦਾ ਸਾਂਝਾ ਸੰਕਲਪ ਪੇਸ਼ ਕਰਕੇ ਵੱਡੀ ਚੁਣੌਤੀ ਦਿੱਤੀ। ਭਗਵੇਂਵਾਦੀ ਸਭਿਅਤਾ ਦੇ ਸ਼ਾਸਤਰ ਪੰਜਾਬ ਤੇ ਪੰਜਾਬੀ ਬੋਲੀ ਨੂੰ 'ਮਲੇਛ ਦੇਸ਼' ਤੇ 'ਮਲੇਛ ਭਾਸ਼ਾ' ਆਖਦੇ ਹਨ। ਪਰ ਗੁਰੂ ਨਾਨਕ ਸਾਹਿਬ ਨੇ ਨੀਚਾਂ ਤੇ ਗੁਲਾਮਾਂ ਨਾਲ ਖੜ ਕੇ ਪੰਜਾਬੀ ਕੌਮ ਤੇ ਪੰਜਾਬੀ ਭਾਸ਼ਾ ਦਾ ਵਿਕਾਸ ਕੀਤਾ। ਇਹ ਦਸ ਗੁਰੂ ਜੋਤਾਂ ਤੱਕ ਸਫ਼ਰ ਕਰਦੀ ਅਠਾਰਵੀਂ ਸਦੀ ਤੱਕ ਆਪਣਾ ਪੰਜਾਬੀਅਤ ਦਾ ਝੰਡਾ ਬੁਲੰਦ ਕਰਦੀ ਹੈ, ਜਿਸ ਦਾ ਪਹਿਰੇਦਾਰ ਗੁਰੂ ਦਾ ਖਾਲਸਾ ਗੁਰੂ ਪੰਥ ਬਣਦਾ ਰਿਹਾ। ਨਾਥਾਂ, ਜੋਗੀਆਂ, ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਵਾਰਿਸ ਸ਼ਾਹ ਦੀ ਪੰਜਾਬੀ ਸਭਿਅਤਾ ਤੇ ਭਾਸ਼ਾ ਦੇ ਵਿਕਾਸ ਵਿਚ ਅਹਿਮ ਭੂਮਿਕਾ ਹੈ। ਪਰ ਸੂਬੇ ਅੰਦਰ ਬਣੀਆਂ ਵੱਖ ਵੱਖ ਸਰਕਾਰਾਂ ਦੇ ਵਾਅਦਿਆਂ ਅਤੇ ਕਾਰਵਾਈਆਂ ਦੇ ਬਾਵਜੂਦ ਪੰਜਾਬੀ ਬੋਲੀ ਅਜੇ ਵੀ ਆਪਣਾ ਗੌਰਵ ਹਾਸਲ ਨਹੀਂ ਕਰ ਸਕੀ। ਇਸ ਦਾ ਵੱਡਾ ਕਾਰਨ ਇਹਨਾਂ ਸਰਕਾਰਾਂ ਵੱਲੋਂ ਜਾਣ ਬੁੱਝਕੇ ਪੰਜਾਬੀ ਦੀ ਕਦਰ ਘਟਾਉਣਾ ਹੈ। ਪੰਜਾਬੀਆਂ ਨੂੰ ਜਾਗਣ ਦੀ ਲੋੜ ਹੈ। ਕਲਾਕਾਰਾਂ, ਗਾਇਕਾਂ ਤੇ ਬੁੱਧੀਜੀਵੀਆਂ ਨੂੰ ਆਪਣੀ ਭੂਮਿਕਾ ਪਛਾਨਣ ਦੀ ਲੋੜ ਹੈ। ਅਸੀਂ ਗੁਰਦਾਸ ਮਾਨ ਨੂੰ ਵੀ ਇਹੀ ਅਪੀਲ ਕਰਾਂਗੇ ਕਿ ਉਹ ਆਪਣੇ ਘਰ ਵਾਪਸ ਪਰਤਣ। ਪੰਜਾਬੀ ਉਸ ਨਾਲ ਬਹੁਤ ਪਿਆਰ ਕਰਦੇ ਹਨ। ਪਰ ਉਹ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਬੇਦਾਵਾ ਨਾ ਦੇਵੇ। ਜੋ ਵਿਅਕਤੀ ਆਪਣੀ ਭਾਸ਼ਾ ਤੇ ਸਭਿਆਚਾਰ ਤੋਂ ਟੁੱਟ ਜਾਂਦਾ ਹੈ, ਉਸ ਦੀ ਹੋਂਦ ਕਿਤੇ ਵੀ ਨਹੀਂ ਰਹਿੰਦੀ। ਇਹ ਗੱਲ ਗੁਰਦਾਸ ਮਾਨ ਨੂੰ ਚੇਤੇ ਰੱਖਣੀ ਚਾਹੀਦੀ ਹੈ।



ਅੰਮ੍ਰਿਤਸਰ ਟਾਈਮਜ਼
AMRITSAR TIMES
02 ਅਕਤੂਬਰ 2019 ਤੋਂ 08 ਅਕਤੂਬਰ 2019

# ਬੰਦੀ ਸਿੰਘਾਂ ਦੀ ਰਿਹਾਈ ਤੇ ਰਾਜਨੀਤੀ

**-ਮਨਜੀਤ ਸਿੰਘ ਟਿਵਾਣਾ**

ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਲਈ ਪਿਛਲੇ ਕਿੰਨੇ ਹੀ ਸਾਲਾਂ ਤੋਂ ਸੰਘਰਸ਼ ਚੱਲਦਾ ਆ ਰਿਹਾ ਹੈ। ਸਾਲ 2013 ਵਿਚ ਇਕ ਸਿੱਖ ਗੁਰਬਖ਼ਸ਼ ਸਿੰਘ ਵੱਲੋਂ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਵਿਖੇ ਸਿੱਖ ਕੈਦੀਆਂ ਦੀ ਰਿਹਾਈ ਲਈ 44 ਦਿਨ ਲੰਮੀ ਭੁੱਖ ਹੜਤਾਲ ਕੀਤੀ ਗਈ ਸੀ, ਜਿਸ ਨਾਲ ਇਹ ਮਾਮਲਾ ਕਾਫੀ ਤੂਲ ਫੜ ਗਿਆ ਸੀ। ਬਾਅਦ ਵਿਚ ਇਸੇ ਮੁੱਦੇ ਉਤੇ ਇਕ ਬਜ਼ੁਰਗ ਸੂਰਤ ਸਿੰਘ ਖਾਲਸਾ ਦੀ ਲੰਮੀ ਭੁੱਖ ਹੜਤਾਲ ਵੀ ਸਮੇਂ-ਸਮੇਂ ਉਤੇ ਸੁਰਖੀਆਂ ਵਿਚ ਆਉਂਦੀ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਨਿਆਂ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਏ ਬਰਗਾੜੀ ਮੋਰਚੇ ਦੀਆਂ ਮੁੱਖ ਮੰਗਾਂ ਦੇ ਨਾਲ ਹੀ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦੀ ਮੰਗ ਵੀ ਪ੍ਰਮੁੱਖ ਸੀ। ਸਿੱਖ ਬੰਦੀਆਂ ਦੀ ਰਿਹਾਈ ਦਾ ਮੁੱਦਾ ਜਿਥੇ ਮਾਨਵੀ ਅਧਿਕਾਰਾਂ ਨਾਲ ਜਾ ਜੁੜਦਾ ਹੈ, ਉਥੇ ਹੀ ਭਾਰਤ ਦੇਸ਼ ਦੇ ਨਿਆਂਇਕ ਢਾਂਚੇ ਉਤੇ ਵੀ ਸਵਾਲ ਖੜ੍ਹੇ ਕਰ ਰਿਹਾ ਹੈ। ਭਾਰਤ ਵਿਚ ਅਦਾਲਤਾਂ ਦੇ ਵੱਖ-ਵੱਖ ਘੱਟ ਗਿਣਤੀਆਂ ਪ੍ਰਤੀ ਪੱਖਪਾਤ ਵਾਲੇ ਰਵੱਈਏ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ। ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਨਾ-ਸਿਰਫ ਜੇਲ੍ਹਾਂ ਵਿਚ ਬੰਦ ਰੱਖਣਾ, ਸਗੋਂ ਪੈਰੋਲ ਤਕ ਦੀ ਇਜਾਜ਼ਤ ਵੀ ਨਾ ਦੇਣਾ, ਇਸ ਪੱਖਪਾਤ ਦੀ ਉਘੜਵੀਂ ਮਿਸਾਲ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਇਸ ਮੁੱਦੇ ਨੂੰ ਲੈ ਕੇ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦੇ ਦਬਾਅ ਕਾਰਨ ਪਹਿਲਾਂ ਕੁਝ ਸਿੱਖ ਬੰਦੀਆਂ ਦੀਆਂ ਜੇਲ੍ਹਾਂ ਤਬਦੀਲ ਕਰ ਕੇ ਉਨ੍ਹਾਂ ਨੂੰ ਪੰਜਾਬ ਲਿਆਂਦਾ ਗਿਆ ਸੀ। ਕੁਝ ਨੂੰ ਛੁੱਟੀਆਂ ਮਿਲੀਆਂ ਤੇ ਪੈਰੋਲ ਵੀ ਸ਼ੁਰੂ ਹੋਈ। ਹੁਣ ਕਿਤੇ ਜਾ ਕੇ ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਜ਼ਾਵਾਂ ਭੁਗਤ ਰਹੇ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਅਤੇ ਫ਼ਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰ ਵੱਲੋਂ ਭਾਵੇਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਦੇ ਮੌਕੇ ਇਨਸਾਨੀਅਤ ਦੇ ਨਾਤੇ ਇਹ ਫ਼ੈਸਲਾ ਲਿਆ ਗਿਆ, ਕਿਹਾ ਜਾ ਰਿਹਾ ਹੈ ਪਰ ਇਸ ਮਾਮਲੇ ਦੇ ਵੱਡੀ ਗਿਣਤੀ ਸਿੱਖਾਂ ਦੇ ਜਜ਼ਬਾਤ ਨਾਲ ਜੁੜੇ ਹੋਣ ਕਰ ਕੇ ਰਾਜਨੀਤੀ ਦੀ ਖੇਡ ਵੀ ਬ-ਦਸਤੂਰ ਖੇਡੀ ਜਾ ਰਹੀ ਹੈ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਬਾਦਲ ਤੇ ਕਾਂਗਰਸ ਆਦਿ ਪਾਰਟੀਆਂ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦਾ ਸਿਹਰਾ ਆਪੋ-ਆਪਣੇ ਸਿਰ ਬੰਨ੍ਹਣ ਲਈ ਹਾਲ-ਪਾਹਰਿਆ ਕੀਤੀ ਜਾ ਰਹੀ ਹੈ। ਅਜਿਹੇ ਵਿਚ ਇਨਸਾਫ-ਪਸੰਦ ਲੋਕਾਂ ਤੇ ਸਿੱਖ ਕੌਮ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕਿ ਵਾਕਈ ਇਹ ਸਿਆਸੀ ਧਿਰਾਂ ਸਿੱਖ ਕੈਦੀਆਂ ਦੀ ਰਿਹਾਈ ਲਈ ਕਿਸੇ ਸ਼ਾਬਾਸ਼ੀ ਦੀਆਂ ਹੱਕਦਾਰ ਹਨ ?

ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਲੰਮੇ ਸਮੇਂ ਤੋਂ ਬਿਨਾ ਕਿਸੇ ਖਾਸ ਵਜ੍ਹਾ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਆਪਣੇ-ਆਪ ਵਿਚ ਇਕ ਸੁਖਦ ਸੁਨੇਹਾ ਹੈ। ਪੰਜਾਬ ਵਿਚ ਖਾੜਕੂ ਲਹਿਰ ਵੇਲੇ ਦੇ ਲੰਮੇ ਅਰਸੇ ਤੋਂ ਜੇਲ੍ਹਾਂ ਵਿਚ ਬੰਦ ਇਹ ਸਿੱਖ ਆਖਰ ਆਪਣੇ ਪਰਿਵਾਰਾਂ ਵਿਚ ਆ ਰਹਿਣਗੇ। ਨਾਲ ਹੀ ਦੂਜੀ ਗੱਲ ਇਹ ਵੀ ਹੈ ਕਿ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਕਰ ਕੇ ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਦੇ ਸੰਵਿਧਾਨ ਮੁਤਾਬਕ ਤੇ ਅੰਤਰਰਾਸ਼ਟਰੀ ਮਾਨਵੀ ਅਧਿਕਾਰਾਂ ਦੇ ਚਾਰਟਰ ਮੁਤਾਬਕ ਹੀ ਕੰਮ ਕੀਤਾ ਹੈ, ਜੋ ਕਿ ਉਸ ਨੂੰ ਬਹੁਤ ਦੇਰ ਪਹਿਲਾਂ ਹੀ ਖੁਦ-ਬ-ਖੁਦ ਕਰਨਾ ਬਣਦਾ ਸੀ। ਇਹ 14 ਅਜਿਹੇ ਬੰਦੀ ਸਿੰਘ ਹਨ, ਜਿਹੜੇ ਪਹਿਲਾਂ ਹੀ ਆਪਣੀ ਸਜ਼ਾ ਤੋਂ ਦੁੱਗਣੀ ਜੇਲ੍ਹ ਕੱਟ ਚੁੱਕੇ ਹਨ। ਇਸ ਕਰ ਕੇ ਕੋਈ ਬਾਦਲ ਦਲੀਏ, ਕਾਂਗਰਸੀਏ ਤੇ ਭਾਜਪਾਈਏ ਸਿੱਖਾਂ ਲਈ ਵਿਸ਼ੇਸ਼ ਤੋਹਫਾ ਨਹੀਂ ਦੇ ਰਹੇ, ਜਿਹਾ ਕਿ ਪਰਚਾਰਿਆ ਜਾ ਰਿਹਾ ਹੈ, ਸਗੋਂ ਉਹ ਸਿੱਖ ਕੈਦੀਆਂ ਦੀ ਕਿੰਨੇ ਹੀ ਸਾਲ ਪਹਿਲਾਂ ਕਾਨੂੰਨ ਮੁਤਾਬਕ ਬਣਦੀ ਰਿਹਾਈ ਦੇ ਰਾਹ ਵਿਚ ਰੋੜੇ ਅਟਕਾ ਕੇ ਉਨ੍ਹਾਂ ਦੀਆਂ ਜਵਾਨੀਆਂ ਨੂੰ ਜੇਲ੍ਹਾਂ ਵਿਚ ਰੋਲਣ ਦੇ ਗੁਨਾਹਗਾਰ ਹਨ। ਇਹ ਸਾਰੇ ਕੈਦੀ ਕਿਸੇ ਨਿੱਜੀ ਲੜਾਈ ਕਾਰਨ ਜੇਲ੍ਹਾਂ ਵਿਚ ਬੰਦ ਨਹੀਂ ਹਨ। ਆਪਣੀ ਅੱਧੀ ਜਿੰਦਗੀ ਜੇਲ੍ਹਾਂ ਵਿਚ ਗਾਲ ਕੇ ਬੁੱਢੇ ਹੋ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਪਹਿਲਾਂ ਕਦੇ ਇਨ੍ਹਾਂ ਨੂੰ ਯਾਦ ਤਕ ਨਹੀਂ ਆਈ।

ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਦਾ ਮਾਮਲਾ ਰਾਜ ਕਰ ਰਹੀਆਂ ਧਿਰਾਂ ਦੀ ਨਿਰੋਲ ਸਿਆਸੀ ਇੱਛਾ ਸ਼ਕਤੀ ਉਪਰ ਨਿਰਭਰ ਕਰਦਾ ਸੀ ਕਿਉਂਕਿ ਇਸ ਸਬੰਧੀ ਭਾਰਤੀ ਸੁਪਰੀਮ ਕੋਰਟ ਵਲੋਂ ਦਸੰਬਰ-2015 ਵਿਚ ਰਾਜੀਵ ਗਾਂਧੀ ਕਤਲ ਕੇਸ ਵਿਚ ਨਾਮਜ਼ਦ ਉਮਰ ਕੈਦੀਆਂ ਦੀ ਪਟੀਸ਼ਨ ਦੇ ਹੁਕਮ ਵਿਚ ਸਪੱਸ਼ਟ ਕਿਹਾ ਸੀ ਕਿ ਭਾਰਤੀ ਸੰਵਿਧਾਨ ਦੀ ਧਾਰਾ 72 ਵਿਚ ਭਾਰਤੀ ਰਾਸ਼ਟਰਪਤੀ, ਧਾਰਾ 161 ਵਿਚ ਸੂਬਿਆਂ ਦੇ ਰਾਜਪਾਲ ਅਤੇ ਫੌਜਦਾਰੀ ਜ਼ਾਬਤੇ ਦੀਆਂ ਧਾਰਾਵਾਂ 432/433 ਵਿਚ ਰਾਜ ਸਰਕਾਰਾਂ ਨੂੰ ਅਜਿਹੀ ਰਿਹਾਈ ਕਰਨ ਦੀਆਂ ਮਿਲੀਆਂ ਤਾਕਤਾਂ ਉਤੇ ਕੋਈ ਇਤਰਾਜ਼ ਨਹੀਂ। ਇਸ ਤਰ੍ਹਾਂ ਕੇਂਦਰ ਅਤੇ ਪੰਜਾਬ ਵਿਚ ਸਮੇਂ-ਸਮੇਂ ਉਤੇ ਰਾਜ ਕਰਦੀਆਂ ਰਹੀਆਂ ਇਨ੍ਹਾਂ ਸਿਆਸੀ ਪਾਰਟੀਆਂ ਨੇ ਸਿੱਖਾਂ ਦੀ ਇਸ ਜਾਇਜ਼ ਮੰਗ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਹੁਣ ਵੀ ਸਭ ਨੂੰ ਜ਼ਾਹਰ ਹੈ ਕਿ ਪੰਥਕ ਸਿੱਖ ਜਥੇਬੰਦੀਆਂ ਦੇ ਭਾਰੀ ਦਬਾਅ, ਭਾਰਤ-ਪਾਕਿਸਤਾਨ ਵਿਚਾਲੇ ਸਿੱਖਾਂ-ਪੰਜਾਬ ਤੇ ਕਸ਼ਮੀਰ ਨੂੰ ਲੈ ਕੇ ਚੱਲ ਰਹੀ ਕੂਟਨੀਤਕ ਲੜਾਈ, ਅੰਤਰਰਾਸ਼ਟਰੀ ਪੱਧਰ ਉਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਨੂੰ ਲੈ ਕੇ ਭਾਰਤ ਦੀ ਹੋ ਰਹੀ ਕਿਰਕਿਰੀ ਤੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਦੀ ਰਾਜਨੀਤੀ ਵਿਚ ਆਪਣੇ ਬਲਬੂਤੇ ਪੱਕੇ ਪੈਰੀਂ ਹੋਣ ਦੀ ਰਣਨੀਤੀ ਨੇ ਬੰਦੀ ਸਿੱਖਾਂ ਦੀ ਰਿਹਾਈ ਦਾ ਰਾਹ ਬਣਾਇਆ ਹੈ। ਇਹ ਵੀ ਸਚਾਈ ਹੈ ਕਿ ਕਿਸੇ ਵੀ ਕਾਰਨ ਭਾਵੇਂ ਸਿੱਖ ਕੈਦੀਆਂ ਦੀ ਰਿਹਾਈ ਹੋ ਰਹੀ ਹੈ ਪਰ ਸਿੱਖ ਇਸ ਦੇਸ਼ 'ਚ ਗੁਲਾਮ ਹੀ ਸਮਝੇ ਜਾਂਦੇ ਹਨ। ਸਿੱਖਾਂ ਨੂੰ ਦੂਜੇ ਨੰਬਰ ਦੇ ਸ਼ਹਿਰੀ ਮੰਨਿਆ ਜਾਂਦਾ ਹੈ, ਜਿਸ ਦੀਆਂ ਅਨੇਕਾਂ ਹੀ ਪ੍ਰਤੱਖ ਮਿਸਾਲਾਂ ਸਾਹਮਣੇ ਹਨ। ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਲਈ ਇਕ ਦੂਜੇ ਤੋਂ ਮੂਹਰੇ ਹੋ ਕੇ ਆਪਣੀ ਪਿੱਠ ਥਪਥਪਾਉਣ ਵਾਲੇ ਸਿਆਸਤਦਾਨ ਜ਼ਰੂਰ ਦੱਸਣ ਕਿ ਉਨ੍ਹਾਂ ਨੇ ਅਜਿਹਾ ਕਿਹੜਾ ਮਾਅਰਕਾ ਮਾਰਿਆ ਹੈ, ਜੋ ਉਹ ਇਸ ਸੰਵੇਦਨਸ਼ੀਲ ਮੁੱਦੇ ਉਤੇ ਨੱਚ-ਗਾ ਰਹੇ ਹਨ ? ਕੀ ਇਸ ਦੇਸ਼ 'ਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਨਿਰੰਤਰ ਘਾਣ ਨਹੀਂ ਹੋ ਰਿਹਾ ਹੈ ? ਹੁਣ 30-30 ਸਾਲ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕਣ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਉਤੇ ਰਾਜਨੀਤਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ।

# ਪੰਜਾਬ ਵਿਚ ਸਿਆਸੀ ਗਰਮਾਹਟ ਤੇ ਲੋਕਾਂ ਵਿਚ ਨਿਰਾਸ਼ਤਾ

**ਗੁਰਮੀਤ ਪਲਾਹੀ**

ਪੰਜਾਬ ਵਿੱਚ ਮੌਸਮ ਨੇ ਕੁਝ ਠੰਢਕ ਦਿੱਤੀ ਹੈ ਪਰ ਚੋਣ ਕਮਿਸ਼ਨ ਵਲੋਂ, 21 ਅਕਤੂਬਰ ਨੂੰ ਫਗਵਾੜਾ, ਦਾਖਾ, ਜਲਾਲਾਬਾਦ, ਮੁਕੇਰੀਆਂ ਵਿੱਚ ਜ਼ਿਮਨੀ ਚੋਣਾਂ ਕਰਾਉਣ ਦੇ ਐਲਾਨ ਨਾਲ ਪੰਜਾਬ ਦਾ ਸਿਆਸੀ ਮਾਹੌਲ ਗਰਮਾਇਆ ਗਿਆ ਹੈ। 'ਆਇਆ ਰਾਮ ਗਿਆ ਰਾਮ' ਦੀ ਸਿਆਸਤ ਕਰਨ ਲਈ ਮਸ਼ਹੂਰ ਆਪਣੇ ਭਾਈ ਅਤੇ ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਆਮ ਚੋਣਾਂ 21 ਅਕਤੂਬਰ ਨੂੰ ਹੀ ਹੋਣੀਆਂ ਹਨ ਅਤੇ ਕੁਝ ਪੰਜਾਬੀਆਂ ਦੇ ਰੁਜ਼ਗਾਰ ਦੇ ਪਸੰਦੀਦਾ ਸੂਬੇ ਮਹਾਰਾਸ਼ਟਰ ਵਿੱਚ ਵੀ ਚੋਣਾਂ ਇਸ ਦਿਨ ਹੀ ਹੋਣੀਆਂ ਹਨ। ਝਾਰਖੰਡ ਦੀਆਂ ਚੋਣਾਂ ਦਾ ਚੋਣ ਕਮਿਸ਼ਨ ਨੇ ਐਲਾਨ ਨਹੀਂ ਕੀਤਾ। ਸੁਣਿਆ ਹੈ, ਭਾਜਪਾ ਉੱਥੇ ਹਾਰ ਰਹੀ ਹੈ। ਜਿੱਥੇ ਭਾਜਪਾ ਨੂੰ ਚੋਣਾਂ ਵਿੱਚ ਹਾਰ ਦਾ ਖਦਸ਼ਾ ਹੋਵੇ, ਉੱਥੇ ਭਲਾ ਚੋਣਾਂ ਦੀ ਕੀ ਲੋੜ ? ਭਾਜਪਾ ਦਾ ਆਪਣਾ ਹੀ ਲੋਕਤੰਤਰ ਹੈ, ਆਪਣੇ ਹੀ ਲੋਕਤੰਤਰ ਦੇ ਨਿਯਮ ਹਨ, ਜਦੋਂ ਅਤੇ ਜਿਵੇਂ ਵੀ ਆਪਣੀ ਸਹੂਲਤ ਅਨੁਸਾਰ ਮੋੜਨ ਦਾ ਕੰਮ ਕੇਂਦਰੀ ਸਰਕਾਰ ਕਰਨੋਂ ਨਹੀਂ ਡਰਦੀ। ਡਰੇ ਵੀ ਕਿਉਂ ? ਪੂਰੇ, ਕੜਕਵੇਂ ਬਹੁਮਤ ਵਿੱਚ ਜੁ ਹੈ। ਇਸੇ ਕਾਰਨ ਪਿਛਲੇ ਪਾਰਲੀਮੈਂਟ ਸੈਸ਼ਨ ਵਿੱਚ ਮਰਜ਼ੀ ਦੇ ਮਤੇ ਪਾਸ ਕਰਵਾ ਲਏ ਗਏ, ਢੰਗ ਤਰੀਕੇ ਨਾਲ ਸੂਬਿਆਂ ਨੂੰ ਵੱਧ ਅਧਿਕਾਰ ਦੀ ਥਾਂ ਉਹਨਾਂ ਦੇ ਵਿੱਤੀ ਅਧਿਕਾਰ ਹਥਿਆ ਲਏ। ਜੀਹਨੂੰ ਮਰਜ਼ੀ ਦੇਸ਼ ਦਾ ਗਦਾਰ ਗਰਦਾਨਣ ਤੇ ਉਸ ਨੂੰ ਦੇਸ਼ ਦੀ ਸੁਰੱਖਿਆ ਦੇ ਨਾਮ ਉੱਤੇ ਜੇਲ ਭੇਜਣ ਦਾ ਅਧਿਕਾਰ ਪ੍ਰਾਪਤ ਕਰ ਲਿਆ।

ਹੋਰ ਨੇਤਾਵਾਂ ਦੇ ਨਾਲ ਜੰਮੂ ਕਸ਼ਮੀਰ ਦਾ ਮੁੱਖ ਮੰਤਰੀ ਫਾਰੂਖ਼ ਅਬਦੂਲਾ ਵੀ ਨਜ਼ਰ ਬੰਦ ਹੈ ਕਿਉਂਕਿ ਉਸ ਧਾਰਾ 370 ਅਤੇ 35ਏ ਦੇ ਖਾਤਮੇ ਦਾ ਵਿਰੋਧ ਕੀਤਾ, ਜਿਸਨੂੰ ਨੋਟਬੰਦੀ ਵਾਂਗ ਸਰਕਾਰ ਨੇ ਰਾਤੋ-ਰਾਤ ਕਸ਼ਮੀਰੀਆਂ ਤੋਂ ਖੋਹ ਲਿਆ। ਚੋਣਾਂ ਦੇ ਮਾਹੌਲ ਵਿੱਚ ਗਰਮੀ ਅਰੁਨਾਚਲ ਪ੍ਰਦੇਸ਼, ਆਸਾਮ, ਬਿਹਾਰ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼ ਕਰਨਾਟਕਾ, ਕੇਰਲਾ, ਮੱਧ ਪ੍ਰਦੇਸ਼, ਪਾਂਡੀਚਰੀ, ਰਾਜਸਥਾਨ, ਸਿਕਮ, ਤਾਮਿਲਨਾਡੂ, ਉੱਤਰ ਪ੍ਰਦੇਸ਼ ਵਿੱਚ ਵੀ ਦੇਖਣ ਨੂੰ ਮਿਲੇਗੀ, ਜਿੱਥੋਂ ਦੀਆਂ ਵਿਧਾਨ ਸਭਾਵਾਂ ਦੀਆਂ 64 ਸੀਟਾਂ ਉੱਤੇ ਜ਼ਿਮਨੀ ਚੋਣ ਹੋਏਗੀ ਅਤੇ ਇਸਦੇ ਨਾਲ ਹੀ ਬਿਹਾਰ ਦੀ ਪਾਰਲੀਮਾਨੀ ਸੀਟ ਸਮਸਤੀਪੁਰ (ਰਿਜ਼ਰਵ) ਸੀਟ ਉੱਤੇ ਵੀ ਮੁਕਾਬਲਾ ਹੋਏਗਾ।

ਕਰਨਾਟਕ ਜਿੱਥੇ ਲੋਕਤੰਤਰ ਦਾ ਪੂਰਾ ਜਲੂਸ ਵਿਧਾਇਕਾਂ ਦੀ ਭੰਨ ਤੋੜ ਕਾਰਨ ਕੱਢਿਆ ਗਿਆ, ਉੱਥੇ ਮੁਕਾਬਲਾ ਜ਼ਬਰਦਸਤ ਹੋਏਗਾ ਅਤੇ ਵੇਖਣ ਵਾਲੀ ਗੱਲ ਇਹ ਵੀ ਹੋਏਗੀ ਕਿ ਲੋਕ 'ਆਇਆ ਰਾਮ ਗਿਆ ਰਾਮ' ਦੀ ਸਿਆਸਤ ਨੂੰ ਦੱਖਣ ਵਿੱਚ ਵੀ ਪਸੰਦ ਕਰਨ ਲੱਗੇ ਹਨ ਜਾਂ ਉਹਨਾਂ ਵਿੱਚ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਕਣ, ਜਾਂ ਖਾਹਿਸ਼ ਹੈ ? ਉੱਤਰ ਪ੍ਰਦੇਸ਼ ਵਿਚਲੀਆਂ ਗਿਆਰਾਂ ਸੀਟਾਂ ਉੱਤੇ ਮੁਕਾਬਲਾ ਇਸ ਕਰਕੇ ਵੀ ਦਿਲਚਸਪ ਹੋਏਗਾ ਕਿ ਭਾਜਪਾ ਦੇ ਵਿਰੁੱਧ ਮੋਰਚਾ ਬਣਾ ਕੇ ਲੜ ਰਹੀ ਸਮਾਜਵਾਦ ਪਾਰਟੀ ਤੇ ਬਸਪਾ, ਹੁਣ ਵੱਖੋ-ਵੱਖਰੇ ਤੌਰ 'ਤੇ ਚੋਣ ਲੜਨਗੀਆਂ। ਇਹਨਾਂ ਵਿੱਚ ਤਿੰਨ ਸੀਟਾਂ ਰਿਜ਼ਰਵ ਹਨ ਅਤੇ ਉੱਥੋਂ ਦੀ ਯੋਗੀ ਸਰਕਾਰ ਅਤੇ ਮੁੱਖ ਮੰਤਰੀ ਯੋਗੀ ਆਪ ਵੀ ਬਹੁਤ ਸਾਰੇ ਮਾਮਲਿਆਂ ਵਿੱਚ ਲੋਕ ਅਧਾਰ ਇਸ ਕਰਕੇ ਗੁਆ ਰਹੇ ਹਨ ਕਿ ਉਹਨਾਂ ਦੇ ਬਹੁਤੇ ਬਿਆਨ ਲੋਕਤੰਤਰਿਕ ਲੀਹਾਂ ਤੋਂ ਉੱਤਰਕੇ ਹਨ ਅਤੇ ਮੋਦੀ-ਸ਼ਾਹ ਜੋੜੀ ਵਲੋਂ ਦੇਸ਼ ਨੂੰ ਧਾਕੜ ਢੰਗ ਨਾਲ ਚਲਾਉਣ ਦੇ ਢੰਗ ਤਰੀਕਿਆਂ ਨੂੰ ਅਪਨਾਉਂਦਿਆਂ, ਆਪਣਿਆਂ ਦਾ ਬਚਾਅ ਅਤੇ ਵਿਰੋਧੀ ਨੂੰ ਸਬਕ ਸਿਖਾਉਣ ਦੀ ਨੀਤੀ ਨੂੰ ਉੱਤਰ ਪ੍ਰਦੇਸ਼ ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ ਹੈ।

ਮਹਾਂਰਾਸ਼ਟਰ ਦੀਆਂ ਚੋਣਾਂ ਦੀ ਗੱਲ ਛੱਡ ਲੈਂਦੇ ਹਾਂ, ਜਿੱਥੇ ਇੱਕ ਪਾਸੇ ਭਾਜਪਾ ਤੇ ਸ਼ਿਵ ਸੈਨਾ ਦਾ ਗੱਠ ਜੋੜ ਹੈ, ਜੋ 162 ਅਤੇ 126 ਸੀਟਾਂ ਉੱਤੇ ਕਰਮਵਾਰ ਚੋਣਾਂ ਲੜ ਰਿਹਾ ਹੈ ਦੂਜੇ ਪਾਸੇ ਐੱਨ. ਸੀ.ਪੀ. ਅਤੇ ਕਾਂਗਰਸ ਹੈ, ਜੋ 126-126 ਸੀਟਾਂ ਤੇ ਚੋਣ ਲੜ ਰਹੀ ਹੈ ਤੇ ਕੁਝ ਸੀਟਾਂ ਸਥਾਨਕ ਛੋਟੀਆਂ ਸਿਆਸੀ ਪਾਰਟੀਆਂ ਲਈ ਰੱਖੀਆਂ ਹਨ। ਪਿਛਲੀ ਪਾਰਲੀਮਾਨੀ ਜਿੱਤ ਨੂੰ ਧਿਆਨ ਵਿੱਚ ਰੱਖਦਿਆਂ ਮਹਾਂਰਾਸ਼ਟਰ ਵਿੱਚ ਭਾਜਪਾ, ਸ਼ਿਵ ਸੈਨਾ ਆਪਣੀ ਜਿੱਤ ਨੂੰ ਪੱਕਿਆ ਗਿਣ ਰਹੀ ਹੈ ਪਰ ਹਰਿਆਣਾ ਬਾਰੇ ਗੱਲ ਇਸ ਕਰਕੇ ਵੀ ਕਰਨੀ ਬਣਦੀ ਹੈ ਕਿ ਇੱਥੇ ਭਾਜਪਾ, ਕੀ ਦੇਸ਼ ਵਿਚਲੇ ਆਪਣੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਪੱਲੇ ਬੰਨ੍ਹਦੀ ਹੈ ਜਾਂ ਫਿਰ ਹਰਿਆਣਾ ਅਤੇ ਪੰਜਾਬ ਵਿੱਚ ਅਕੇਲੇ ਚਲੋ ਦਾ ਸੰਦੇਸ਼ ਉਹਨਾਂ ਨੂੰ ਆਪਣੇ ਭਾਈਵਾਲ ਵਜੋਂ ਨਾ ਮੰਨਕੇ, ਕੋਈ ਵੀ ਸੀਟ ਦੇਣ ਤੋਂ ਇਨਕਾਰ ਕਰਦੀ ਹੈ। ਭਾਵੇਂ ਕਿ ਹਰਿਆਣਾ ਭਾਜਪਾ ਨੇ ਸ਼੍ਰੋਮਣੀ ਅਕਾਲੀ ਅਕਾਲੀ ਦਲ (ਬਾਦਲ) ਨੂੰ ਕੋਈ ਸੀਟ ਦੇਣ ਜਾਂ ਨਾ ਦੇਣ ਦਾ ਫੈਸਲਾ ਭਾਜਪਾ ਹਾਈ ਕਮਾਂਡ ਉੱਤੇ ਛੱਡ ਦਿੱਤਾ ਹੈ। ਜੇਕਰ ਸ਼੍ਰੋਮਣੀ ਅਕਾਲੀ ਦਲ ਨੂੰ ਹਰਿਆਣਾ ਵਿੱਚ ਭਾਜਪਾ ਕੋਈ ਸੀਟ ਦੇਣ ਦੀ ਮਿਹਰਬਾਨੀ ਨਹੀਂ ਕਰਦੀ ਤਾਂ ਕੀ ਫਿਰ ਉਹ ਇਕੱਲਿਆਂ ਚੋਣ ਲੜੇਗਾ ਜਾਂ ਫਿਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਰਾਣੇ ਮਿੱਤਰ ਚੋਟਾਲਿਆਂ ਨਾਲ ਭਾਈਵਾਲੀ ਕਰੇਗਾ। ਚੋਟਾਲਾ ਪਰਿਵਾਰ ਕਿਉਂਕਿ ਖੇਰੂੰ-ਖੇਰੂੰ ਹੋ ਚੁੱਕਾ ਹੈ, ਇਸ ਕਰਕੇ ਉਹਨਾਂ ਨਾਲ




ਕੀਤੀ ਭਾਈਵਾਲੀ ਸ਼ਾਇਦ ਸ਼੍ਰੋਮਣੀ ਅਕਾਲੀ ਦਲ ਨੂੰ ਮਹਿੰਗੀ ਪਵੇ। ਉਂਜ ਦੇਰ-ਸਵੇਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਇਹ ਗੱਲ ਪ੍ਰਵਾਨ ਕਰ ਲੈਣੀ ਚਾਹੀਦੀ ਹੈ ਕਿ ਹਰਿਆਣਾ ਤੋਂ ਬਾਅਦ ਪੰਜਾਬ ਵਿੱਚ ਵੀ ਭਾਜਪਾ 'ਅਕੇਲੇ ਚਲੋ' ਦੀ ਨੀਤੀ ਨੂੰ ਅਪਨਾਏਗੀ। ਜਿਸ ਬਾਰੇ ਸਮੇਂ ਸਮੇਂ ਭਾਜਪਾ ਦੇ ਨੇਤਾ ਪੰਜਾਬ ਵਿਧਾਨ ਸਭਾ ਵਿੱਚ ਅੱਗੋਂ ਅੱਧੀਆ ਸੀਟਾਂ ਉੱਤੇ ਹੱਕ ਜਿਤਾ ਰਹੇ ਹਨ ਅਤੇ ਪੰਜਾਬ ਵਿੱਚ ਆਪਣਾ ਮੁੱਖ ਮੰਤਰੀ ਬਣਾਉਣ ਦੀ ਗੱਲ ਸੋਚ ਰਹੇ ਹਨ ਜਿਵੇਂ ਕਿ ਭਾਜਪਾ ਨੇ ਮਹਾਰਾਸ਼ਟਰ ਵਿੱਚ ਆਪਣੀ ਭਾਈਵਾਲ ਸ਼ਿਵ ਸੈਨਾ ਨਾਲ ਕੀਤਾ ਹੋਇਆ ਹੈ। ਪੰਜਾਬ ਵਿਚਲੀ ਢਾਈ ਵਰ੍ਹਿਆਂ ਦੀ ਕਾਂਗਰਸ ਸਰਕਾਰ, ਸੂਬੇ ਵਿੱਚ ਢਾਈ ਕੰਮ ਕਰਕੇ ਪੰਜਾਬ ਵਿਚਲੀਆਂ ਸਮੁੱਚੀਆਂ ਚਾਰ ਸੀਟਾਂ ਜਿੱਤਣ ਦਾ ਦਾਅਵਾ ਕਰ ਰਹੀ ਹੈ। ਇਹਨਾਂ ਚਾਰੋਂ ਸੀਟਾਂ ਵਿੱਚੋਂ ਪਿਛਲੀ ਵਿਧਾਨ ਸਭਾ ਵਿੱਚ ਉਸਦੇ ਪੱਲੇ ਸਿਰਫ਼ ਮੁਕੇਰੀਆਂ ਹਲਕੇ ਦੀ ਸੀਟ ਪਈ ਸੀ, ਜਦਕਿ ਜਲਾਲਾਬਾਦ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੁਖਬੀਰ ਸਿੰਘ ਬਾਦਲ, ਦਾਖਾ ਤੋਂ ਆਮ ਆਦਮੀ ਪਾਰਟੀ ਦੇ ਐਡਵੋਕੇਟ ਐੱਚ.ਐੱਸ. ਫੂਲਕਾ ਅਤੇ ਫਗਵਾੜਾ ਤੋਂ ਭਾਜਪਾ ਦੇ ਸੋਮ ਪ੍ਰਕਾਸ਼ ਜਿੱਤੇ ਸਨ। ਹੁਣ ਵੀ ਫਗਵਾੜਾ ਅਤੇ ਮੁਕੇਰੀਆਂ ਸੀਟਾਂ ਤੋਂ ਭਾਜਪਾ ਅਤੇ ਦਾਖਾ ਅਤੇ ਜਲਾਲਾਬਾਦ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਚੋਣ ਲੜੇਗਾ। ਬਿਨਾਂ ਸ਼ੱਕ ਮੁਕਾਬਲਾ ਪੰਜਾਬ ਦੀਆਂ ਇਹਨਾਂ ਜ਼ਿਮਨੀ ਚੋਣਾਂ ਵਿੱਚ ਕਾਂਗਰਸ ਅਤੇ ਰਿਵਾਇਤੀ ਵਿਰੋਧੀ ਅਕਾਲੀ-ਭਾਜਪਾ ਦਰਮਿਆਨ ਹੋਏਗਾ। ਦੂਜੀਆਂ ਪਾਰਟੀਆਂ ਆਪੋ-ਆਪਣੇ ਉਮੀਦਵਾਰ ਖੜ੍ਹੇ ਕਰਨਗੀਆਂ ਭਾਵੇਂ ਕਿ ਉਹ ਇੱਕਲਿਆਂ ਚੋਣ ਜਿੱਤਣ ਦੇ ਸਮਰੱਥ ਨਹੀਂ ਹਨ, ਪਰ ਕਿਸੇ ਵੀ ਕਾਂਗਰਸ ਜਾਂ ਭਾਜਪਾ ਜਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਦੇ ਜੜ੍ਹੀਂ ਬੈਠ ਸਕਦੀਆਂ ਹਨ। ਉਦਾਹਰਨ ਦੇ ਤੌਰ ਉੱਤੇ ਫਗਵਾੜਾ ਵਿੱਚ ਬਸਪਾ ਅਤੇ ਲੋਕ ਇਨਸਾਫ ਪਾਰਟੀ ਦੇ ਉਮੀਦਵਾਰ ਆਪਣੀ ਚੰਗੀ ਹੋਂਦ ਪਿਛਲੀਆਂ ਚੋਣਾਂ ਵਿੱਚ ਵਿਖਾ ਚੁੱਕੇ ਹਨ। ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਲੋਕਾਂ ਦੇ ਸੁਫ਼ਨਿਆਂ ਨੂੰ ਪੂਰਿਆਂ ਨਹੀਂ ਕੀਤਾ ਜਾ ਰਿਹਾ ਜਿਸਦੀ ਤਵੱਕੋ ਨੌਜਵਾਨਾਂ ਲਈ ਉਹਨਾਂ ਨੂੰ ਕਾਂਗਰਸ ਸਰਕਾਰ ਵੇਲੇ ਨੌਕਰੀਆਂ ਦਾ ਪ੍ਰਬੰਧ ਕਰਕੇ ਦੇਣ ਦੀ ਕੀਤੀ ਸੀ। (ਭਾਵੇਂ ਕਿ ਦਾਅਵੇ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਕੀਤੇ ਜਾ ਰਹੇ ਹਨ) ਹੁਣ ਚੋਣਾਂ ਤੋਂ ਪਹਿਲਾਂ 19000 ਸਰਕਾਰੀ ਨੌਕਰੀਆਂ ਭਰਨ ਦੇ ਹੁਕਮ ਨੌਜਵਾਨਾਂ ਨੂੰ ਤਸੱਲੀ ਦੇਣ ਵਾਲੇ ਹਨ ਪਰ ਪੰਜਾਬ ਦੇ ਨੌਜਵਾਨ ਵਿਦੇਸ਼ ਜਾਣ ਦੇ ਔਝੜੇ ਰਾਹ ਫੜਕੇ ਇੱਥੋਂ ਦੇ ਸਿਆਸੀ ਮਾਹੌਲ ਤੋਂ ਉਕਤਾ ਚੁੱਕੇ ਹਨ।

ਨਸ਼ਿਆਂ ਨੂੰ ਕਾਬੂ ਕਰਨ ਲਈ ਉਪਰਾਲੇ ਤਾਂ ਵਧੇਰੇ ਹਨ, ਪਰ ਇਸ ਲੰਮੀ ਬੀਮਾਰੀ ਨੇ ਪੰਜਾਬ ਦੇ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਦਾ ਪਿੱਛਾ ਨਹੀਂ ਛੱਡਿਆ। ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਪਹਿਲ ਕਦਮੀਂ ਤਾਂ ਜ਼ਰੂਰ ਹੋਈ ਹੈ, ਇਹ ਕਰਜ਼ੇ ਮੁਆਫ਼ੀ ਦੀ ਪਹੁੰਚ ਬਹੁਤੇ ਥਾਂਈਂ ਉਹਨਾਂ ਲੋਕਾਂ ਕੋਲ ਨਹੀਂ ਪੁੱਜੀ ਸਗੋਂ ਸਿਆਸੀ ਲੋਕਾਂ ਦੀ ਹਾਜ਼ਰੀ ਭਰਦੇ ਕੁਝ ਲੋਕ ਇਸਦਾ ਲਾਹਾ ਲੈ ਗਏ ਹਨ। ਵਧ ਰਹੀ ਮਹਿੰਗਾਈ, ਡੀਜ਼ਲ-ਪੈਟਰੋਲ ਦੇ ਵਧ ਰਹੇ ਭਾਅ, ਖੇਤੀ ਉੱਤੇ ਅੰਤਾਂ ਦਾ ਖ਼ਰਚਾ ਖ਼ਾਸ ਕਰਕੇ ਕਿਸਾਨਾਂ ਨੂੰ ਆਤਮ ਹੱਤਿਆ ਦੇ ਰਾਹ ਪਾ ਰਿਹਾ ਹੈ। ਇਸ ਸਬੰਧੀ ਸਰਕਾਰ ਕਾਂਗਰਸ ਨੇ ਵੱਡੇ ਦਾਈਏ ਕੀਤੇ ਸਨ, ਪਰ ਕੋਈ ਵਿਸ਼ੇਸ਼ ਕਾਰਜ ਯੋਜਨਾ ਤਿਆਰ ਨਹੀਂ ਕੀਤੀ ਗਈ, ਜਿਸ ਨਾਲ ਕਿਸਾਨਾਂ ਨੂੰ ਕੁਝ ਰਾਹਤ ਮਿਲਦੀ। ਘੱਟੋ-ਘੱਟ ਉਸਦੀ ਫ਼ਸਲ ਸਰਕਾਰ ਖੇਤਾਂ ਵਿੱਚੋਂ ਚੁੱਕਣ ਦਾ ਪ੍ਰਬੰਧ ਕਰਦੀ, ਝੋਨੇ ਦੀ ਪਰਾਲੀ ਨੂੰ ਸਮੇਟਣ ਦਾ ਪ੍ਰਬੰਧ ਸਰਕਾਰ ਵਲੋਂ ਹੁੰਦਾ, ਛੋਟੇ-ਛੋਟੇ ਕਰਜ਼ੇ ਤੇਲ, ਬੀਜ, ਖ਼ਰੀਦ ਲਈ ਉਹਨਾਂ ਨੂੰ ਮਿਲਦੇ ਤੇ ਉਹਨਾਂ ਨੂੰ ਆਮ ਵਾਂਗ ਆੜ੍ਹਤੀਆਂ ਦੀ ਲੁੱਟ ਦਾ ਸ਼ਿਕਾਰ ਨਾ ਹੋਣਾ ਪੈਂਦਾ। ਇਹਨਾਂ ਢਾਈ ਵਰ੍ਹਿਆਂ ਵਿੱਚ ਕਾਂਗਰਸ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਪਿੰਡਾਂ ਦੀਆਂ ਲਿੰਕ ਸੜਕਾਂ ਨਹੀਂ ਬਣ ਸਕੀਆਂ। ਬਹੁਤ ਸਾਰੇ ਫੰਡ ਜਿਹੜੇ ਵੱਖੋ-ਵੱਖਰੀਆਂ ਯੋਜਨਾਵਾਂ ਤਹਿਤ ਕੇਂਦਰੀ ਸਰਕਾਰ ਤੋਂ ਅਟੇਰੇ ਜਾ ਸਕਦੇ ਸਨ, ਉਹ ਪੰਜਾਬ ਦੀ ਅਫ਼ਸਰਸ਼ਾਹੀ ਆਪਣੇ ਅਵੇਸਲੇ ਸੁਭਾਅ ਕਾਰਨ ਪ੍ਰਾਪਤ ਨਹੀਂ ਕਰ ਸਕੀ। ਸਿਰਫ਼ ਟੈਕਸਾਂ ਦੇ ਪੈਸੇ ਨਾਲ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਪ੍ਰਬੰਧ ਕਰਕੇ ਸਰਕਾਰ ਚਲਾਈ ਜਾਣਾ, ਆਪਣਿਆਂ ਨੂੰ ਅਹੁਦੇ ਵੰਡਕੇ ਵਾਹ-ਵਾਹ ਖੱਟ-ਲੈਣਾ, ਕਿਵੇਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਬਿਨਾਂ ਸ਼ੱਕ ਸਰਕਾਰ ਬਣਾਉਣ ਵਾਲੀ ਪਾਰਟੀ ਦੇ ਵਰਕਰ ਨੇਤਾ ਸਰਕਾਰੇ ਦਰਬਾਰੇ ਆਪਣੀ ਸੱਦ ਪੁੱਛ ਚਾਹੁੰਦੇ ਹਨ, ਜਿਹੜੀ ਕਿ ਕਾਂਗਰਸ ਦੀ ਸਰਕਾਰ ਆਪਣੇ ਵਰਕਰਾਂ ਨੂੰ ਨਹੀਂ ਦੇ ਰਹੀ, ਜਿਸ ਕਾਰਨ ਵਰਕਰਾਂ ਅਤੇ ਨੇਤਾਵਾਂ ਦੇ ਹੌਸਲੇ ਪਸਤ ਹੋਏ ਦਿਸਦੇ ਹਨ। ਤਦ ਵੀ ਕਾਂਗਰਸ ਦੀ ਹਾਈ ਕਮਾਂਡ ਦੀ ਥਾਪੀ ਪ੍ਰਾਪਤ ਕਰਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਮੁੜਕੇ ਫਿਰ ਸੁਨੀਲ ਜਾਖੜ ਨੂੰ ਸੂਬੇ ਦੀ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰਵਾ ਲਿਆਇਆ ਹੈ ਜਦਕਿ ਤਿੰਨ ਹੋਰ ਰਾਜਾਂ ਦੇ ਪ੍ਰਧਾਨ ਹਾਈ ਕਮਾਂਡ ਵਲੋਂ ਬਦਲ ਦਿੱਤੇ ਗਏ ਹਨ। ਇਸੇ ਪ੍ਰਭਾਵ ਅਧੀਨ ਪੂਰੇ ਜ਼ਜ਼ਬੇ ਨਾਲ ਪੰਜਾਬ ਕਾਂਗਰਸ ਆਪਣੇ ਚਾਰੋਂ ਵਿਧਾਇਕਾਂ ਦੀ ਚੋਣ ਕਰਕੇ ਮੈਦਾਨ ਵਿੱਚ ਉਤਾਰੇਗੀ ਅਤੇ ਹਰ ਵਾਹ ਲਾਏਗੀ ਕਿ ਉਹ ਪੰਜਾਬ ਵਿੱਚ ਆਪਣੀ ਸਾਖ ਬਚਾਈ ਰੱਖੇ ਕਿਉਂਕਿ ਪਾਰਲੀਮਾਨੀ ਚੋਣਾਂ ਵਿੱਚ ਪੰਜਾਬ ਨੂੰ ਛੱਡਕੇ ਪੂਰੇ ਦੇਸ਼ ਵਿੱਚ ਕਾਂਗਰਸ ਦੀ ਵੱਡੀ ਕਿਰਕਿਰੀ ਹੋਈ ਹੈ। ਰਾਸ਼ਟਰੀ ਤਿਉਹਾਰਾਂ ਦੇ ਮੌਸਮ ਵਿੱਚ ਰੱਖੀਆਂ ਗਈਆਂ ਚੋਣਾਂ, ਉਸ ਵੇਲੇ ਹੋਰ ਵੀ ਵੱਡੇ ਮਾਹਨੇ ਰੱਖਦੀਆਂ ਹਨ, ਜਦਕਿ ਦੇਸ਼ ਦੀ ਆਰਥਿਕਤਾ ਡਾਵਾਂਡੋਲ ਹੈ ਅਤੇ ਇਸ ਨੂੰ ਠੁੰਮਣਾ ਕੇਂਦਰ ਦੀ ਸਰਕਾਰ ਦੇਣ ਤੋਂ ਯਤਨਾਂ ਦੇ ਬਾਵਜੂਦ ਵੀ ਅਸਮਰੱਥ ਹੋ ਰਹੀ ਹੈ। ਪੰਜਾਬ ਵਿੱਚ ਝੋਨੇ ਦੀ ਕਟਾਈ ਦੇ ਨਾਲ-ਨਾਲ ਲੋਕਾਂ ਨੂੰ ਚੋਣਾਂ ਦੀ ਤਿਆਰੀ ਲਈ ਵਕਤ ਕੱਢਣਾ ਹੋਏਗਾ, ਪਰ ਨਿਰਾਸ਼ ਲੋਕ ਸਮੇਤ ਸੂਬੇ ਦੇ ਨਿਰਾਸ਼ ਮੁਲਾਜ਼ਮ ਇਹਨਾਂ ਚੋਣਾਂ ਵਿੱਚ ਸ਼ਾਇਦ ਉਨੀ ਦਿਲਚਸਪੀ ਨਾ ਲੈਣ, ਜਿੰਨੀ ਕਿ ਆਮ ਤੌਰ 'ਤੇ ਪੰਜਾਬੀ ਆਮ ਚੋਣਾਂ ਵਿੱਚ ਲੈਂਦੇ ਹਨ।

# ਇਕ ਰਾਸ਼ਟਰ ਇਕ ਭਾਸ਼ਾ ਦਾ ਨਾਅਰਾ ਖ਼ਤਰਨਾਕ



**ਪਰਮਜੀਤ ਸਿੰਘ ਢੀਂਗਰਾ**

ਭਾਰਤ ਸ਼ਾਇਦ ਦੁਨੀਆ ਦਾ ਇਕੋ ਇਕ ਅਜਿਹਾ ਦੇਸ਼ ਹੈ ਜਿਥੇ ਸੈਂਕੜੇ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ। ਦੁਨੀਆ ਭਰ ਦੀਆਂ 6800 ਜ਼ਬਾਨਾਂ ਵਿਚੋਂ ਕੇਵਲ 65 ਜ਼ਬਾਨਾਂ ਅਜਿਹੀਆਂ ਹਨ ਜਿਨ੍ਹਾਂ ਦੇ ਬੋਲਣਹਾਰੇ ਇਕ ਕਰੋੜ ਤੋਂ ਲੈ ਕੇ ਕਈ ਕਰੋੜ ਤੱਕ ਹਨ। ਇਨ੍ਹਾਂ 65 ਜ਼ਬਾਨਾਂ ਵਿਚ ਭਾਰਤ ਵਿਚਲੀਆਂ ਬੰਗਾਲੀ, ਤਾਮਿਲ, ਪੰਜਾਬੀ, ਤੈਲਗੂ, ਮਰਾਠੀ, ਕੰਨੜ, ਗੁਜਰਾਤੀ, ਸਿੰਧੀ, ਅਸਾਮੀ, ਉੜੀਆ, ਹਿੰਦੀ, ਮਲਿਆਲਮ, ਰਾਜਸਥਾਨੀ ਆਦਿ ਸ਼ਾਮਿਲ ਹਨ। 1991 ਦੀ ਮਰਦਮ ਸ਼ੁਮਾਰੀ ਵਿਚ 1652 ਜ਼ਬਾਨਾਂ ਦਰਜ ਹੋਈਆਂ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਨੂੰ ਲੋਕਾਂ ਨੇ ਮਾਤ ਭਾਸ਼ਾ ਵਜੋਂ ਦਰਜ ਕਰਾਇਆ। ਇਨ੍ਹਾਂ ਸਾਰੀਆਂ ਭਾਸ਼ਾਵਾਂ ਦੇ ਕੋਸ਼, ਵਿਆਕਰਨ, ਉਚਾਰਨ ਵੱਖਰੇ-ਵੱਖਰੇ ਹਨ। ਇਨ੍ਹਾਂ ਤੋਂ ਇਲਾਵਾ 1796 ਜ਼ਬਾਨਾਂ ਨੂੰ ਦੂਸਰੀਆਂ ਹੋਰ ਮਾਂ ਬੋਲੀਆਂ ਦੇ ਵਰਗ ਵਿਚ ਰੱਖਿਆ ਗਿਆ ਹੈ। ਅਨੁਮਾਨ ਹੈ ਕਿ ਪਿਛਲੇ ਦਸਾਂ ਵਰ੍ਹਿਆਂ 'ਚ ਇਨ੍ਹਾਂ 3448 ਭਾਸ਼ਾਵਾਂ ਤੇ ਉਪ ਭਾਸ਼ਾਵਾਂ ਵਿਚੋਂ ਕਾਫੀ ਮਰ ਚੁੱਕੀਆਂ ਹਨ ਤੇ ਬਹੁਤ ਸਾਰੀਆਂ ਖ਼ਤਮ ਹੋਣ ਦੇ ਕੰਢੇ ਹਨ। ਭਾਰਤੀ ਭਾਸ਼ਾਵਾਂ ਦਾ ਇਹ ਰੰਗਲਾ ਦ੍ਰਿਸ਼ ਵੱਡੇ ਮਹੱਤਵ ਵਾਲਾ ਹੈ। ਪਰ ਇਨ੍ਹਾਂ ਭਾਸ਼ਾਵਾਂ ਦੀ ਤਰੱਕੀ ਤੇ ਸਾਂਭ-ਸੰਭਾਲ ਦੀ ਬਜਾਏ ਇਨ੍ਹਾਂ 'ਤੇ ਇਕ ਭਾਸ਼ਾ ਠੋਸਣ ਦੇ ਯਤਨ ਹੋ ਰਹੇ ਹਨ। ਇਨ੍ਹਾਂ ਵਿਚੋਂ ਕਈ ਭਾਸ਼ਾਵਾਂ ਵਿਧਾਨਕ ਮਾਨਤਾ ਲਈ ਤਰਸ ਰਹੀਆਂ ਹਨ। ਲੋਕ ਉਨ੍ਹਾਂ ਲਈ ਜੱਦੋ-ਜਹਿਦ ਕਰ ਰਹੇ ਹਨ, ਵਿਸ਼ੇਸ਼ ਕਰਕੇ ਰਾਜਸਥਾਨੀ ਲਈ।

ਪਿਛਲੇ ਦਿਨੀਂ ਭਾਸ਼ਾ ਦੇ ਸਬੰਧ ਵਿਚ ਦੋ ਘਟਨਾਵਾਂ ਵਾਪਰੀਆਂ। ਪਹਿਲੀ ਇਹ ਕਿ ਦੇਸ਼ ਦੇ ਗ੍ਰਹਿ ਮੰਤਰੀ ਨੇ ਦੇਸ਼ ਲਈ ਇਕ ਰਾਸ਼ਟਰ, ਇਕ ਭਾਸ਼ਾ ਦਾ ਨਾਅਰਾ ਦਿੱਤਾ। ਜੇ ਇਸ ਦੀ ਤਹਿ ਵਿਚ ਜਾਈਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਰਾਜ ਕਰਨ ਵਾਲੀ ਪਾਰਟੀ ਆਪਣੀ ਵਿਚਾਰਧਾਰਕ ਨੀਤੀ ਨੂੰ ਦੇਸ਼ 'ਤੇ ਥੋਪ ਕੇ ਇਹਦੀ ਵੰਨ-ਸੁਵੰਨਤਾ ਨੂੰ ਢਾਹ ਲਾਉਣਾ ਚਾਹੁੰਦੀ ਹੈ। ਰਾਜ ਕਰਨ ਵਾਲੀ ਪਾਰਟੀ ਦਾ ਨਾਅਰਾ ਹਿੰਦ, ਹਿੰਦੂ, ਹਿੰਦੀ, ਹਿੰਦੂਤਵ ਇਕ ਤਰ੍ਹਾਂ ਨਾਲ ਉਹ ਨੀਤੀ ਹੈ ਜਿਹੜੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਇਸ ਨਾਅਰੇ ਦਾ ਦੇਸ਼ ਦੇ ਕਈ ਸੂਬਿਆਂ ਵਲੋਂ ਭਰਵਾਂ ਵਿਰੋਧ ਹੋਇਆ ਹੈ। ਤਾਮਿਲਨਾਡੂ ਵਿਚ ਡੀ. ਐਮ. ਕੇ. ਦੇ ਪ੍ਰਧਾਨ ਐਮ.ਕੇ. ਸਟਾਲਿਨ ਨੇ ਗ੍ਰਹਿ ਮੰਤਰੀ ਨੂੰ ਬਿਆਨ ਵਾਪਸ ਲੈਣ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਅਸੀਂ ਲਗਾਤਾਰ ਹਿੰਦੀ ਥੋਪੇ ਜਾਣ ਦਾ ਵਿਰੋਧ ਕਰਦੇ ਆ ਰਹੇ ਹਾਂ। ਇਸ ਬਿਆਨ ਨੇ ਸਾਨੂੰ ਝਟਕਾ ਦਿੱਤਾ ਹੈ। ਇਸ ਨਾਲ ਦੇਸ਼ ਦੀ ਏਕਤਾ 'ਤੇ ਅਸਰ ਪਏਗਾ। ਦੇਸ਼ ਨੂੰ ਇਕ ਭਾਸ਼ਾ ਦੀ ਲੋੜ ਨਹੀਂ। ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਕੋਈ ਭਾਸ਼ਾ ਥੋਪੀ ਨਹੀਂ ਜਾਣੀ ਚਾਹੀਦੀ। ਪੂਰਬੀ ਭਾਰਤ ਤੋਂ ਲੈ ਕੇ ਦੱਖਣੀ ਭਾਰਤ ਤੱਕ ਖੇਤਰੀ ਪਾਰਟੀਆਂ ਗ੍ਰਹਿ ਮੰਤਰੀ ਦੇ ਬਿਆਨ ਦਾ ਡਟਵਾਂ ਵਿਰੋਧ ਕਰ ਰਹੀਆਂ ਹਨ। ਤਾਮਿਲਨਾਡੂ ਦੀਆਂ ਖੇਤਰੀ ਪਾਰਟੀਆਂ ਡੀ.ਐਮ.ਕੇ., ਅੰਨਾ ਡੀ.ਐਮ.ਕੇ., ਪੀ.ਐਮ.ਕੇ. ਦੇ ਨੇਤਾਵਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਹਿੰਦੀ ਮਨਜ਼ੂਰ ਨਹੀਂ। ਵਾਇਕੋ ਨੇ ਕਿਹਾ ਹੈ ਕਿ ਜੇ ਹਿੰਦੀ ਥੋਪੀ ਗਈ ਤਾਂ ਦੇਸ਼ ਵੰਡਿਆ ਜਾਵੇਗਾ। ਪਾਂਡੀਚਰੀ ਦੇ ਸੀ.ਐਮ. ਨਰਾਇਣ ਸਵਾਮੀ ਨੇ ਵੀ ਇਹਦਾ ਵਿਰੋਧ ਕੀਤਾ ਹੈ। ਕਰਨਾਟਕ, ਕੇਰਲ, ਤੇਲੰਗਾਨਾ ਵਿਚ ਵੀ ਹਿੰਦੀ ਦਾ ਵਿਰੋਧ ਹੋ ਰਿਹਾ ਹੈ।

ਸੰਸਦ ਮੈਂਬਰ ਅਵੈਸੀ ਦਾ ਕਹਿਣਾ ਦਰੁਸਤ ਹੈ ਕਿ ਹਿੰਦੀ ਸਾਰੇ ਭਾਰਤੀਆਂ ਦੀ ਮਾਤ ਭਾਸ਼ਾ ਨਹੀਂ। ਹਰ ਸੂਬੇ ਦੀ ਆਪਣੀ ਮਾਤ ਭਾਸ਼ਾ ਹੈ। ਸੰਵਿਧਾਨ ਦਾ ਅਨੁਛੇਦ 29 ਹਰ ਭਾਰਤੀ ਨੂੰ ਵੱਖਰੀ ਭਾਸ਼ਾ, ਲਿੱਪੀ ਤੇ ਸੰਸਕ੍ਰਿਤੀ ਬਣਾਈ ਰੱਖਣ ਦਾ ਹੱਕ ਦਿੰਦਾ ਹੈ। ਅਨੁਛੇਦ 343 ਵਿਚ ਸੰਘ ਦੀ ਰਾਜ ਭਾਸ਼ਾ ਹਿੰਦੀ ਅਤੇ ਲਿੱਪੀ ਦੇਵਨਾਗਰੀ ਅੰਕਿਤ ਕੀਤੀ ਗਈ ਹੈ। ਇਸ ਵਿਚ ਕਿਤੇ ਵੀ ਰਾਸ਼ਟਰ ਭਾਸ਼ਾ ਦਾ ਜ਼ਿਕਰ ਨਹੀਂ। ਇਸ ਨੂੰ ਇਕ ਸੰਪਰਕ ਭਾਸ਼ਾ ਦੇ ਤੌਰ 'ਤੇ ਸਥਾਪਤ ਕੀਤਾ ਗਿਆ ਹੈ। ਅਨੁਛੇਦ 346-347 ਦੇ ਉਪ ਅਨੁਛੇਦ ਵਿਚ ਹਰ ਸੂਬੇ ਨੂੰ ਆਪਣੀ ਭਾਸ਼ਾ ਵਿਚ ਵਰਤੋਂ ਵਿਹਾਰ ਕਰਨ ਲਈ ਅਧਿਕਾਰ ਦਿੱਤਾ ਗਿਆ ਹੈ। ਭਾਰਤੀ ਸੰਵਿਧਾਨ ਵਿਚ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਦਾ ਦਰਜਾ ਪ੍ਰਾਪਤ ਹੈ। ਅਜਿਹੀ ਸੰਵਿਧਾਨਕ ਵਿਵਸਥਾ ਦੇ ਬਾਵਜੂਦ ਜਦੋਂ ਇਕ ਭਾਸ਼ਾ ਇਕ ਰਾਸ਼ਟਰ ਦਾ ਨਾਅਰਾ ਦਿੱਤਾ ਜਾਂਦਾ ਹੈ ਤਾਂ ਇਹ ਜਿਥੇ ਸੰਵਿਧਾਨ ਦੀ ਤੌਹੀਨ ਹੈ, ਉਥੇ ਭਾਸ਼ਾਈ ਵੰਨ-ਸੁਵੰਨਤਾ ਨੂੰ ਬਰਬਾਦ ਕਰਨ ਦੇ ਤੁੱਲ ਵੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਇਸ ਨਾਅਰੇ ਦਾ ਪੰਜਾਬ ਵਿਚਲੀ ਸਰਕਾਰੀ ਧਿਰ ਤੇ ਵਿਰੋਧੀ ਧਿਰ ਦੋਵਾਂ ਵਿਚੋਂ ਕਿਸੇ ਨੇ ਵਿਰੋਧ ਨਹੀਂ ਕੀਤਾ। ਰਾਜ ਕਰਨ ਵਾਲੀ ਕਾਂਗਰਸ ਪਾਰਟੀ ਨੇ ਪੰਜਾਬੀ ਭਾਸ਼ਾ ਨਾਲ ਕਦੇ ਵਫ਼ਾ ਨਹੀਂ ਕੀਤੀ, ਮੰਤਰੀਆਂ ਨੇ ਤਾਂ ਅਨੇਕਾਂ ਵਾਰ ਸਹੁੰ ਤੱਕ ਅੰਗਰੇਜ਼ੀ ਵਿਚ ਚੁੱਕੀ ਹੈ। ਇਹ ਪੰਜਾਬੀਆਂ ਨਾਲ ਅਤੇ ਪੰਜਾਬ ਰਾਜ ਭਾਸ਼ਾ ਐਕਟ ਨਾਲ ਧੋਖਾ ਹੈ। ਜਿਨ੍ਹਾਂ ਪੰਜਾਬੀਆਂ ਨੇ ਵੋਟਾਂ ਪਾ ਕੇ ਸਰਕਾਰ ਚੁਣੀ ਉਹਦੇ ਮੂੰਹੋਂ ਇਕ ਲਫਜ਼ ਵੀ ਇਸ ਨਾਅਰੇ ਖਿਲਾਫ਼ ਨਹੀਂ ਆਇਆ। ਵਿਰੋਧੀ ਪਾਰਟੀਆਂ ਨੇ ਵੀ ਕੋਈ ਪ੍ਰਤੀਕਰਮ ਜ਼ਾਹਿਰ ਨਹੀਂ ਕੀਤਾ। ਅਕਾਲੀ ਦਲ ਜਿਹੜਾ ਪੰਥਕ ਹੋਣ ਦੇ ਨਾਲ-ਨਾਲ ਪੰਜਾਬ ਦਾ ਹਿਤੈਸ਼ੀ ਹੋਣ ਦਾ ਦਮ ਭਰਦਾ ਹੈ, ਉਹ ਛੋਟੇ-ਮੋਟੇ ਮਸਲਿਆਂ 'ਤੇ ਵੱਡੇ-ਵੱਡੇ ਬਿਆਨ ਦਾਗਣ ਵਿਚ ਮਾਹਰ ਹੈ, ਉਸ ਨੇ ਵੀ ਪੰਜਾਬੀ ਦੇ ਹੱਕ ਲਈ ਨਾਅਰਾ ਨਹੀਂ ਮਾਰਿਆ। ਇਸ ਤੋਂ ਸਪੱਸ਼ਟ ਹੈ ਕਿ ਉਹ ਕੇਂਦਰ ਵਿਚ ਆਪਣੀ ਭਾਈਵਾਲੀ ਕਰਕੇ ਪੰਜਾਬੀਆਂ ਨੂੰ ਪਿੱਠ ਦਿਖਾ ਕੇ ਲੁਕਣਾ ਚਾਹੁੰਦਾ ਹੈ। ਇਹ ਜ਼ਰੂਰ ਹੈ ਕਿ ਕੁਝ ਧਾਰਮਿਕ ਸੰਸਥਾਵਾਂ ਨੇ ਇਸ ਮੁੱਦੇ 'ਤੇ ਪ੍ਰਤੀਕਰਮ ਦਿੱਤਾ ਹੈ ਜੋ ਸੁਆਗਤਯੋਗ ਹੈ।

ਪੰਜਾਬੀ ਦਾ ਕਾਂਗਰਸ ਤੇ ਅਕਾਲੀਆਂ ਨੇ ਸਭ ਤੋਂ ਜ਼ਿਆਦਾ ਨੁਕਸਾਨ ਕੀਤਾ ਹੈ। ਅਕਾਲੀ ਦਲ ਨੇ ਪੰਜਾਬੀ ਸੂਬੇ ਲਈ ਸੰਘਰਸ਼ ਜ਼ਰੂਰ ਕੀਤਾ ਪਰ ਉਹ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸਾਰੇ ਪੰਜਾਬੀ ਬੋਲਦੇ ਇਲਾਕੇ ਅਤੇ ਰਾਜਧਾਨੀ ਚੰਡੀਗੜ੍ਹ ਪੰਜਾਬੀ ਸੂਬੇ ਵਿਚ ਸ਼ਾਮਿਲ ਕਰਵਾਉਣ ਵਿਚ ਬੁਰੀ ਤਰ੍ਹਾਂ ਅਸਫ਼ਲ ਰਿਹਾ। ਕਾਂਗਰਸ ਨੇ ਵੀ ਹੋਛੀਆਂ ਰਾਜਨੀਤਕ ਚਾਲਾਂ ਚੱਲ ਕੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਹੀ ਰਹਿਣ ਦਿੱਤੇ। ਪੰਜਾਬ ਦੇ ਪਾਣੀਆਂ ਦੀ ਕਾਣੀ ਵੰਡ ਕਰ ਦਿੱਤੀ। ਪੰਜਾਬੀ ਭਾਸ਼ਾ ਤੇ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਕੋਈ ਵੀ ਪਾਰਟੀ ਸੰਜੀਦਾ ਨਹੀਂ। ਪੰਜਾਬ ਵਿਚੋਂ ਕੱਟ ਕੇ ਬਣੇ ਚੰਡੀਗੜ੍ਹ ਨੂੰ ਕੇਂਦਰ ਨੇ ਆਪਣੀ ਬਸਤੀ ਬਣਾ ਲਿਆ ਤੇ ਉਥੇ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਥੋਪ ਦਿੱਤੀ। ਅੱਜ ਜੇ ਪੰਜਾਬੀ ਦੀ ਤਰਸਯੋਗ ਹਾਲਤ ਹੈ ਤਾਂ ਇਹਦੇ ਲਈ ਸਿਆਸੀ ਦਲ ਜ਼ਿੰਮੇਵਾਰ ਹਨ।

ਇਥੇ ਹੀ ਬਸ ਨਹੀਂ ਜੰਮੂ ਅਤੇ ਰਾਜਸਥਾਨ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵਸਦੇ ਹਨ। ਹਰਿਆਣੇ ਅਤੇ ਦਿੱਲੀ ਵਿਚ ਵੀ ਪੰਜਾਬੀਆਂ ਦੀ ਵੱਡੀ ਗਿਣਤੀ ਮਿਲਦੀ ਹੈ ਤੇ ਸੰਵਿਧਾਨਕ ਵਿਵਸਥਾ ਅਨੁਸਾਰ ਉਥੇ ਵੀ ਪੰਜਾਬੀਆਂ ਨੂੰ ਆਪਣੀ ਭਾਸ਼ਾ, ਲਿੱਪੀ ਤੇ ਸੱਭਿਆਚਾਰ ਰੱਖਣ ਦਾ ਅਧਿਕਾਰ ਹੋਣਾ ਚਾਹੀਦਾ ਹੈ ਪਰ ਉਥੋਂ ਦੀਆਂ ਸਰਕਾਰਾਂ ਨੇ ਕਦੇ ਇਸ ਬਾਰੇ ਉਤਸ਼ਾਹ ਨਹੀਂ ਦਿਖਾਇਆ ਨਾ ਇਨ੍ਹਾਂ ਨੂੰ ਵਿਧਾਨਕ ਮਾਨਤਾ ਦਿੱਤੀ ਹੈ।

1966 ਤੋਂ ਪਹਿਲਾਂ ਪੰਜਾਬੀ ਦੀ ਸਥਿਤੀ ਦੋ-ਭਾਸ਼ਾਈ ਸੀ। 1961 ਵਿਚ ਪੰਜਾਬ ਦੇ ਹਿੰਦੂ ਸਮੁਦਾਏ ਨੇ ਪੰਜਾਬੀ ਮਾਤ ਭਾਸ਼ਾ ਹੁੰਦਿਆਂ ਵੀ ਆਪਣੀ ਭਾਸ਼ਾ ਤੋਂ ਮੁੱਖ ਮੋੜ ਲਿਆ ਤੇ ਹਿੰਦੀ ਦੇ ਹੱਕ ਵਿਚ ਭੁਗਤ ਗਏ। ਭਾਸ਼ਾਵਾਂ ਨੂੰ ਧਰਮ ਨਾਲ ਜੋੜਨ ਦੀ ਲੀਲ੍ਹਾ ਅੰਗਰੇਜ਼ਾਂ ਨੇ ਰਚਾਈ ਸੀ ਤੇ ਪੰਜਾਬ ਇਸ ਦਾ ਸ਼ਿਕਾਰ ਹੋ ਗਿਆ। ਪੰਜਾਬੀ ਸਾਰੇ ਪੰਜਾਬੀਆਂ ਦੀ ਸਾਂਝੀ ਜ਼ਬਾਨ ਸੀ ਪਰ ਇਸ ਨੂੰ ਸਿੱਖਾਂ ਨਾਲ ਖਾਹਮਖਾਹ ਜੋੜ ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ ਹੀ ਪੰਜਾਬ ਦੀ ਕੱਟ ਵੱਢ ਹੋਈ। ਉਧਰ ਜੰਮੂ ਵਿਚਲੀ ਡੋਗਰੀ ਪੰਜਾਬੀ ਦੀ ਇਕ ਉਪ ਭਾਸ਼ਾ ਸੀ। ਪਰ ਇਸ ਨੂੰ ਪੰਜਾਬੀ ਭਾਸ਼ਾ ਨਾਲੋਂ ਤੋੜ ਕੇ ਸੁਤੰਤਰ ਭਾਸ਼ਾ ਬਣਾ ਦਿੱਤਾ ਗਿਆ। ਇਥੇ ਹੀ ਬਸ ਨਹੀਂ ਡੋਗਰੀ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਦੀ ਥਾਂ ਦੇਵਨਾਗਰੀ ਲਿੱਪੀ ਦੇ ਦਿੱਤੀ ਗਈ। ਜਦ ਕਿ ਤਕਨੀਕੀ ਤੌਰ 'ਤੇ ਡੋਗਰੀ ਦਾ ਦੇਵਨਾਗਰੀ ਲਿੱਪੀ ਨਾਲ ਕੋਈ ਸਬੰਧ ਨਹੀਂ ਜੁੜਦਾ। ਹੌਲੀ-ਹੌਲੀ ਡੋਗਰੀ ਹਿੰਦੀ ਦੀ ਇਕ ਬੋਲੀ ਬਣ ਕੇ ਰਹਿ ਗਈ। ਹਰਿਆਣਵੀ, ਹਿਮਾਚਲੀ, ਰਾਜਸਥਾਨੀ, ਮੈਥਲੀ, ਅਵਧੀ, ਬ੍ਰਜ ਸੁਤੰਤਰ ਭਾਸ਼ਾਵਾਂ ਹੁੰਦੀਆਂ ਹੋਈਆਂ ਵੀ ਹਿੰਦੀ ਦੀਆਂ ਉਪ ਬੋਲੀਆਂ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਨੂੰ ਇਨ੍ਹਾਂ ਦਾ ਵਿਧਾਨਕ ਹੱਕ ਨਹੀਂ ਦਿੱਤਾ ਗਿਆ। ਜਿਨ੍ਹਾਂ ਭਾਸ਼ਾਵਾਂ ਨੂੰ ਦੇਵਨਾਗਰੀ ਲਿੱਪੀ ਨਾਲ ਮੜ੍ਹ ਦਿੱਤਾ ਗਿਆ। ਉਨ੍ਹਾਂ ਨੂੰ ਹੌਲੀ-ਹੌਲੀ ਹਿੰਦੀ ਨੇ ਜਜ਼ਬ ਕਰ ਲਿਆ।

ਇਸ ਦੇ ਨਾਲ ਦੂਸਰੀ ਘਟਨਾ ਭਾਸ਼ਾ ਵਿਭਾਗ ਪੰਜਾਬ ਦੇ ਵਿਹੜੇ ਵਿਚ ਹਿੰਦੀ ਦਿਵਸ ਮਨਾਏ ਜਾਣ ਸਮੇਂ ਵਾਪਰੀ। ਪੰਜਾਬੀ ਦੇ ਇਕ ਵਿਦਵਾਨ ਨੂੰ ਬੋਲਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਉਸ ਨੇ ਭਾਸ਼ਾਈ-ਵੰਨ ਸੁਵੰਨਤਾ ਤੇ ਇਸ ਦੇ ਆਪਸੀ ਸੰਵਾਦ ਬਾਰੇ ਗੱਲ ਕਰਦਿਆਂ ਕਹਿ ਦਿੱਤਾ ਕਿ ਕਿਸੇ ਸੂਬੇ ਵਿਚਲੀ ਦੂਸਰੀ ਭਾਸ਼ਾ ਵਿਚੋਂ ਉਥੋਂ ਦੀ ਮਿੱਟੀ ਦੀ ਮਹਿਕ ਆਉਣੀ ਚਾਹੀਦੀ ਹੈ। ਪਰ ਉਥੇ ਹਾਜ਼ਰ ਸਰਕਾਰੀ ਸੋਚ ਵਾਲਿਆਂ ਨੇ ਪੰਜਾਬੀ ਜ਼ਬਾਨ ਬਾਰੇ ਮੰਦਾ ਬੋਲ ਕੇ ਧਮਕੀ ਭਰੇ ਲਹਿਜੇ ਵਿਚ ਇਥੋਂ ਤੱਕ ਕਹਿ ਦਿੱਤਾ ਕਿ ਦੋ ਸਾਲਾਂ ਬਾਅਦ ਦੇਖਾਂਗੇ ਕਿ ਪੰਜਾਬੀ ਕੀ ਹੈ ? ਇਹ ਇਕ ਤਰ੍ਹਾਂ ਨਾਲ ਭਾਸ਼ਾਈ ਚੁਣੌਤੀ ਹੈ।

ਭਾਸ਼ਾਵਾਂ ਵਿਚ ਵੈਰ-ਵਿਰੋਧ ਵਾਲੀ ਸਥਿਤੀ ਬਸਤੀ ਕਾਲ ਤੋਂ ਤੁਰੀ ਆ ਰਹੀ ਹੈ। ਅੰਗਰੇਜ਼ਾਂ ਨੇ ਆਪਣੇ ਭਾਸ਼ਾਈ ਸਾਮਰਾਜ ਨੂੰ ਕਾਇਮ ਕਰਨ ਲਈ ਸਥਾਨਕ ਭਾਸ਼ਾਵਾਂ ਵਿਚ ਵੈਰ-ਵਿਰੋਧ ਪੈਦਾ ਕੀਤੇ। ਭਾਰਤ-ਪਾਕਿ ਵੰਡ ਵਿਚ ਭਾਸ਼ਾਵਾਂ ਦਾ ਵੀ ਵੱਡਾ ਰੋਲ ਸੀ। ਪੰਜਾਬ ਵਿਚ ਪੰਜਾਬੀ ਦੀ ਥਾਂ ਉਰਦੂ ਨੂੰ ਸਿੱਖਿਆ ਦਾ ਮਾਧਿਅਮ ਬਣਾ ਕੇ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਉਰਦੂ ਨੂੰ ਅਜਿਹੀ ਨਿਆਂ ਦੀ ਭਾਸ਼ਾ ਬਣਾਇਆ ਕਿ ਅਜੇ ਤੱਕ ਉਹਦਾ ਪ੍ਰਭਾਵ ਕਾਇਮ ਹੈ।

ਭਾਰਤੀ ਇਤਿਹਾਸ ਵਿਚ ਭਾਸ਼ਾਵਾਂ ਬਾਰੇ ਇਕ ਬੜੀ ਦਿਲਚਸਪ ਸਥਿਤੀ ਮਿਲਦੀ ਹੈ। ਮੁਗਲਾਂ ਦੇ ਰਾਜ ਵਿਚ ਦਰਬਾਰ ਦੀ ਭਾਸ਼ਾ ਫਾਰਸੀ ਸੀ, ਹੋਰ ਵੀ ਜਿਹੜੇ ਹਮਲਾਵਰ ਆਏ ਜੋ ਇਥੇ ਹੀ ਵਸ ਗਏ ਉਨ੍ਹਾਂ ਨੇ ਆਪਣੇ ਆਪ ਨੂੰ ਭਾਰਤੀਅਤਾ ਵਿਚ ਜਜ਼ਬ ਕਰ ਲਿਆ ਤੇ ਉਨ੍ਹਾਂ ਦੀਆਂ ਭਾਸ਼ਾਵਾਂ ਤੇ ਸ਼ਬਦਾਵਲੀ ਇਥੋਂ ਦੀਆਂ ਭਾਸ਼ਾਵਾਂ ਵਿਚ ਰਚ ਮਿਚ ਗਈ। ਪਰ ਅੰਗਰੇਜ਼ਾਂ ਨੇ ਨਾ ਤਾਂ ਆਪਣੇ ਆਪ ਨੂੰ ਭਾਰਤੀਅਤਾ ਵਿਚ ਆਤਮਸਾਤ ਕੀਤਾ ਤੇ ਨਾ ਹੀ ਇਥੋਂ ਕੁਝ ਸਿੱਖਿਆ। ਉਲਟਾ ਉਨ੍ਹਾਂ ਨੇ ਅੰਗਰੇਜ਼ੀ ਨੂੰ ਇਸ ਰੂਪ ਵਿਚ ਬੀਜਿਆ ਕਿ ਅੱਜ ਅੰਗਰੇਜ਼ੀ ਇਕ ਵੱਡਾ ਛਤਰ ਬਣ ਕੇ ਭਾਰਤੀ ਭਾਸ਼ਾਵਾਂ 'ਤੇ ਛਾਈ ਹੋਈ ਹੈ।

ਖੇਤਰੀ ਭਾਸ਼ਾਵਾਂ ਦੀ ਅਣਦੇਖੀ ਕਰਕੇ ਹੀ ਕੋਈ ਭਾਸ਼ਾ ਲਿੰਗੁਆ ਫਰੈਂਕਾ ਨਹੀਂ ਬਣ ਸਕੀ ਤੇ ਉਲਟਾ ਇਕ ਭਾਸ਼ਾ ਥੋਪਣ ਦੇ ਯਤਨ ਜਾਰੀ ਹਨ ਤੇ ਲੰਬੇ ਸਮੇਂ ਤੋਂ ਥੋਪਣ ਦੀ ਇਸ ਪ੍ਰਕਿਰਿਆ ਲਈ ਹਿੰਦੀ ਦੀ ਚੋਣ ਕੀਤੀ ਗਈ ਹੈ। ਅੱਜ ਜਿਵੇਂ ਹਿੰਦੀ ਸੰਸਕ੍ਰਿਤੀਕਰਨ ਕੀਤਾ ਗਿਆ ਹੈ ਇਹ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਪਰੇ ਹੈ। ਜੇ ਇਸ ਪ੍ਰਕਾਰ ਦੇ ਨਾਅਰੇ ਨੂੰ ਸਚਮੁੱਚ ਸਰਕਾਰ ਨੇ ਨੀਤੀਗਤ ਮਸਲਾ ਬਣਾ ਕੇ ਥੋਪ ਦਿੱਤਾ ਤਾਂ ਇਹ ਖੇਤਰੀ ਭਾਸ਼ਾਵਾਂ ਲਈ ਵੱਡਾ ਖ਼ਤਰਾ ਹੋਵੇਗਾ। ਮਾਤ ਭਾਸ਼ਾ ਵਿਚ ਜਿਊਂਦਾ ਮਨੁੱਖ ਕਿਸੇ ਦੂਸਰੀ ਭਾਸ਼ਾ ਨੂੰ ਨਹੀਂ ਝੱਲ ਸਕਦਾ।

ਪੰਜਾਬੀ ਭਾਸ਼ਾ ਦੀ ਪਰੰਪਰਾ ਇਤਿਹਾਸਕ ਰੂਪ ਵਿਚ ਅੱਜ ਤੋਂ ਅੱਠ ਸੌ ਵਰ੍ਹੇ ਪਹਿਲਾਂ ਬਾਬਾ ਫ਼ਰੀਦ ਦੇ ਸਲੋਕਾਂ ਨਾਲ ਜਨਮੀ ਸੀ। ਗੁਰੂ ਸਾਹਿਬਾਨ, ਸੂਫੀਆਂ, ਫ਼ਕੀਰਾਂ, ਕਿੱਸਾਕਾਰਾਂ, ਢਾਡੀਆਂ, ਰਾਗੀਆਂ, ਕਵੀਸ਼ਰਾਂ ਤੇ ਇਸ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਇਸ ਨੂੰ ਅਮੀਰ ਹੀ ਨਹੀਂ ਬਣਾਇਆ ਸਗੋਂ ਸਿਰ ਦਾ ਤਾਜ ਬਣਾ ਕੇ ਵੀ ਰੱਖਿਆ ਹੈ। ਅੱਜ ਤੱਕ ਇਹਨੂੰ ਰਾਜਸੀ ਛਤਰ ਛਾਇਆ ਨਹੀਂ ਮਿਲੀ ਪਰ ਦਰਿਆਵਾਂ ਦੀ ਰਵਾਨੀ, ਮਿੱਟੀ ਦੀ ਮਹਿਕ, ਕਿਰਤ ਦੇ ਗੁਣਾਂ ਨੇ ਇਸ ਨੂੰ ਤਾਕਤ ਬਖਸ਼ੀ ਹੈ। ਅੱਜ ਇਹ ਕੌਮਾਂਤਰੀ ਭਾਸ਼ਾ ਦਾ ਦਰਜਾ ਰੱਖਦੀ ਹੈ। ਡੇਢ ਸੌ ਮੁਲਕਾਂ ਵਿਚ ਵਸਦੇ ਪੰਜਾਬੀ ਜਿਥੇ ਇਸ ਨੂੰ ਪਿਆਰ ਕਰਦੇ ਹਨ ਉਥੇ ਇਹਦੇ ਪ੍ਰਚਾਰ ਤੇ ਪ੍ਰਸਾਰ ਲਈ ਯਤਨਸ਼ੀਲ ਹਨ। ਕਈ ਮੁਲਕਾਂ ਵਿਚ ਇਸ ਨੂੰ ਦੂਸਰੀ ਭਾਸ਼ਾ ਦਾ ਦਰਜਾ ਹਾਸਲ ਹੈ। ਅਜਿਹੀ ਭਾਸ਼ਾ ਨੂੰ ਝਗੜਾਲੂ ਜਾਂ ਮੰਦੀ ਕਹਿਣ ਤੋਂ ਭਾਵ ਹੈ ਕਿ ਤੁਸੀਂ ਉਸ ਪਰੰਪਰਾ ਨੂੰ ਗਾਲ੍ਹ ਕੱਢ ਰਹੇ ਹੋ ਜਿਸ ਨੇ ਮਧਕਾਲੀ ਵੰਨ ਸੁਵੰਨਤਾ 'ਚੋਂ ਜਿਊਣ ਦੀ ਜਾਚ ਦੱਸੀ ਹੈ।

ਕੀ ਅਜਿਹੀਆਂ ਗੌਰਵਸ਼ਾਲੀ ਭਾਸ਼ਾਵਾਂ ਨੂੰ ਭਾਸ਼ਾਈ ਸ਼ਾਵਨਵਾਦ ਹੇਠ ਮਿੱਧ ਦਿੱਤਾ ਜਾਏਗਾ ? ਖੇਤਰੀ ਭਾਸ਼ਾਵਾਂ ਲਈ ਇਹ ਵੱਡੇ ਸੰਕਟ ਦੀ ਘੜੀ ਹੈ। ਇਸ ਦਾ ਡਟਵਾਂ ਵਿਰੋਧ ਇਕ ਲਹਿਰ ਦੇ ਰੂਪ ਵਿਚ ਹੋਣਾ ਚਾਹੀਦਾ ਹੈ। ਇਹੋ ਜਿਹੀ ਪ੍ਰਤੀਬਧਤਾ ਦਿਖਾਉਣੀ ਚਾਹੀਦੀ ਹੈ ਕਿ ਇਹ ਸਿਰਫ ਭਾਸ਼ਾਵਾਂ ਦੇ ਗੁਆਚਣ ਦਾ ਮਸਲਾ ਹੀ ਨਹੀਂ ਸਗੋਂ ਸਾਡੀ ਹੋਂਦ ਦਾ ਵੀ ਮਸਲਾ ਹੈ। ਭਾਸ਼ਾ ਪ੍ਰਤੀ ਵਫ਼ਾਦਾਰੀ ਸਮੇਂ ਦੀ ਮੰਗ ਹੈ। ਇਸ ਲਈ ਭਾਵੇਂ ਰਾਜਨੀਤਕ ਧਿਰਾਂ ਖਾਮੋਸ਼ ਹਨ ਪਰ ਪੰਜਾਬੀਆਂ ਨੂੰ ਇਕ ਰਾਸ਼ਟਰ ਇਕ ਭਾਸ਼ਾ ਦੇ ਵਿਰੋਧ ਵਿਚ ਡਟਣਾ ਚਾਹੀਦਾ ਹੈ ਤਾਂ ਜੋ ਭਾਰਤ ਦੀਆਂ ਇਤਿਹਾਸਕ ਪਰੰਪਰਾਵਾਂ ਤੇ ਵੰਨ-ਸੁਵੰਨਤਾ ਨੂੰ ਕਾਇਮ ਰੱਖਿਆ ਜਾ ਸਕੇ। ਭਾਵੇਂ ਗ੍ਰਹਿ ਮੰਤਰੀ ਨੇ ਆਪਣੇ ਬਿਆਨ ਤੋਂ ਪੈਰ ਪਿੱਛੇ ਖਿੱਚ ਲਏ ਹਨ ਪਰ ਇਹਦਾ ਇਹ ਮਤਲਬ ਨਹੀਂ ਕਿ ਸਭ ਕੁਝ ਠੀਕ-ਠਾਕ ਹੈ। 2014 ਵਿਚ ਗ੍ਰਹਿ ਵਿਭਾਗ ਨੇ ਹਿੰਦੀ ਥੋਪਣ ਦੀ ਕੋਸ਼ਿਸ਼ ਕੀਤੀ ਸੀ ਉਦੋਂ ਵੀ ਵਿਰੋਧ ਤੋਂ ਬਾਅਦ ਸਰਕਾਰ ਪਿੱਛੇ ਹਟ ਗਈ ਸੀ। 2015, 2017, 2019 ਵਿਚ ਯੂਪੀਐਸਸੀ ਦੀਆਂ ਪ੍ਰੀਖਿਆਵਾਂ ਵਿਚ, ਨਵੀਂ ਸਿੱਖਿਆ ਨੀਤੀ ਤੇ ਹੋਰ ਕਈ ਮਸਲਿਆਂ ਵਿਚ ਹਿੰਦੀ ਥੋਪਣ ਤੇ ਖੇਤਰੀ ਭਾਸ਼ਾਵਾਂ ਨੂੰ ਛੁਟਿਆਉਣ ਦੇ ਯਤਨ ਹੋਏ ਹਨ। ਅੱਜ ਸਮੇਂ ਦੀ ਵੱਡੀ ਲੋੜ ਹੈ ਕਿ ਖੇਤਰੀ ਭਾਸ਼ਾਵਾਂ ਪ੍ਰਤੀ ਇਸ ਰਵੱਈਏ ਦੇ ਵਿਰੋਧ ਵਿਚ ਲਾਮਬੰਦ ਹੋ ਕੇ ਇਨ੍ਹਾਂ ਭਾਸ਼ਾਵਾਂ ਨੂੰ ਮਿਲੇ ਵਿਧਾਨਕ ਅਧਿਕਾਰ ਦੇ ਮੱਦੇਨਜ਼ਰ ਇਨ੍ਹਾਂ ਦੀ ਤਰੱਕੀ ਤੇ ਪ੍ਰਸਾਰ ਲਈ ਭਰਪੂਰ ਯਤਨ ਕੀਤੇ ਜਾਣ।



# ਸ਼੍ਰੋਮਣੀ ਅਕਾਲੀ ਦਲ ਹਰਿਆਣਾ 'ਚ ਇਕੱਲਿਆਂ ਚੋਣਾਂ ਲੜੇਗਾ

## *ਮਾਮਲਾ ਹਰਿਆਣਾ ਵਿਚ ਅਕਾਲੀ ਦਲ ਦੇ ਇਕੋ-ਇਕ ਵਿਧਾਇਕ ਬਲਕੌਰ ਸਿੰਘ ਨੂੰ ਭਾਜਪਾ 'ਚ ਸ਼ਾਮਲ ਕਰਨ ਦਾ*

**ਚੰਡੀਗੜ੍ਹ/ਏਟੀ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਤੇ ਬੀਜੇਪੀ ਵਿਚਾਲੇ ਖੜਕ ਗਈ ਹੈ। ਬੀਜੇਪੀ ਨੇ ਅਕਾਲੀ ਦਲ ਨੂੰ ਝਟਕਾ ਦਿੰਦਿਆਂ ਹਰਿਆਣਾ ਵਿਚ ਅਕਾਲੀ ਵਿਧਾਇਕ ਬਲਕੌਰ ਸਿੰਘ ਨੂੰ ਪੱਟ ਲਿਆ ਹੈ। ਇਸ ਦੇ ਨਾਲ ਹੀ ਅਕਾਲੀ ਦਲ ਦੀ ਮੰਗ ਮੁਤਾਬਕ ਸੀਟਾਂ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਹੈ। ਇਸ ਮਗਰੋਂ ਅਕਾਲੀ ਦਲ ਨੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਬਲਵਿੰਦਰ ਸਿੰਘ ਭੂੰਦੜ, ਬੀਬੀ ਜਗੀਰ ਕੌਰ, ਮਹੇਸ਼ਇੰਦਰ ਸਿੰਘ ਗਰੇਵਾਲ, ਉਪਿੰਦਰਜੀਤ ਕੌਰ, ਡਾ: ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ, ਨਿਰਮਲ ਸਿੰਘ ਕਾਹਲੋਂ, ਬਿਕਰਮ ਸਿੰਘ ਮਜੀਠੀਆ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਮਨਜਿੰਦਰ ਸਿੰਘ ਸਿਰਸਾ ਆਦਿ ਨੇ ਕਿਹਾ ਹੈ ਕਿ ਭਾਜਪਾ ਨੇ ਅਕਾਲੀ ਦਲ ਨਾਲ ਸਿਰਫ਼ ਵਿਸ਼ਵਾਸਘਾਤ ਹੀ ਨਹੀਂ ਕੀਤਾ, ਸਗੋਂ ਇਹ ਹਰਿਆਣਾ ਵਿਧਾਨ ਚੋਣਾਂ ਸਬੰਧੀ ਅਕਾਲੀ ਦਲ ਨਾਲ ਕੀਤੇ ਵਾਅਦਿਆਂ ਤੋਂ ਵੀ ਮੁੱਕਰੀ ਹੈ। ਕੋਰ ਕਮੇਟੀ ਨੇ ਇਹ ਵੀ ਕਿਹਾ ਕਿ ਇਹ ਭਾਜਪਾ ਹੀ ਸੀ, ਜਿਸ ਨੇ ਹਰਿਆਣਾ ਵਿਚ ਚੋਣਾਂ ਅਕਾਲੀ ਦਲ ਨਾਲ ਮਿਲ ਕੇ ਲੜਨ ਦਾ ਵਾਅਦਾ ਕੀਤਾ ਸੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਲੋਕ ਸਭਾ ਚੋਣਾਂ ਮੌਕੇ ਇਸ ਸਬੰਧੀ ਇਕ ਪ੍ਰੈੱਸ ਕਾਨਫ਼ਰੰਸ ਕਰ ਕੇ ਭਾਜਪਾ ਉਮੀਦਵਾਰਾਂ ਲਈ ਸਮਰਥਨ ਦੀ ਮੰਗ ਕਰਦਿਆਂ ਐਲਾਨ ਕੀਤਾ ਸੀ ਕਿ ਅਕਾਲੀ-ਭਾਜਪਾ ਹਰਿਆਣਾ ਵਿਧਾਨ ਸਭਾ ਚੋਣਾਂ ਸਾਂਝੇ ਤੌਰ 'ਤੇ ਲੜਨਗੇ। ਸ਼੍ਰੋਮਣੀ ਅਕਾਲੀ ਦਲ ਨੇ ਪੂਰੇ ਦੇਸ਼ ਅੰਦਰ ਭਾਜਪਾ ਨੂੰ ਸਮਰਥਨ ਦਿੱਤਾ ਸੀ। ਹੁਣ ਕੋਰ ਕਮੇਟੀ ਨੇ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਇਕੱਲਿਆਂ ਲੜਨ ਲਈ ਕਮਰ ਕੱਸਣ ਲਈ ਆਖਦਿਆਂ ਕਿਹਾ ਕਿ ਜਲਦੀ ਹੀ ਪਾਰਟੀ ਵਲੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ।





ਯਾਦ ਰਹੇ ਕਿ ਬੀਤੇ ਦਿਨੀਂ ਹਾਕੀ ਟੀਮ ਦੇ ਸਾਬਕਾ ਕਪਤਾਨ ਸੰਦੀਪ ਸਿੰਘ ਤੇ ਉਲੰਪਿਕ ਤਗਮਾ ਜੇਤੂ ਯੋਗੇਸ਼ਵਰ ਦੱਤ ਤੇ ਹਰਿਆਣਾ ਵਿਚ ਅਕਾਲੀ ਦਲ ਦੇ ਇਕੋ ਇਕ ਵਿਧਾਇਕ ਬਲਕੌਰ ਸਿੰਘ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ। ਉਹ ਇਸ ਸਮੇਂ ਰਾਜ ਵਿਧਾਨ ਸਭਾ ਵਿਚ ਰਾਖਵਾਂ ਹਲਕਾ ਕਾਲਾਂਵਾਲੀ ਦੀ ਪ੍ਰਤੀਨਿਧਤਾ ਕਰਦੇ ਹਨ। ਇਸ ਗੱਲ ਤੋਂ ਬਾਦਲ ਅਕਾਲੀ ਦਲ ਬਹੁਤ ਨਰਾਜ਼ ਹੈ ਕਿ ਉਹਨਾਂ ਦੇ ਵਿਧਾਇਕ ਨੂੰ ਪਾਰਟੀ ਵਿਚ ਕਿਉਂ ਸ਼ਾਮਲ ਕੀਤਾ ਗਿਆ ?

### ਪੰਜਾਬ ਦੀਆਂ ਚੋਣਾਂ 'ਤੇ ਵੀ ਰਗੜਾ ਲੱਗ ਸਕਦਾ ਏ ਗਠਜੋੜ ਨੂੰ-

ਭਾਜਪਾ ਵਲੋਂ ਹਰਿਆਣਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਵਿਧਾਇਕ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਨ ਤੋਂ ਬਾਅਦ ਅਕਾਲੀ-ਭਾਜਪਾ ਦੀ ਦਹਾਕਿਆਂ ਪੁਰਾਣੀ ਸਾਂਝ ਵਿਚ ਆਈ ਤਰੇੜ ਦਾ ਪਰਛਾਵਾਂ ਪੰਜਾਬ ਦੀਆਂ ਜ਼ਿਮਨੀ ਚੋਣਾਂ 'ਤੇ ਪੈਣ ਦੇ ਆਸਾਰ ਲੱਗ ਰਹੇ ਹਨ। ਭਾਵੇਂ ਅਕਾਲੀ ਲੀਡਰਸ਼ਿਪ ਵਲੋਂ ਪੰਜਾਬ ਤੇ ਦਿੱਲੀ ਵਿਚ ਦੋਵਾਂ ਪਾਰਟੀਆਂ ਦਾ ਗਠਜੋੜ ਕਾਇਮ ਰਹਿਣ ਦੀ ਗੱਲ ਕਹੀ ਗਈ ਹੈ, ਪਰ ਅਕਾਲੀ ਲੀਡਰਸ਼ਿਪ ਤੇ ਵਰਕਰਾਂ ਦੇ ਦਿਲਾਂ ਵਿਚ ਭਾਜਪਾ ਵਲੋਂ ਪਾਰਟੀ ਨਾਲ ਹਰਿਆਣਾ ਵਿਚ ਕੀਤੀ ਬੇਵਫ਼ਾਈ ਦਾ ਦਰਦ ਜ਼ਰੂਰ ਝਲਕ ਰਿਹਾ ਹੈ ਜੋ ਪੰਜਾਬ ਅੰਦਰ ਹੋਣ ਜਾ ਰਹੀਆਂ ਜ਼ਿਮਨੀ ਚੋਣਾਂ ਦੌਰਾਨ ਦੋਵਾਂ ਪਾਰਟੀਆਂ ਲਈ ਘਾਤਕ ਸਿੱਧ ਹੋ ਸਕਦਾ ਹੈ। ਦੂਸਰੇ ਪਾਸੇ ਵਿਧਾਨ ਸਭਾ ਸੀਟ ਜਲਾਲਾਬਾਦ 'ਤੇ ਸਭ ਤੋਂ ਵੱਧ ਦਿਲਚਸਪ ਮੁਕਾਬਲਾ ਦੇਖਣ ਨੂੰ ਮਿਲੇਗਾ ਕਿਉਂਕਿ ਇਥੋਂ ਭਾਵੇਂ ਸ਼੍ਰੋਮਣੀ ਅਕਾਲੀ ਦਲ ਵਲੋਂ ਰਾਜ ਸਿੰਘ ਡਿੱਬੀਪੁਰਾ ਤੇ ਕਾਂਗਰਸ ਵਲੋਂ ਰਮਿੰਦਰ ਸਿੰਘ ਆਂਵਲਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ, ਪਰ ਅਸਲ ਚੋਣ ਜੰਗ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕਾਂਗਰਸ ਪ੍ਰਧਾਨ ਸੁਨੀਲ ਕੁਮਾਰ ਜਾਖੜ ਦਰਮਿਆਨ ਹੀ ਹੋਵੇਗੀ। ਚਾਰ ਸੀਟਾਂ ਵਿਚੋਂ ਜਲਾਲਾਬਾਦ ਤੇ ਦਾਖਾ ਸ਼੍ਰੋਮਣੀ ਅਕਾਲੀ ਦਲ ਤੇ ਮੁਕੇਰੀਆਂ ਤੇ ਫਗਵਾੜਾ ਭਾਜਪਾ ਦੇ ਹਿੱਸੇ ਦੀਆਂ ਹਨ।

ਲੰਘੀਆਂ ਲੋਕ ਸਭਾ ਚੋਣਾਂ ਵਿਚ ਵੀ ਅਕਾਲੀਆਂ ਦੀ ਕਾਰਗੁਜ਼ਾਰੀ ਚੰਗੀ ਨਾ ਰਹਿਣ ਕਾਰਨ ਪੰਜਾਬ ਭਾਜਪਾ ਦੇ ਆਗੂ ਅਕਾਲੀ ਲੀਡਰਸ਼ਿਪ 'ਤੇ ਭਾਰੂ ਹੋਏ ਹਨ ਕਿਉਂਕਿ ਭਾਜਪਾ ਨੇ 3 ਲੋਕ ਸਭਾ ਸੀਟਾਂ 'ਤੇ ਚੋਣ ਲੜ ਕੇ ਦੋ ਜਿੱਤ ਲਈਆਂ ਸਨ ਤੇ ਅਕਾਲੀ ਦਲ ਨੇ 10 ਵਿਚੋਂ ਸਿਰਫ਼ ਦੋ ਹੀ ਸੀਟਾਂ ਜਿੱਤੀਆਂ ਸਨ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਜੇਕਰ ਅਕਾਲੀ ਦਲ ਅਤੇ ਭਾਜਪਾ ਦੇ ਆਗੂਆਂ ਨੇ ਆਪਣੀ-ਆਪਣੀ ਹੈਂਕੜਬਾਜ਼ੀ ਨਾ ਛੱਡੀ ਤਾਂ ਦੋਹਾਂ ਪਾਰਟੀਆਂ ਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ, ਜੋ ਕਾਂਗਰਸ ਲਈ ਅਤਿ ਫ਼ਾਇਦੇ ਵਾਲੀ ਗੱਲ ਹੋਵੇਗੀ ਤੇ ਅਕਾਲੀ-ਭਾਜਪਾ ਦੇ ਇਸ ਨੁਕਸਾਨ ਦੇ ਸਿੱਟੇ ਉਨ੍ਹਾਂ ਨੂੰ 2022 ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਭੁਗਤਣਗੇ ਪੈਣਗੇ।

### ਭਾਜਪਾ ਨੇ ਅਕਾਲੀਆਂ ਨੂੰ ਦਿਖਾਏ ਦਿਨੇ ਤਾਰੇ-

ਭਾਜਪਾ ਨੇ ਨਹੁੰ-ਮਾਸ ਦੇ ਰਿਸ਼ਤੇ ਨੂੰ ਭਲਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਨੂੰ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਹਰਿਆਣਾ ਵਿੱਚ ਗੱਠਜੋੜ ਤੋਂ ਇਨਕਾਰ ਮਗਰੋਂ ਬੀਜੇਪੀ ਪੰਜਾਬ ਵਿੱਚ ਵੀ ਝਟਕਾ ਦੇਣ ਲਈ ਤਿਆਰ ਹੈ। ਭਾਜਪਾ ਨੇ ਹੁਣ ਸ਼ਰੇਆਮ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਹੁਣ ਅਕਾਲੀ ਦਲ ਵੱਡਾ ਭਰਾ ਨਹੀਂ ਰਿਹਾ ਸਗੋਂ ਵੱਡੇ ਦੀ ਥਾਂ ਭਾਜਪਾ ਨੇ ਲੈ ਲਈ ਹੈ। ਪੰਜਾਬ ਬੀਜੇਪੀ ਦੇ ਸੀਨੀਅਰ ਲੀਡਰ ਤੇ ਸਾਬਕਾ ਮੰਤਰੀ ਮਦਨ ਮੋਹਨ ਮਿੱਤਲ ਨੇ ਕਿਹਾ ਕਿ ਹੁਣ ਵੱਡਾ ਭਰਾ ਹੋਣ ਦੇ ਨਾਤੇ ਭਾਜਪਾ ਨੂੰ 117 ਵਿਚੋਂ 59 ਸੀਟਾਂ ਮਿਲਣੀਆਂ ਚਾਹੀਦੀਆਂ ਹਨ। ਇਸ ਤੋਂ ਪਹਿਲਾਂ ਬੀਜੇਪੀ ਲੀਡਰ ਪੰਜਾਬ ਵਿੱਚ ਅਕਾਲੀ ਦਲ ਨੂੰ ਵੱਡਾ ਭਰਾ ਹੀ ਕਹਿੰਦੇ ਆਏ ਹਨ। ਉਂਝ ਮਿੱਤਲ ਨੇ ਅਕਾਲੀ ਦਲ-ਬੀਜੇਪੀ ਗੱਠਜੋੜ ਵਿੱਚ ਕਿਸੇ ਕਿਸਮ ਦੀ ਤਰੇੜ ਤੋਂ ਇਨਕਾਰ ਕੀਤਾ ਹੈ। ਮਿੱਤਲ ਨੇ ਕਿਹਾ ਕਿ ਹਰਿਆਣਾ ਅੰਦਰ ਨਾ ਤਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਾ ਕੋਈ ਗੱਠਜੋੜ ਸੀ ਤੇ ਨਾ ਹੀ ਹੈ। ਜਿੱਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਕੱਲੇ ਚੋਣਾਂ ਲੜਨ ਦਾ ਐਲਾਨ ਹੈ ਤਾਂ ਉਹ ਪਹਿਲਾਂ ਵੀ ਕਦੇ ਭਾਜਪਾ ਨਾਲ ਮਿਲ ਕੇ ਚੋਣਾਂ ਨਹੀਂ ਲੜਿਆ। ਇਸ ਲਈ ਹਰਿਆਣਾ ਦਾ ਕੋਈ ਵੀ ਅਸਰ ਪੰਜਾਬ ਅੰਦਰ ਗੱਠਜੋੜ ਦੇ ਰਿਸ਼ਤਿਆਂ 'ਤੇ ਨਹੀਂ ਪਵੇਗਾ। ਇਸ ਵੇਲੇ ਪੰਜਾਬ ਵਿੱਚ ਭਾਜਪਾ ਕੋਲ 23 ਸੀਟਾਂ ਹਨ। ਕੇਂਦਰ ਵਿੱਚ ਮੁੜ ਮੋਦੀ ਸਰਕਾਰ ਬਣਨ ਮਗਰੋਂ ਬੀਜੇਪੀ ਅੱਧੀਆਂ ਸੀਟਾਂ ਮੰਗਣ ਲੱਗੀ ਹੈ। ਮਿੱਤਲ ਦਾ ਕਹਿਣਾ ਹੈ ਕਿ ਅੱਜ ਸਮੁੱਚੇ ਦੇਸ਼ ਹੀ ਨਹੀਂ ਬਲਕਿ ਦੁਨੀਆਂ ਭਰ ਵਿਚੋਂ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਹੈ। ਭਾਜਪਾ ਨੇ ਪੰਜਾਬ ਵਿੱਚ ਵੀ ਪੂਰੀ ਪਕੜ ਬਣਾਈ ਹੈ ਤੇ ਵਰਕਰਾਂ ਨੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਅੱਜ ਵੱਡਾ ਭਰਾ ਸ਼੍ਰੋਮਣੀ ਅਕਾਲੀ ਦਲ ਨਹੀਂ ਬਲਕਿ ਭਾਜਪਾ ਹੈ। ਇਸ ਕਰਕੇ ਹੁਣ 117 'ਚੋਂ 59 ਸੀਟਾਂ 'ਤੇ ਬੀਜੇਪੀ ਤੇ 58 ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣ ਲੜਨੀ ਚਾਹੀਦੀ ਹੈ।

### ਹਰਿਆਣਾ 'ਚ ਅਕਾਲੀ-ਭਾਜਪਾ ਗੱਠਜੋੜ ਦੀਆਂ ਉਮੀਦਾਂ ਖ਼ਤਮ-

ਜਾਣਕਾਰ ਹਲਕਿਆਂ ਨੇ ਪ੍ਰਗਟਾਵਾ ਕੀਤਾ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਬਾਰੇ ਅੱਜ ਭਾਜਪਾ ਨੇ ਆਪਣੇ ਉਮੀਦਵਾਰਾਂ ਦੀ ਜੋ ਪਹਿਲੀ ਸੂਚੀ ਜਾਰੀ ਕੀਤੀ ਹੈ ਉਸ ਤੋਂ ਲਗਦਾ ਹੈ ਕਿ ਅਕਾਲੀਭਾਜਪਾ ਗਠਜੋੜ ਦੀ ਰਹਿੰਦੀ ਖੂੰਹਦੀ ਉਮੀਦ ਵੀ ਖ਼ਤਮ ਹੋ ਗਈ ਹੈ। ਵਰਨਣਯੋਗ ਹੈ ਕਿ ਭਾਜਪਾ ਨੇ ਉਨ੍ਹਾਂ ਹਲਕਿਆਂ ਵਿਚ ਵੀ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਜੋ ਪੰਜਾਬੀ ਗਲਬੇ ਵਾਲੇ ਹਨ ਤੇ ਜਿਨ੍ਹਾਂ 'ਤੇ ਅਕਾਲੀ ਆਪਣੇ ਉਮੀਦਵਾਰ ਤਕੜੀ ਦੇ ਚੋਣ ਨਿਸ਼ਾਨ 'ਤੇ ਉਮੀਦਵਾਰ ਮੈਦਾਨ ਵਿਚ ਉਤਾਰਨਾ ਚਾਹੁੰਦੇ ਹਨ। ਹੁਣ ਲਗਦਾ ਇੰਝ ਹੈ ਕਿ ਸ਼ਾਇਦ ਅਕਾਲੀ ਹੁਣ ਜਨ ਨਾਇਕ ਜਨਤਾ ਪਾਰਟੀ ਵੱਲ ਝੁਕਣ ਤੇ ਚੌਧਰੀ ਦੇਵੀ ਲਾਲ ਦੀ ਸੋਚ 'ਤੇ ਪਹਿਰਾ ਦੇਣ ਲਈ ਉਸ ਦੇ ਪੋਤਰੇ ਅਜੈ ਸਿੰਘ ਚੌਟਾਲਾ ਨਾਲ ਗਠਜੋੜ ਦੀ ਕੋਸ਼ਿਸ਼ ਕਰਨ। ਇਸ ਕੰਮ ਨੂੰ ਵੀ ਹੁਣ ਕੇਵਲ 4 ਦਿਨ ਬਾਕੀ ਹਨ। ਕਈ ਸੀਨੀਅਰ ਅਕਾਲੀ ਨੇਤਾ ਵੀ ਇਸ ਸਬੰਧ ਵਿਚ ਜੇ.ਜੇ.ਪੀ. ਦੇ ਕਰਤਾ ਧਰਤਾ ਦੁਸ਼ਅੰਤ ਚੌਟਾਲਾ ਨਾਲ ਸੰਪਰਕ ਬਣਾਇਆ ਹੋਇਆ ਹੈ, ਪਰ ਮੁਸ਼ਕਿਲ ਇਹ ਹੈ ਕਿ ਜੇ.ਜੇ.ਪੀ. ਨੇ ਉਨ੍ਹਾਂ ਹਲਕਿਆਂ ਤੋਂ ਆਪਣੇ ਕੁਝ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ, ਜਿਨ੍ਹਾਂ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਨਜ਼ਰਾਂ ਲਾ ਰੱਖੀਆਂ ਹਨ।

# ਪੰਜਾਬ ਜ਼ਿਮਨੀ ਚੋਣਾਂ 'ਚ ਟਿਕਟ ਵੰਡ ਕਾਰਨ ਪੀਡੀਏ ਵਿਚ ਪਈ ਫੁੱਟ

## *• ਬਾਦਲ ਦਲ-ਭਾਜਪਾ ਗੱਠਜੋੜ, ਕਾਂਗਰਸ ਤੇ 'ਆਪ' ਲੜਨਗੇ ਚੋਣਾਂ • ਟਕਸਾਲੀ ਦਲ ਹੋਇਆ ਹਵਾ ਹਵਾਈ*

**ਚੰਡੀਗੜ੍ਹ/ਏਟੀ ਨਿਊਜ਼ :**

ਲੋਕ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਤੀਸਰਾ ਸਿਆਸੀ ਬਦਲ ਦੇਣ ਦੇ ਨਾਅਰੇ ਨਾਲ ਬੜੇ ਜ਼ੋਰ-ਸ਼ੋਰ ਉਸਰਿਆ ਪੰਜਾਬ ਜਮਹੂਰੀ ਗੱਠਜੋੜ (ਪੀਡੀਏ) ਹੁਣ ਪੰਜਾਬ ਵਿਧਾਨ ਸਭਾ ਦੇ ਚਾਰ ਹਲਕਿਆਂ ਦੀਆਂ ਹੋ ਰਹੀਆਂ ਉਪ ਚੋਣਾਂ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਵੰਡਿਆ ਗਿਆ ਹੈ। ਜਿਸ ਕਾਰਨ ਇਨ੍ਹਾਂ ਉਪ ਚੋਣਾਂ ਵਿਚ ਦੋ ਰਵਾਇਤੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ-ਭਾਜਪਾ ਗੱਠਜੋੜ ਤੋਂ ਬਾਅਦ ਤੀਸਰੀ ਧਿਰ ਵਜੋਂ ਮੁੱਖ ਤੌਰ 'ਤੇ ਆਪ ਹੀ ਮੈਦਾਨ ਵਿੱਚ ਰਹਿ ਗਈ ਹੈ।



ਸੂਤਰਾਂ ਅਨੁਸਾਰ ਚਾਰ ਹਲਕਿਆਂ ਦੀਆਂ ਉਪ ਚੋਣਾਂ ਲਈ ਪੀਡੀਏ ਕੋਲ ਕੁੱਲ 4 ਉਮੀਦਵਾਰਾਂ ਦੀ ਵੀ ਘਾਟ ਹੋਣ ਦੇ ਬਾਵਜੂਦ ਇਸ ਵਿਚਲੀਆਂ ਧਿਰਾਂ ਇਕਸੁਰ ਨਹੀਂ ਹੋ ਸਕੀਆਂ। ਇਸ ਦੌਰਾਨ ਪੀਡੀਏ ਵਿਚਲੀ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਨੇ ਵਿਧਾਨ ਸਭਾ ਹਲਕਾ ਦਾਖਾ ਤੇ ਫਗਵਾੜਾ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰ ਦਿੱਤੇ ਹਨ। ਦਰਅਸਲ ਫਗਵਾੜਾ ਦੀ ਸੀਟ ਉਪਰ ਪੀਡੀਏ ਦੀ ਇਕ ਮੁੱਖ ਧਿਰ ਬਸਪਾ ਦਾਅਵਾ ਕਰ ਰਹੀ ਹੈ ਪਰ ਸਿਮਰਜੀਤ ਸਿੰਘ ਬੈਂਸ ਇਹ ਸੀਟ ਛੱਡਣ ਲਈ ਤਿਆਰ ਨਹੀਂ ਹੋਏ।

ਦੱਸਣਯੋਗ ਹੈ ਕਿ ਬੈਂਸ ਨੇ ਲੋਕ ਸਭਾ ਹਲਕਾ ਲੁਧਿਆਣਾ ਦੀ ਸੀਟ ਤੋਂ ਚੋਣ ਲੜੀ ਸੀ ਅਤੇ ਭਾਵੇਂ ਉਹ ਇਹ ਚੋਣ ਹਾਰ ਗਏ ਸਨ ਪਰ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਦਾਖਾ ਤੋਂ ਹੋਰ ਸਾਰੀਆਂ ਪਾਰਟੀਆਂ ਦੇ ਉਮੀਦਵਾਰਾਂ ਤੋਂ ਵੱਧ ਵੋਟਾਂ ਲਈਆਂ ਸਨ, ਜਿਸ ਕਾਰਨ ਪੀਡੀਏ ਦੀਆਂ ਸਾਰੀਆਂ ਧਿਰਾਂ ਇਹ ਸੀਟ ਸਰਬਸੰਮਤੀ ਨਾਲ ਬੈਂਸ ਦੀ ਪਾਰਟੀ ਨੂੰ ਦੇਣ ਲਈ ਸਹਿਮਤ ਹੋ ਗਈਆਂ ਹਨ। ਸੂਤਰਾਂ ਅਨੁਸਾਰ ਬੈਂਸ ਨੂੰ ਛੱਡ ਕੇ ਪੀਡੀਏ ਦੀਆਂ ਬਾਕੀ ਸਾਰੀਆਂ ਧਿਰਾਂ ਦੀ ਰਾਏ ਸੀ ਕਿ ਫਗਵਾੜਾ ਸੀਟ ਬਸਪਾ ਨੂੰ ਛੱਡ ਦਿੱਤੀ ਜਾਵੇ ਪਰ ਬੈਂਸ ਨੇ ਇਸ 'ਤੇ ਸਹਿਮਤੀ ਨਹੀਂ ਦਿੱਤੀ। ਦਰਅਸਲ ਲੋਕ ਸਭਾ ਚੋਣਾਂ ਤੋਂ ਬਾਅਦ ਪੀਡੀਏ ਦੀਆਂ ਹੋਰ ਧਿਰਾਂ ਨੇ ਤਾਂ ਕੋਈ ਖਾਸ ਸਰਗਰਮੀ ਨਹੀਂ ਦਿਖਾਈ ਪਰ ਬੈਂਸ ਨੇ ਆਪਣੀ ਪਾਰਟੀ ਨੂੰ ਹਰੇਕ ਮੁੱਦੇ ਉਪਰ ਸਰਗਰਮ ਰੱਖਿਆ ਹੈ।

ਦੂਸਰੇ ਪਾਸੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਪਸ਼ਟ ਕੀਤਾ ਕਿ ਹਲਕਾ ਫਗਵਾੜਾ ਤੋਂ ਉਨ੍ਹਾਂ ਦੀ ਪਾਰਟੀ ਦਾ ਉਮੀਦਵਾਰ ਜ਼ਰੂਰ ਚੋਣ ਲੜੇਗਾ, ਜਿਸ ਕਾਰਨ ਬਸਪਾ ਅਤੇ ਬੈਂਸ ਦੋਵਾਂ ਧਿਰਾਂ ਵੱਲੋਂ ਫਗਵਾੜੇ ਆਪੋ-ਆਪਣੇ ਉਮੀਦਵਾਰ ਉਤਾਰਨ ਦੀ ਨੌਬਤ ਆ ਗਈ ਹੈ। ਪੀਡੀਏ ਨੇ ਵਿਧਾਨ ਸਭਾ ਹਲਕੇ ਦੀ ਸੀਟ ਸੀਪੀਆਈ ਲਈ ਛੱਡ ਦਿੱਤੀ ਹੈ। ਵਿਧਾਨ ਸਭਾ ਹਲਕਾ ਮੁਕੇਰੀਆਂ ਲਈ ਫਿਲਹਾਲ ਪੀਡੀਏ ਦੀ ਕਿਸੇ ਵੀ ਧਿਰ ਨੂੰ ਕੋਈ ਉਮੀਦਵਾਰ ਨਹੀਂ ਮਿਲ ਰਿਹਾ।

ਇਸ ਸਥਿਤੀ ਵਿਚ ਪੀਡੀਏ ਦੀ ਇਨ੍ਹਾਂ ਉਪ ਚੋਣਾਂ ਵਿਚ ਕੋਈ ਸਾਂਝੀ ਰਣਨੀਤੀ ਬਣਦੀ ਸਾਹਮਣੇ ਨਹੀਂ ਆ ਰਹੀ। ਦੱਸਣਯੋਗ ਹੈ ਕਿ ਭਾਵੇਂ ਲੋਕ ਸਭਾ ਚੋਣਾਂ ਵਿਚ ਪੀਡੀਏ ਦਾ ਕੋਈ ਵੀ ਉਮੀਦਵਾਰ ਨਹੀਂ ਜਿੱਤਿਆ ਸੀ ਪਰ ਪਟਿਆਲਾ ਤੋਂ ਡਾਕਟਰ ਧਰਮਵੀਰ ਗਾਂਧੀ, ਲੁਧਿਆਣਾ ਤੋਂ ਸਿਮਰਜੀਤ ਬੈਂਸ, ਖਡੂਰ ਸਾਹਿਬ ਤੋਂ ਪਰਮਜੀਤ ਕੌਰ ਖਾਲੜਾ ਸਮੇਤ ਕੁਝ ਹੋਰ ਉਮੀਦਵਾਰਾਂ ਨੂੰ ਚੰਗੀਆਂ ਵੋਟਾਂ ਪੈ ਗਈਆਂ ਸਨ। ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਖਹਿਰਾ ਨੇ ਦੱਸਿਆ ਕਿ ਪੀਡੀਏ ਦੀ ਮੀਟਿੰਗ ਵਿਚ ਸ਼ਾਮਲ ਨਵਾਂ ਪੰਜਾਬ ਮੰਚ ਦੇ ਮੁਖੀ ਡਾਕਟਰ ਧਰਮਵੀਰ ਗਾਂਧੀ, ਸੀਪੀਆਈ ਪੰਜਾਬ ਦੇ ਕਾਮਰੇਡ ਬੰਤ ਸਿੰਘ ਬਰਾੜ, ਆਰਐੱਮਪੀਆਈ ਦੇ ਮੰਗਤ ਰਾਮ ਪਾਸਲਾ ਅਤੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਸਮੇਤ ਉਨ੍ਹਾਂ (ਖਹਿਰਾ) ਨੇ ਫਗਵਾੜਾ ਦੀ ਸੀਟ ਬਸਪਾ ਨੂੰ ਦੇਣ ਦੀ ਸਲਾਹ ਦਿੱਤੀ ਸੀ ਪਰ ਬੈਂਸ ਇਹ ਸੀਟ ਛੱਡਣ ਲਈ ਤਿਆਰ ਨਹੀਂ ਹੋਏ।

ਟਕਸਾਲੀ ਦਲ ਦੀ ਫੂਕ ਨਿਕਲੀ-ਪੀਡੀਏ ਵਾਂਗ ਹੀ ਅਕਾਲੀ ਦਲ ਵਿਚੋਂ ਬਾਗੀ ਹੋਏ ਰਣਜੀਤ ਸਿੰਘ ਬ੍ਰਹਮਪੁਰਾ ਨੇ ਵੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਟਕਸਾਲੀ ਬਣਾ ਕੇ ਸੂਬੇ ਵਿਚ ਨਵੀਂ ਪੰਥਕ ਧਿਰ ਵਜੋਂ ਉਭਰਨ ਦੇ ਬੜੇ ਵੱਡੇ ਐਲਾਨ ਕੀਤੇ ਸਨ। ਇਸ ਟਕਸਾਲੀ ਦਲ ਨੇ ਬਾਦਲ ਦਲ ਨੂੰ ਵੀ ਕਈ ਤਰ੍ਹਾਂ ਦੀਆਂ ਸਿਆਸੀ ਚੁਣੌਤੀਆਂ ਦਿੱਤੀਆ ਸਨ ਪਰ ਇਹ ਪਾਰਟੀ ਉਪ ਚੋਣਾਂ ਵਿਚ ਕਿਧਰੇ ਨਜ਼ਰ ਨਹੀਂ ਆ ਰਹੀ।

### ਸਾਰੀਆਂ ਧਿਰਾਂ ਨੇ ਉਤਾਰੇ ਉਮੀਦਵਾਰ-

ਜ਼ਿਮਨੀ ਚੋਣਾਂ ਲਈ ਆਖ਼ਰ ਬੀਜੇਪੀ ਨੇ ਵੀ ਆਪਣੇ ਦੋ ਉਮੀਦਵਾਰ ਐਲਾਨ ਦਿੱਤੇ ਹਨ। ਪਾਰਟੀ ਵੱਲੋਂ ਫਗਵਾੜਾ ਸੀਟ ਤੋਂ ਰਾਜੇਸ਼ ਬੱਗਾ ਤੇ ਹੁਸ਼ਿਆਰਪੁਰ ਦੇ ਮੁਕੇਰੀਆ ਤੋਂ ਜੰਗੀ ਲਾਲ ਮਹਾਜਨ ਨੂੰ ਟਿਕਟ ਦਿੱਤੀ ਗਈ ਹੈ। ਬੀਜੇਪੀ ਦੀ ਭਾਈਵਾਲ ਪਾਰਟੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਪਾਰਟੀ ਨੇ ਜਲਾਲਾਬਾਦ ਤੋਂ ਡਾ. ਰਾਜ ਡਿੱਬੀਪੁਰਾ ਤੇ ਹਲਕਾ ਦਾਖਾ ਤੋਂ ਮਨਪ੍ਰੀਤ ਸਿੰਘ ਇਯਾਲੀ ਨੂੰ ਟਿਕਟ ਦਿੱਤੀ ਹੈ। ਬੀਜੇਪੀ ਤੇ ਅਕਾਲੀ ਦਲ ਦੋ-ਦੋ ਸੀਟਾਂ 'ਤੇ ਚੋਣ ਲੜਨਗੇ। ਕਾਂਗਰਸ ਪਾਰਟੀ ਨੇ ਚੋਣਾਂ ਲਈ ਹਲਕਾ ਦਾਖਾ ਤੋਂ ਸੰਦੀਪ ਸੰਧੂ, ਜਲਾਲਾਬਾਦ ਤੋਂ ਰਾਮ ਆਵਲਾ, ਮੁਕੇਰੀਆਂ ਤੋਂ ਇੰਦੂ ਬਾਲਾ ਤੇ ਫਗਵਾੜਾ ਤੋਂ ਬਲਵਿੰਦਰ ਸਿੰਘ ਧਾਲੀਵਾਲ ਨੂੰ ਚੋਣ ਉਮੀਦਵਾਰ ਐਲਾਨਿਆ ਗਿਆ ਹੈ। ਆਈਏਐਸ ਅਫ਼ਸਰ ਬਲਵਿੰਦਰ ਸਿੰਘ ਧਾਲੀਵਾਲ ਫਗਵਾੜਾ ਤੋਂ ਜ਼ਿਮਨੀ ਚੋਣ ਲੜਨ ਲਈ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। 'ਆਪ' ਪਾਰਟੀ ਵੱਲੋਂ ਦਾਖਾ ਤੋਂ ਅਮਨਦੀਪ ਸਿੰਘ ਮੋਹੀ, ਮੁਕੇਰੀਆਂ ਤੋਂ ਗੁਰਧਿਆਨ ਸਿੰਘ ਮੁਲਤਾਨੀ, ਫਗਵਾੜਾ ਤੋਂ ਸੰਤੋਸ਼ ਕੁਮਾਰ ਭੋਗੀ ਤੇ ਜਲਾਲਾਬਾਦ ਤੋਂ ਮਹਿੰਦਰ ਸਿੰਘ ਕਚੂਰਾ ਜ਼ਿਮਨੀ ਚੋਣ ਲੜਨਗੇ। ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ 21 ਅਕਤੂਬਰ ਨੂੰ ਜ਼ਿਮਨੀ ਚੋਣਾਂ ਹੋਣਗੀਆਂ। 23 ਸਤੰਬਰ ਤੋਂ ਨਾਮਜ਼ਦਗੀਆਂ ਭਰੀਆਂ ਜਾਣਗੀਆਂ ਤੇ 24 ਅਕਤੂਬਰ ਨੂੰ ਨਤੀਜਿਆਂ ਦਾ ਐਲਾਨ ਕੀਤਾ ਜਾਏਗਾ। ਬੀਤੇ ਦਿਨੀਂ ਬੈਂਸ ਦੀ ਲੋਕ ਇਨਸਾਫ ਪਾਰਟੀ ਨੇ ਵੀ ਆਪਣੇ 2 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ। ਇਸ ਮੁਤਾਬਕ ਲੁਧਿਆਣਾ ਦੇ ਦਾਖਾਂ ਤੋਂ ਸੁਖਦੇਵ ਸਿੰਘ ਚੱਕ ਤੇ ਫਗਵਾੜਾ ਤੋਂ ਜਰਨੈਲ ਸਿੰਘ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ।

# ਪੰਜਾਬ ਵਿਚ ਪਾਕਿਸਤਾਨ ਦੇ ਡਰੋਨ ਮਿਲਣ ਦਾ ਦਾਅਵਾ

## ਪੰਜਾਬ ਪੁਲਿਸ ਮੁਤਾਬਕ ਇਕ ਮਹੀਨੇ ਵਿਚ 8 ਵਾਰ ਹਥਿਆਰ ਸੁੱਟਣ ਆਏ ਪਾਕਿ ਡਰੋਨ

- **ਵਾਪਸ ਨਾ ਮੁੜੇ ਇਕ ਡਰੋਨ ਨੂੰ ਸਰਹੱਦ ਨੇੜੇ ਸਾੜਿਆ ਗਿਆ**
- **ਰਿਪੋਰਟ ਅਨੁਸਾਰ ਡਰੋਨ ਵਿਚਲੇ ਹਥਿਆਰ ਕਸ਼ਮੀਰ ਦੇ ਜਿਹਾਦੀਆਂ ਲਈ ਸਨ**
- **ਗ੍ਰਿਫ਼ਤਾਰ ਕੀਤੇ 8 ਖਾੜਕੂਆਂ ਵਲੋਂ ਅਹਿਮ ਖੁਲਾਸੇ**
- **ਖਾਲਿਸਤਾਨ ਜ਼ਿੰਦਾਬਾਦ ਫੋਰਸ ਨੇ ਪੁਲੀਸ ਅਫ਼ਸਰਾਂ ਨੂੰ ਧਮਕੀ ਦਿੱਤੀ ਕਿ ਬੇਗੁਨਾਹਾਂ ਸਿੱਖ ਨੌਜਵਾਨਾਂ 'ਤੇ ਜ਼ੁਲਮ ਨਾ ਕਰੇ**



### ਇਕ ਹੋਰ ਪਾਕਿਸਤਾਨੀ ਡਰੋਨ ਸਰਹੱਦ 'ਤੇ ਮਿਲਿਆ

**ਚਾਰ ਹੋਰ ਡਰੋਨ ਹੋਣ ਦਾ ਖੁਲਾਸਾ, ਪੁਲੀਸ ਵਲੋਂ ਆਪਰੇਸ਼ਨ ਜਾਰੀ**

**ਅੰਮ੍ਰਿਤਸਰ/ਏਟੀ ਨਿਊਜ਼ :** ਸਰਹੱਦੀ ਖੇਤਰ ਦੇ ਇਕ ਪਿੰਡ ਵਿਚ ਬੀਤੇ ਸ਼ੁੱਕਰਵਾਰ ਨੂੰ ਇਕ ਹੋਰ ਡਰੋਨ ਮਿਲਣ ਦੀ ਸੂਚਨਾ ਹੈ। ਦੂਸਰੇ ਪਾਸੇ ਤਰਨਤਾਰਨ ਦੇ ਬਾਰਡਰ ਇਲਾਕੇ ਵਿਚ ਖਾੜਕੂਆਂ ਵੱਲੋਂ ਚਾਰ ਹੋਰ ਡਰੋਨ ਲੁਕਾਏ ਜਾਣ ਦਾ ਖੁਲਾਸਾ ਹੋਇਆ ਹੈ। ਖੇਮਕਰਨ ਇਲਾਕੇ ਵਿਚ ਡਰੋਨ ਰਾਹੀਂ ਹਥਿਆਰ ਭੇਜੇ ਜਾਣ ਤੋਂ ਬਾਅਦ ਲਗਾਤਾਰ ਖੁਲਾਸੇ ਹੋ ਰਹੇ ਹਨ। ਭਾਰਤ-ਪਾਕਿ ਸਰਹੱਦ 'ਤੇ ਕੰਡਿਆਲੀ ਤਾਰ ਨੇੜੇ ਵਸੇ ਅੰਮ੍ਰਿਤਸਰ ਦੇ ਮਹਾਬਾ ਪਿੰਡ ਵਿਚ ਇਕ ਡਰੋਨ ਮਿਲਣ ਦੀ ਸੂਚਨਾ ਹੈ। ਫਿਲਹਾਲ ਪੁਲਿਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਦੇ ਵੱਡੇ ਅਧਿਕਾਰੀ ਵੀ ਅਜਿਹੀ ਜਾਣਕਾਰੀ ਮਿਲਣ ਤੋਂ ਇਨਕਾਰ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਪਿੰਡ ਵਾਸੀਆਂ ਨੇ ਇਹ ਪਾਕਿ ਡਰੋਨ ਦੇਖਿਆ।

**ਜਲੰਧਰ/ਏਟੀ ਨਿਊਜ਼ :**
ਬੀਤੇ ਦਿਨੀਂ ਤਰਨ ਤਾਰਨ ਤੋਂ ਬਰਾਮਦ ਕੀਤੇ ਹਥਿਆਰਾਂ ਸਬੰਧੀ ਪੰਜਾਬ ਪੁਲਿਸ ਨੇ ਦੱਸਿਆ ਕਿ ਇਹ ਹਥਿਆਰ ਪਾਕਿਸਤਾਨ ਵਲੋਂ ਜੀ. ਪੀ. ਐਸ. ਲੱਗੇ ਡਰੋਨ ਜੋ ਕਿ 10 ਕਿੱਲੋ ਤੱਕ ਵਜ਼ਨ ਚੁੱਕ ਸਕਦਾ ਹੈ, ਰਾਹੀਂ ਇੱਧਰ ਸੁੱਟੇ ਗਏ। ਪੁਲਿਸ ਨੇ ਦੱਸਿਆ ਕਿ ਜੰਮੂ-ਕਸ਼ਮੀਰ ਵਿਚ ਜਿਹਾਦੀ ਹਮਲਿਆਂ ਲਈ ਇਨ੍ਹਾਂ ਹਥਿਆਰਾਂ ਦੀ ਵਰਤੋਂ ਕੀਤੀ ਜਾਣੀ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਵਿਚ ਸਰਹੱਦ ਪਾਰੋਂ ਡਰੋਨ ਰਾਹੀਂ ਹਥਿਆਰ ਤੇ ਸੈਟੇਲਾਈਟ ਫ਼ੋਨ ਵਰਗੇ ਸੰਚਾਰ ਸਾਧਨ ਸੁੱਟਣ ਦਾ ਇਹ ਪਹਿਲਾ ਮਾਮਲਾ ਹੈ। ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਅਧਿਕਾਰੀ ਨੇ ਦੱਸਿਆ ਕਿ ਤਰਨ ਤਾਰਨ ਤੋਂ ਇਸ ਕੰਮ ਲਈ ਵਰਤਿਆ ਗਿਆ ਅੱਧ ਸੜਿਆ ਇਕ ਡਰੋਨ ਬਰਾਮਦ ਹੋਇਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਨੇ ਬੀਤੇ ਬੀਤੇ ਦਿਨੀਂ ਦਾਅਵਾ ਕੀਤਾ ਸੀ ਕਿ ਉਸ ਨੇ 'ਖ਼ਾਲਿਸਤਾਨ ਜ਼ਿੰਦਾਬਾਦ ਫੋਰਸ' ਜੋ ਕਿ ਪਾਕਿਸਤਾਨ ਤੇ ਜਰਮਨ ਵਿਚ ਸਥਿਤ ਸੰਗਠਨਾਂ ਤੋਂ ਸਹਾਇਤਾ ਪ੍ਰਾਪਤ ਹੈ, ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਦੱਸਿਆ ਸੀ ਕਿ ਇਹ ਸੰਗਠਨ ਪੰਜਾਬ ਤੇ ਨਾਲ ਲੱਗਦੇ ਜੰਮੂ-ਕਸ਼ਮੀਰ ਵਿਚ ਜਿਹਾਦੀ ਹਮਲਿਆਂ ਦੀ ਸਾਜਿਸ਼ ਰਚ ਰਿਹਾ ਸੀ। ਪੁਲਿਸ ਅਧਿਕਾਰੀ ਨੇ ਜਾਂਚ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਸ਼ਮੀਰ ਵਿਚ ਜਿਹਾਦ ਲਈ ਕੀਤੀ ਜਾਣੀ ਸੀ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪੁਲਿਸ ਵਲੋਂ ਤਰਨ ਤਾਰਨ ਦੇ ਚੋਹਲਾ ਸਾਹਿਬ ਦੇ ਬਾਹਰਵਾਰ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ 4 ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਅਧਿਕਾਰੀਆਂ ਅਨੁਸਾਰ ਇਨ੍ਹਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਜੀ. ਪੀ. ਐਸ. ਲੱਗੇ ਵੱਡੇ ਡਰੋਨ ਨੂੰ ਸਰਹੱਦ ਪਾਰੋਂ ਤਰਨਤਾਰਨ ਵਿਚ ਹਥਿਆਰ ਤੇ ਗੋਲੀ-ਸਿੱਕਾ ਸੁੱਟਣ ਲਈ ਵਰਤਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮਹੀਨੇ ਸਰਹੱਦ ਪਾਰੋਂ ਇਹ ਡਰੋਨ 7 ਤੋਂ 8 ਵਾਰ ਹਥਿਆਰ ਸੁੱਟਣ ਲਈ ਭੇਜੇ ਗਏ।

ਡ੍ਰੋਨ ਪਾਕਿਸਤਾਨੀ ਖੇਤਰ ਵਿਚ ਵਾਪਸ ਨਾ ਪੁੱਜਾ ਤਾਂ ਆਈਐੱਸਆਈ ਦੇ ਏਜੰਟ ਨੇ ਇਸ ਦੀ ਜਾਣਕਾਰੀ ਰਣਜੀਤ ਸਿੰਘ ਨੀਟਾ ਨੂੰ ਦਿੱਤੀ ਤੇ ਦੱਸਿਆ ਕਿ ਕਰੈਸ਼ ਹੋਇਆ ਡ੍ਰੋਨ ਕਿਸੇ ਵੀ ਕੀਮਤ 'ਤੇ ਭਾਰਤੀ ਸੁਰੱਖਿਆ ਏਜੰਸੀਆਂ ਦੇ ਹੱਥ ਨਹੀਂ ਲੱਗਣਾ ਚਾਹੀਦਾ। ਇਸ ਤੋਂ ਬਾਅਦ ਨੀਟੇ ਨੇ ਆਕਾਸ਼ਦੀਪ ਨੂੰ ਹੁਕਮ ਦਿੱਤਾ ਕਿ ਝਬਾਲ ਖੇਤਰ ਵਿਚ ਹਥਿਆਰਾਂ ਦੀ ਖੇਪ ਲੈ ਕੇ ਆਏ ਡ੍ਰੋਨ ਨੂੰ ਛੇਤੀ ਤੋਂ ਛੇਤੀ ਨਸ਼ਟ ਕਰ ਦਿੱਤਾ ਜਾਵੇ। ਜਦੋਂ ਰਾਤੀਂ ਹਨੇਰੇ ਵਿਚ ਖਾੜਕੂਆਂ ਨੇ ਡ੍ਰੋਨ ਬਰਾਮਦ ਕਰ ਲਿਆ ਤਾਂ ਉਸੇ ਵੇਲੇ ਉਸ ਨੂੰ ਸਾੜ ਕੇ ਨਸ਼ਟ ਕਰਨਾ ਸੰਭਵ ਨਹੀਂ ਸੀ। ਉਨ੍ਹਾਂ ਨੇ ਉਸ ਨੂੰ ਇਕ ਖ਼ਾਲੀ ਗੁਦਾਮ ਵਿਚ ਲੁਕਾ ਦਿੱਤਾ ਸੀ। ਇਸ ਦਰਮਿਆਨ ਪੁਲਿਸ ਨੂੰ ਮੁਲਜ਼ਮਾਂ ਦੇ ਇਰਾਦਿਆਂ ਦਾ ਪਤਾ ਲੱਗ ਗਿਆ ਤੇ ਸਭ ਨੂੰ ਦਬੋਚ ਲਿਆ ਗਿਆ।

ਜ਼ਿਕਰਯੋਗ ਹੈ ਕਿ ਇਨ੍ਹਾਂ ਖਾੜਕੂਆਂ ਕੋਲੋਂ ਪੰਜ ਏਕੇ-47 ਰਾਈਫ਼ਲਾਂ, 16 ਮੈਗਜ਼ੀਨ ਤੇ ਗੋਲੀ-ਸਿੱਕੇ ਦੇ 472 ਰਾਊਂਡ, 8 ਮੈਗਜ਼ੀਨਾਂ ਨਾਲ 72 ਰਾਊਂਡ ਸਮੇਤ ਚਾਰ ਚਾਈਨਾ ਮੇਡ .30 ਬੋਰ ਦੇ ਪਿਸਤੌਲ, 9 ਹੱਥ ਗੋਲੇ, ਪੰਜ ਸੈਟੇਲਾਈਟ ਫ਼ੋਨ, ਦੋ ਮੋਬਾਈਲ ਫ਼ੋਨ, ਦੋ ਵਾਇਰਲੈੱਸ ਸੈੱਟ ਅਤੇ 10 ਲੱਖ ਦੀ ਜਾਅਲੀ ਕਰੰਸੀ ਬਰਾਮਦ ਕੀਤੀ ਗਈ ਸੀ। ਦੱਖਣ ਪੱਛਮੀ ਕਮਾਂਡ ਦੇ ਚੀਫ਼ ਲੈਫ਼. ਜਨਰਲ ਅਲੋਕ ਸਿੰਘ ਨੇ ਕਿਹਾ ਭਾਰਤੀ ਫ਼ੌਜ ਡਰੋਨ ਦੀ ਪਛਾਣ ਕਰਨ ਵਿਚ ਸਮਰੱਥ ਹੈ ਤੇ ਪਾਕਿਸਤਾਨ ਵਲੋਂ ਭਾਰਤ ਵੱਲ ਆਉਂਦੇ ਕਿਸੇ ਵੀ ਫ਼ੌਜੀ ਡਰੋਨ ਨੂੰ ਸੁੱਟ ਲਿਆ ਜਾਵੇਗਾ। ਇਸ ਲਈ ਚਿੰਤਾ ਦੀ ਕੋਈ ਗੱਲ ਨਹੀਂ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਫੜਨ ਲਈ ਭਾਰਤੀ ਫ਼ੌਜਾਂ ਦਾ ਸਿਸਟਮ ਤੇ ਰਡਾਰ ਲੱਗੇ ਹੋਏ ਹਨ।

ਇਸ ਸਬੰਧੀ ਪ੍ਰਤੀਕਿਰਿਆ ਦਿੰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਜਿੱਥੇ ਤੱਕ ਦੇਸ਼ ਦੀ ਸੁਰੱਖਿਆ ਦਾ ਸਵਾਲ ਹੈ ਹਥਿਆਰਬੰਦ ਫ਼ੌਜਾਂ ਹਰ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਨਿਬੜਣ ਦੇ ਸਮਰੱਥ ਹਨ। ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਗ੍ਰਹਿ ਮੰਤਰੀ ਨੂੰ ਖ਼ਤ ਲਿਖ ਕੇ ਪਾਕਿਸਤਾਨ ਵਲੋਂ ਪੰਜਾਬ ਦੇ ਇਲਾਕਿਆਂ ਵਿਚ ਡਰੋਨ ਰਾਹੀਂ ਹਥਿਆਰ ਸੁੱਟੇ ਜਾਣ ਬਾਰੇ ਦੱਸਣ ਨੂੰ ਲੈ ਕੇ ਪੁੱਛੇ ਸਵਾਲ 'ਤੇ ਪ੍ਰਤੀਕਿਰਿਆ ਦੇ ਰਹੇ ਸਨ।

ਪੰਜਾਬ ਪੁਲਿਸ ਮੁਖੀ ਡੀ.ਜੀ.ਪੀ. ਦਿਨਕਰ ਗੁਪਤਾ ਨੇ ਕਿਹਾ ਕਿ ਕਿਸੇ ਨੂੰ ਵੀ ਪੰਜਾਬ ਦਾ ਸ਼ਾਂਤਮਈ ਮਾਹੌਲ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

### ਗ੍ਰਿਫ਼ਤਾਰ ਕੀਤੇ ਗੁਰਦੇਵ ਸਿੰਘ ਨੂੰ ਪਰਿਵਾਰ ਨੇ ਦੱਸਿਆ ਬੇਕਸੂਰ

ਕਾਊਂਟਰ ਇੰਟੈਲੀਜੈਂਸ ਤੇ ਅੰਮ੍ਰਿਤਸਰ ਪੁਲਿਸ ਵਲੋਂ ਬੀਤੇ ਦਿਨ ਖ਼ਾਲਿਸਤਾਨ ਜ਼ਿੰਦਾਬਾਦ ਨਾਲ ਸਬੰਧਿਤ ਕਾਬੂ ਕੀਤੇ ਖਾੜਕੂਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਅੱਡਾ ਸਰਾਂ ਇਲਾਕੇ ਦੇ ਹੀ ਪਿੰਡ ਝੱਜ ਬ੍ਰਾਹਮਣਾ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਇਕ ਹੋਰ ਖਾੜਕੂ ਦੀ ਗ੍ਰਿਫ਼ਤਾਰੀ ਹੋਈ ਹੈ। ਜਾਣਕਾਰੀ ਮੁਤਾਬਿਕ ਬੀਤੇ 24 ਸਤੰਬਰ ਦੀ ਨੂੰ ਪਿੰਡ ਝੱਜ ਬ੍ਰਾਹਮਣਾ ਤੋਂ ਪੁਲਿਸ ਨੇ ਗੁਰਦੇਵ ਸਿੰਘ ਨੂੰ ਕਾਬੂ ਕੀਤਾ। ਪੁਲਿਸ ਉਸ ਨੂੰ ਵੀ ਡਰੋਨ ਰਾਹੀਂ ਏ.ਕੇ. 47 ਅਤੇ ਹੋਰ ਆਧੁਨਿਕ ਹਥਿਆਰ ਪਾਕਿਸਤਾਨ ਤੋਂ ਮੰਗਵਾਉਣ ਦੇ ਮਾਮਲੇ ਨਾਲ ਜੋੜ ਕੇ ਜਾਂਚ ਦੇ ਘੇਰੇ ਨੂੰ ਅੱਗੇ ਵਧਾ ਰਹੀ ਹੈ। ਜਾਣਕਾਰੀ ਅਨੁਸਾਰ ਗੁਰਦੇਵ ਸਿੰਘ ਜਰਮਨੀ ਵਿਚ ਪਿਛਲੇ 20 ਸਾਲਾਂ ਤੋਂ ਰਹਿ ਰਹੇ ਕਾਲੀ ਸੂਚੀ ਵਿਚ ਸ਼ਾਮਿਲ ਗੁਰਮੀਤ ਸਿੰਘ ਬੱਗਾ ਦਾ ਛੋਟਾ ਭਰਾ ਹੈ। ਬੱਗਾ ਪਾਕਿਸਤਾਨ ਵਿਚ ਬੈਠੇ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ ਦੇ ਲਗਾਤਾਰ ਸੰਪਰਕ ਵਿਚ ਸੀ। ਗੁਰਦੇਵ ਸਿੰਘ 2007 ਵਿਚ ਥਾਈਲੈਂਡ ਗਿਆ ਸੀ। ਉਸ ਖ਼ਿਲਾਫ਼ ਅੰਮ੍ਰਿਤਸਰ ਵਿਚ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਵਲੋਂ ਮਾਮਲਾ ਦਰਜ ਸੀ ਅਤੇ ਬਾਅਦ ਵਿਚ 27 ਫਰਵਰੀ, 2018 ਨੂੰ ਜਦੋਂ ਉਹ ਡਿਪੋਰਟ ਹੋ ਕੇ ਦਿੱਲੀ ਹਵਾਈ ਅੱਡੇ ਉੱਤਰਿਆ ਤਾਂ ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ। ਉਸ ਨੂੰ 17 ਸਤੰਬਰ, 20 18 ਨੂੰ ਜ਼ਮਾਨਤ ਮਿਲੀ ਸੀ ਅਤੇ ਜ਼ਮਾਨਤ ਤੋਂ ਬਾਅਦ ਉਹ ਆਪਣੇ ਪਿੰਡ ਭਰਾ ਗੁਰਦੀਪ ਸਿੰਘ ਨਾਲ ਮਿਲ ਕੇ ਖੇਤੀ ਕਰ ਰਿਹਾ ਸੀ। ਉਸ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨਾਲ ਗੱਲ ਕੀਤੀ ਤਾਂ ਉਸ ਦੀ ਮਾਤਾ ਨਿਰਮਲ ਕੌਰ, ਭਰਾ ਗੁਰਦੀਪ ਸਿੰਘ, ਭਰਜਾਈ ਖੁਸ਼ਪ੍ਰੀਤ ਕੌਰ ਅਤੇ ਸਰਪੰਚ ਸੁਮਨ ਸ਼ਰਮਾ ਅਤੇ ਪਿੰਡ ਵਾਸੀਆਂ ਨੇ ਗੁਰਦੇਵ ਸਿੰਘ ਨੂੰ ਬੇਕਸੂਰ ਦੱਸਦਿਆਂ ਕਿਹਾ ਕਿ ਉਸ ਨੂੰ ਜਲੰਧਰ ਤੋਂ ਨਹੀਂ ਬਲਕਿ ਪਿੰਡ ਵਿਚੋਂ ਫੜਿਆ ਗਿਆ ਹੈ ਅਤੇ ਪੁਲਿਸ ਇਹ ਫੜੇ ਗਏ ਚਾਰ ਖਾੜਕੂਆਂ ਸਬੰਧੀ ਪੁੱਛਗਿੱਛ ਬਾਰੇ ਕਹਿ ਕੇ ਘਰੋਂ ਲੈ ਗਈ। ਉਨ੍ਹਾਂ ਦੱਸਿਆ ਕਿ ਗੁਰਦੇਵ ਸਿੰਘ ਭਗੌੜਾ ਨਹੀਂ ਸੀ, ਬਲਕਿ ਉਹ ਲਗਾਤਾਰ ਕੇਸ ਦੀ ਤਰੀਕ 'ਤੇ ਜਾਂਦਾ ਸੀ, ਉਸ ਦਾ ਕਿਸੇ ਹਿੰਸਕ ਗਤੀਵਿਧੀ ਨਾਲ ਕੋਈ ਸਬੰਧ ਨਹੀਂ।

### ਖਾਲਿਸਤਾਨੀਆਂ ਨੂੰ ਗ੍ਰਿਫ਼ਤਾਰ ਕਰੇਗੀ ਐੱਸਐੱਸਓਸੀ

ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਫੜੇ ਗਏ ਕਾਰਕੁਨਾਂ ਕੋਲੋਂ ਇਨ੍ਹਾਂ ਦੇ ਸਮਰਥਕਾਂ ਦੀ ਸ਼ਨਾਖਤ ਕਰਕੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਵੱਲੋਂ ਉਨ੍ਹਾਂ ਨੂੰ ਕਾਬੂ ਕਰਨ ਦੀ ਮੁਹਿੰਮ ਵਿੱਢੀ ਜਾਵੇਗੀ। ਐੱਸਐੱਸਓਸੀ ਵੱਲੋਂ ਹੁਣ ਤਕ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਕੋਲੋਂ ਪੁਲੀਸ ਰਿਮਾਂਡ ਦੌਰਾਨ ਨਿਰੰਤਰ ਪੁੱਛਗਿੱਛ ਜਾਰੀ ਹੈ। ਇਹ ਵੀ ਪਤਾ ਲੱਗਾ ਹੈ ਕਿ ਹੋਰ ਸੁਰੱਖਿਆ ਤੇ ਖੁਫ਼ੀਆ ਏਜੰਸੀਆਂ ਵੱਲੋਂ ਵੀ ਗ੍ਰਿਫ਼ਤਾਰ ਵਿਅਕਤੀਆਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜ਼ਿਲ੍ਹਾ ਦਿਹਾਤੀ ਪੁਲੀਸ ਦੇ ਐੱਸਐੱਸਪੀ ਵਿਕਰਮਜੀਤ ਦੁੱਗਲ ਨੇ ਆਖਿਆ ਕਿ ਸਰਹੱਦੀ ਖੇਤਰ ਵਿਚ ਦੋ ਪੜਾਵੀ ਸੁਰੱਖਿਆ ਘੇਰੇ ਨੂੰ ਮਜ਼ਬੂਤ ਕੀਤਾ ਗਿਆ ਹੈ।

**ਡਰੋਨ ਦੇ ਹਿੱਸਿਆਂ ਨੂੰ ਲੱਭਣ ਲਈ ਸੁਰੱਖਿਆ ਏਜੰਸੀਆਂ ਸਰਗਰਮ**

ਖੁਲਾਸਿਆਂ ਦੇ ਅਧਾਰ 'ਤੇ ਕਾਊਂਟਰ ਇੰਟੈਲੀਜੈਂਸ ਦੀਆਂ ਟੀਮਾਂ ਝਬਾਲ ਵਿਖੇ ਪਿਛਲੇ 15 ਸਾਲ ਤੋਂ ਬੰਦ ਪਈ ਲਕਸ਼ਮੀ ਰਾਈਸ ਮਿੱਲ ਵਿਖੇ ਪੁੱਜੀਆਂ, ਜਿੱਥੇ ਸਾੜੇ ਗਏ ਡਰੋਨ ਦੇ ਹਿੱਸਿਆਂ ਨੂੰ ਲੱਭਦੀਆਂ ਰਹੀਆਂ। ਇੱਥੇ ਸਾੜੇ ਗਏ ਡਰੋਨ ਦੇ ਕੁਝ ਪੁਰਜੇ, ਰਾਖ ਤੇ ਗਲਵਜ਼ ਟੀਮਾਂ ਦੇ ਹੱਥ ਲੱਗੇ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਲੋਂ ਡਰੋਨ ਦੇ ਕੁਝ ਹਿੱਸੇ ਬੋਰੀ ਵਿਚ ਪਾ ਕੇ ਪਿੰਡ ਦੋਦੇ ਨੇੜਿਓਂ ਲੰਘਦੀ ਅਪਰਬਾਰੀ ਨਹਿਰ ਦੇ ਪੁਲ ਹੇਠ ਸੁੱਟਣ ਦੇ ਕੀਤੇ ਗਏ ਖੁਲਾਸਿਆਂ ਦੇ ਆਧਾਰ 'ਤੇ ਦੂਜੇ ਦਿਨ ਅਪਰਬਾਰੀ ਦੁਆਬ ਦੇ ਪੁਲ ਦੋਦੇ 'ਤੇ ਪੁੱਜੀਆਂ ਸੁਰੱਖਿਆ ਏਜੰਸੀਆਂ ਨੇ ਵੀ ਆਰ.ਆਈ. (ਗੋਤਾਖੋਰ) ਦੀਆਂ ਟੀਮਾਂ ਨੇ ਡਰੋਨ ਦੇ ਪੁਰਜ਼ਿਆਂ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਇੱਥੋਂ ਡਰੋਨ ਦੇ ਕੁਝ ਹਿੱਸੇ ਮਿਲੇ ਹੈ।

### ਪੁਲੀਸ ਕਾਰਵਾਈ ਨਾਜਾਇਜ਼ ਕਰਾਰ

ਸੋਸ਼ਲ ਮੀਡੀਆ 'ਤੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦਾ ਇਕ ਲੈਟਰ ਹੈੱਡ, ਜਿਸ ਉਪਰ ਜਥੇਬੰਦੀ ਦੇ ਮੁਖੀ ਰਣਜੀਤ ਸਿੰਘ ਨੀਟਾ ਦਾ ਨਾਂ ਦਰਜ ਹੈ, ਵਾਇਰਲ ਹੋਇਆ ਹੈ। ਜਿਸ ਵਿਚ ਭਾਰਤੀ ਏਜੰਸੀਆਂ ਵਲੋਂ ਡਰੋਨ ਦੀਆਂ ਕਹਾਣੀਆਂ ਨੂੰ ਮਨਘੜ੍ਹਤ ਦੱਸਿਆ ਅਤੇ ਕਿਹਾ ਸਾਡੇ ਬੱਚਿਆਂ ਤੇ ਬਜ਼ੁਰਗਾਂ ਨੂੰ ਗ੍ਰਿਫ਼ਤਾਰ ਕਰ ਕੇ, ਝੂਠੇ ਕੇਸ ਪਾ ਕੇ ਤਸ਼ੱਦਦ ਕੀਤਾ ਜਾ ਰਿਹਾ ਹੈ। ਭਾਰਤੀ ਏਜੰਸੀਆਂ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਧਮਕੀ ਦਿੰਦਿਆਂ ਕਿਹਾ ਗਿਆ ਹੈ ਕਿ ਉਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਇਹ ਵੀ ਕਿਹਾ ਗਿਆ ਹੈ ਕਿ ਖ਼ਾਲਿਸਤਾਨ ਸਾਡਾ ਹੱਕ ਹੈ। ਜਰਮਨੀ ਰਹਿੰਦੇ ਗੁਰਮੀਤ ਸਿੰਘ ਉਰਫ ਬੱਗਾ ਉਰਫ ਡਾਕਟਰ ਨੇ ਪੁਲੀਸ ਦੀ ਇਸ ਕਾਰਵਾਈ ਨੂੰ ਨਾਜਾਇਜ਼ ਅਤੇ ਧੱਕੇਸ਼ਾਹੀ ਕਰਾਰ ਦਿੱਤਾ ਗਿਆ ਹੈ। ਉਸ ਨੇ ਕਿਹਾ 'ਭਾਵੇਂ ਮੇਰੇ ਪਰਿਵਾਰ ਨੂੰ ਗੋਲ਼ੀ ਮਾਰ ਦਿਓ, ਪਰ ਆਪਣੇ ਪਰਿਵਾਰਾਂ ਬਾਰੇ ਵੀ ਸੋਚ ਲਓ'।

ਬੱਗਾ ਨੇ ਜਰਮਨੀ ਤੋਂ ਵੀਡੀਓ ਜਾਰੀ ਕਰ ਕੇ ਪੰਜਾਬ ਪੁਲਿਸ ਨੂੰ ਕਿਹਾ ਕਿ ਪੰਜਾਬ ਪੁਲਿਸ ਝੂਠੀਆਂ ਕਹਾਣੀਆਂ ਬਣਾ ਰਹੀ ਹੈ, ਉਸ ਦੇ ਭਰਾ ਦੀ ਗ੍ਰਿਫ਼ਤਾਰੀ 'ਤੇ ਉਸ ਨੂੰ ਕੋਈ ਦੁੱਖ ਨਹੀਂ ਹੈ। ਪੁਲਿਸ ਚਾਹੇ ਤਾਂ ਉਸ ਦੇ ਪੂਰੇ ਪਰਿਵਾਰ ਨੂੰ ਚੌਰਾਹੇ ਵਿਚ ਖੜ੍ਹਾ ਕਰ ਕੇ ਗੋਲ਼ੀ ਮਾਰ ਦੇਵੇ। ਇਸ ਦੀ ਕੋਈ ਪਰਵਾਹ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਪੁਲਿਸ ਵਾਲਿਆਂ ਦੇ ਵੀ ਪਰਿਵਾਰ ਹਨ।

### ਸੀਬੀਆਈ ਵਲੋਂ ਮਾਤਾ ਚੰਦ ਕੌਰ ਕਤਲ ਮਾਮਲੇ 'ਚ ਇਕ ਗ੍ਰਿਫ਼ਤਾਰ

**ਚੰਡੀਗੜ੍ਹ/ਏਟੀ ਨਿਊਜ਼ :**
ਨਾਮਧਾਰੀ ਸੰਪਰਦਾ ਦੇ ਮੁਖੀ ਰਹੇ ਸਵ. ਸਤਿਗੁਰੂ ਜਗਜੀਤ ਸਿੰਘ ਦੀ ਧਰਮਪਤਨੀ ਮਾਤਾ ਚੰਦ ਕੌਰ (88 ਸਾਲ) ਦੇ ਕਤਲ ਮਾਮਲੇ ਵਿੱਚ ਸੀਬੀਆਈ ਨੇ ਲਗਭਗ ਤਿੰਨ ਸਾਲਾਂ ਬਾਅਦ ਪਹਿਲੀ ਗ੍ਰਿਫ਼ਤਾਰੀ ਕੀਤੀ ਹੈ। ਸੀਬੀਆਈ ਨੇ ਪਲਵਿੰਦਰ ਸਿੰਘ ਡਿੰਪਾ ਨੂੰ ਹਿਰਾਸਤ ਵਿੱਚ ਲਿਆ, ਜੋ ਪਟਿਆਲਾ ਸੈਂਟਰਲ ਜੇਲ੍ਹ ਵਿੱਚ ਜਲੰਧਰ ਟਿਫਨ ਕਾਰ ਬੰਬ ਧਮਾਕੇ ਵਿੱਚ ਬੰਦ ਹੈ। ਜਲੰਧਰ ਟਿਫ਼ਨ ਬੰਬ ਧਮਾਕੇ ਦੇ ਮੁੱਖ ਦੋਸ਼ੀ ਪਲਵਿੰਦਰ ਸਿੰਘ ਉਰਫ਼ ਡਿੰਪੀ ਨੂੰ ਅਕਤੂਬਰ 2018 ਵਿੱਚ ਬੈਂਕਾਕ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪਲਵਿੰਦਰ ਸਿੰਘ ਉਰਫ਼ ਡਿੰਪੀ ਦਿੱਲੀ ਦਾ ਵਸਨੀਕ ਹੈ ਤੇ ਉਸ ਨੂੰ ਦਸੰਬਰ 2015 ਵਿਚ ਜਲੰਧਰ ਦੇ ਮਕਸੂਦਾ ਪੁਲਿਸ ਥਾਣੇ ਅਧੀਨ ਪੈਂਦੇ ਪਿੰਡ ਦੁੱਗਰੀ ਵਿਚ ਹੋਏ ਟਿਫ਼ਿਨ ਬੰਬ ਧਮਾਕੇ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਧਮਾਕਿਆਂ ਤੋਂ ਬਾਅਦ ਉਹ ਕਥਿਤ ਤੌਰ 'ਤੇ ਬੈਂਕਾਕ ਚਲਾ ਗਿਆ ਸੀ।

### ਦਿੱਲੀ 'ਚ ਵਿਕਦਾ ਹੈ ਸ਼ਰੇਆਮ ਨਜਾਇਜ਼ ਅਸਲਾ, 25 ਹਜ਼ਾਰ ਵਿਚ ਲਵੋ ਪਿਸਤੌਲ

**ਨਵੀਂ ਦਿੱਲੀ/ਏਟੀ ਨਿਊਜ਼ :** ਭਾਰਤ ਦੀ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਹਥਿਆਰਾਂ ਦਾ ਜ਼ਖੀਰਾ ਬਰਾਮਦ ਕੀਤਾ ਹੈ। ਇਸ ਦੇ ਨਾਲ ਪੁਲਿਸ ਨੇ ਦੋ ਬਦਮਾਸ਼ਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੇ ਨਾਲ ਰਾਜਬਹਾਦੁਰ ਤੇ ਜਿਤੇਂਦਰ ਹਨ। ਦੋਵੇਂ ਮੱਧ ਪ੍ਰਦੇਸ਼ ਦੇ ਖਰਗੌਨ ਤੋਂ ਹਥਿਆਰ ਲੈ ਕੇ ਦਿੱਲੀ ਵਿਚ ਬਦਮਾਸ਼ਾਂ ਨੂੰ ਸਪਲਾਈ ਕਰਨ ਜਾ ਰਹੇ ਸੀ। ਇਸ ਸੂਚਨਾ ਤੋਂ ਬਾਅਦ ਟ੍ਰੈਪ ਲਾ ਕੇ ਸਪੈਸ਼ਲ ਸੈੱਲ ਨੇ ਇਨ੍ਹਾਂ ਦੋਵਾਂ ਨੂੰ ਦਿੱਲੀ ਦੇ ਗਾਜੀਪੁਰ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ। ਪੁਲਿਸ ਮੁਤਾਬਕ ਸਾਰੇ ਪਿਸਤੌਲ ਬੇਹੱਦ ਸੋਫੇਸਟੀਕੇਟਿਡ ਹਨ। ਇਨ੍ਹਾਂ ਨੂੰ ਦਿੱਲੀ ਵਿਚ 25 ਹਜ਼ਾਰ ਰੁਪਏ ਵਿਚ ਵੇਚਿਆ ਜਾਂਦਾ ਸੀ। ਦਿੱਲੀ ਵਿਚ ਅਪਰਾਧ ਸਿਖਰਾਂ 'ਤੇ ਹੈ। ਸਨੈਚਰ ਲੋੜ ਪੈਣ 'ਤੇ ਗੋਲੀ ਚਲਾਉਣ ਵਿਚ ਵੀ ਦੇਰ ਨਹੀਂ ਕਰਦੇ।

### ਪੁਲਿਸ ਮੁਕਾਬਲੇ ਵਿਚ ਜੰਡਿਆਲਾ ਗੁਰੂ ਨੇੜੇ 3 ਵਿਅਕਤੀ ਗ੍ਰਿਫ਼ਤਾਰ

**ਜੰਡਿਆਲਾ ਗੁਰੂ/ਏਟੀ ਨਿਊਜ਼ :** ਜੰਡਿਆਲਾ ਗੁਰੂ ਦੇ ਬਾਹਰਵਾਰ ਜੀ.ਟੀ. ਰੋਡ 'ਤੇ ਇਕ ਢਾਬੇ ਦੇ ਬਾਹਰ ਕਾਰ ਤੇ ਮੋਟਰਸਾਈਕਲ ਸਵਾਰ ਸ਼ੱਕੀਆਂ ਤੇ ਉਨ੍ਹਾਂ ਦਾ ਪਿੱਛਾ ਕਰ ਰਹੀ ਪੁਲਿਸ ਤੇ ਉਕਤ ਢਾਬੇ 'ਤੇ ਪਹਿਲਾਂ ਹੀ ਸਿਵਲ ਕਪੜਿਆਂ ਵਿਚ ਤਾਇਨਾਤ ਪੁਲਿਸ ਵਿਚ ਮੁਕਾਬਲਾ ਹੋ ਗਿਆ, ਜਿਸ ਉਪਰੰਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਦੇ ਕਬਜ਼ੇ ਵਿਚੋਂ 3 ਪਿਸਤੌਲ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ।

# Legal Document Preparation

- Immigration — ਇਮੀਗਰੇਸ਼ਨ
- Wills & Trusts — ਵਸੀਅਤਾਂ
- Divorce — ਤਲਾਕ
- Power of Attorney — ਮੁਖਤਿਆਰਨਾਮਾ
- Affidavits — ਐਫੀਡੈਵਿਟ
- Grant Deeds — ਗਰਾਂਟ ਡੀਡਜ਼



Not an Attorney

**Call Sarvinder**

**510-648-5554**

dolly@worryfreelegaldocs.com
www.worryfreelegaldocs.com

35672 Terrace Drive, Fremont, CA 94536
and39803 Paseo Padre Pkwy,
Ste A, Fremont, CA 94538
Paralegal and Regd. & Bonded LDA# 154, Alameda County

## Serving Around the World Community Since 1994

We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345

Star Alliance BROKERAGE



## Indianapolis, Indiana...

## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

# ਗੁਰਦੁਆਰਾ ਸਾਹਿਬ ਫਰੀਮੌਂਟ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536

## ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਯਾਦ ਵਿਚ

# ਮਹਾਨ ਸ਼ਹੀਦੀ ਸਮਾਗਮ

**13 ਅਕਤੂਬਰ 2019 ਦਿਨ ਐਤਵਾਰ**





ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ

**11 ਅਕਤੂਬਰ 2019 ਦਿਨ ਸ਼ੁੱਕਰਵਾਰ**

ਭੋਗ ਸ੍ਰੀਅਖੰਡ ਪਾਠ ਸਾਹਿਬ

**13 ਅਕਤੂਬਰ 2019 ਦਿਨ ਐਤਵਾਰ**

ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿਚ ਰਾਗੀ,
ਢਾਡੀ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ।



ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ

13 ਅਕਤੂਬਰ 2019 ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ ਵਿਖੇ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਜਾਵੇਗਾ। ਇਤਿਹਾਸ ਦੀ ਗਵਾਹੀ ਮੁਤਾਬਕ ਜਦ ਵੀ ਕਿਸੇ ਹਾਕਮ ਵਲੋਂ ਜ਼ੁਲਮ ਦੀ ਇੰਤਹਾ ਹੋਈ, ਫਿਰ ਉਸ ਜ਼ੁਲਮ ਨੂੰ ਠੱਲ੍ਹਣ ਲਈ ਸਮੇਂ-ਸਮੇਂ ਕੌਮੀ ਸੂਰਬੀਰ-ਯੋਧੇ ਜਨਮ ਲੈਂਦੇ ਰਹੇ ਅਤੇ ਕੌਮੀ ਸਵੈਮਾਣ ਨੂੰ ਕਾਇਮ ਰੱਖਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਂਦੇ ਰਹੇ। ਜੂਨ -1984 ਨੂੰ ਹਿੰਦੋਸਤਾਨੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕੀਤਾ। ਉਸ ਹਮਲੇ ਦੇ ਇਕ ਵੱਡੇ ਦੋਸ਼ੀ ਅਰੁਣ ਕੁਮਾਰ ਵੈਦਿਆ ਨੂੰ, ਉਸ ਦੇ ਪਾਪਾਂ ਦੀ ਸਜ਼ਾ ਭੁਗਤਾ ਕੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮਣ ਵਾਲੇ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ ਅਦੁੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਸਿੱਖ ਯੂਥ ਆਫ ਅਮਰੀਕਾ ਵਲੋਂ ਸਮੂਹ ਸੰਗਤ ਅਤੇ ਪੰਥਕ ਜਥੇਬੰਦੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

*ਹਰ ਸਾਲ ਦੀ ਤਰ੍ਹਾਂ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਗੁਰਦੇਵ ਸਿੰਘ ਦੇ ਪਰਿਵਾਰ ਵਲੋਂ ਹੋਵੇਗੀ।*

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (510) 750-7499**

**ਬੇਨਤੀ ਕਰਤਾ : ਸਿੱਖ ਯੂਥ ਆਫ ਅਮਰੀਕਾ**



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1,2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# COVERED CALIFORNIA

## Big Insurance Group

1817 Capitol st Vallejo Ca 94591

COVERED CALIFORNIA

WE ALWAYS READY TO ANSWER YOUR QUESTIONS



- Buy or Sell your Home
- ਲਾਈਫ਼ ਇੰਸ਼ੋਰੈਂਸ
- ਹੈਲਥ ਇੰਸ਼ੋਰੈਂਸ
- Financial services like retirement plans and investment etc

ਕਵਰਡ ਕੈਲੀਫੋਰਨੀਆ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ

**Ram Matharu**
**707-365-1368**

For Real Estate Call :
707-365-1368
DRE # 9141968
Ram Matharu
rammatharu@yahoo.com

Certified Insurance Agent
Anthem. Health Net UnitedHealthcare
Insurance License #0k66537



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15. Almost 10 acres paved truck parking with approximately $32000 monthly income.** **$4,399,000**




**ਨਵੀਂ ਜਾਂ ਪੁਰਾਣੀ ਜਾਇਦਾਦ**
**ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ‘ਕਰਤਾਰਪੁਰੀ ਮਾਡਲ’ ਵਿਸ਼ਵ ਜੀਵਨ ਦਾ ਹਿੱਸਾ ਬਣਨਾ ਜ਼ਰੂਰੀ

**ਹਰਸਿਮਰਨ ਸਿੰਘ**



ਸਿੱਖ ਧਰਮ ਅਥਵਾ ਦਰਸ਼ਨ ਦਾ ਉਦੈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਹੋਇਆ ਸਮਝਿਆ ਜਾਂਦਾ ਹੈ। ਕਿਸੇ ਵੀ ਨਵੇਂ ਧਰਮ ਅਥਵਾ ਵਿਚਾਰਧਾਰਾ ਦੇ ਸਿਧਾਂਤਕ ਪਹਿਲੂ ਆਪਣੀ ਥਾਂ ਮਹੱਤਵਪੂਰਨ ਹੁੰਦੇ ਹਨ, ਪਰ ਅਮਲੀ ਜੀਵਨ ਵਿਚ ਕਿਹੋ ਜਿਹਾ ਮਨੁੱਖ ਅਤੇ ਵਿਵਸਥਾ ਸਿਰਜਦੇ ਹਨ, ਇਹ ਮੁੱਦੇ ਮਹੱਤਵਪੂਰਨ ਹੁੰਦੇ ਹਨ। ਪ੍ਰਚੱਲਿਤ ਧਰਮ ਤਾਂ ਆਪਣੇ ਵਿਹਾਰ ਵਿਚ ਕੁਝ ਸੁਧਾਰ ਲਿਆਉਂਦੇ ਰਹਿੰਦੇ ਹਨ, ਪਰ ਨਵੇਂ ਧਰਮ ਨੇ ਜਦੋਂ ਇਤਿਹਾਸ ਵਿਚ ਉਤਰਨਾ ਹੁੰਦਾ ਹੈ, ਉਦੋਂ ਇਸ ਲਈ ਨਵੇਂ ਨਗਰ, ਵਸੋਂ ਕੇਂਦਰ ਅਤੇ ਵਿਵਸਥਾ ਸਥਾਪਤ ਕਰਨੇ ਪਹਿਲੀ ਲੋੜ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨ ਇਸ ਸਬੰਧੀ ਸੁਚੇਤ ਸਨ। ਇਸ ਲਈ ਅਸੀਂ ਵੇਖਦੇ ਹਾਂ ਕਿ 1947 ਤੋਂ ਪਹਿਲਾਂ ਦੇ ਸਾਂਝੇ ਪੰਜਾਬ ਵਿਚ ਗੁਰੂ ਨਾਨਕ ਸਾਹਿਬ ਵਲੋਂ ਰਾਵੀ ਨਦੀ ਦੇ ਕੰਢੇ ਵਸਾਏ ਗਏ ਕਰਤਾਰਪੁਰ ਸਾਹਿਬ ਤੋਂ ਲੈ ਕੇ ਅਨੰਦਪੁਰ ਸਾਹਿਬ ਤੱਕ ਨਿਰਮਿਤ ਕੀਤੇ ਗਏ ਨਗਰਾਂ ਨੇ ਸਿੱਖ ਧਰਮ, ਇਤਿਹਾਸ ਅਤੇ ਵਿਰਾਸਤ ਆਦਿ ਨੂੰ ਸ਼ਕਤੀ ਪ੍ਰਦਾਨ ਕਰਨ ਵਿਚ ਵੱਡਾ ਯੋਗਦਾਨ ਪਾਇਆ। ਦੂਸਰਾ, ਇਨ੍ਹਾਂ ਨਗਰਾਂ ਨੇ ਸਿੱਖ ਦਰਸ਼ਨ ਅਤੇ ਲੋਕਾਂ ਦੀਆਂ ਸਮਾਜੋ-ਆਰਥਿਕ ਅਤੇ ਵਿਵਸਥਾ ਦੀਆਂ ਲੋੜਾਂ ਸਬੰਧੀ ਜੋ ਮਾਡਲ ਵਿਕਸਿਤ ਕੀਤੇ, ਉਹ ਗੁਰੂ ਸਾਹਿਬ ਦੇ ਵਿਚਾਰਾਂ ਅਤੇ ਸੁਪਨਿਆਂ ਦੀ ਸ਼ਾਖਸ਼ਾਤ ਗਵਾਹੀ ਭਰਦੇ ਹਨ।

ਅਸਲ ਵਿਚ ਵਿਸ਼ਵ ਪੱਧਰ ਤੱਕ ਫੈਲੀ ਮਨੁੱਖੀ ਸੱਭਿਅਤਾ ਵੱਖ-ਵੱਖ ਭੂਗੋਲਿਕ ਖੇਤਰਾਂ ਵਾਲੇ ਦੇਸ਼ਾਂ ਵਿਚ ਵਸਦੇ ਸਮਾਜਾਂ ਦਾ ਸੰਯੁਕਤ ਰੂਪ ਹੈ। ਸਬੰਧਿਤ ਸਰਕਾਰਾਂ ਦੀ ਵੱਡੀ ਜ਼ਿੰਮੇਵਾਰੀ ਆਪਣੇ ਭੂਗੋਲਿਕ ਖੇਤਰ ਵਿਚ ਵਸਦੇ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ, ਸਿਰਜਣਾਤਮਿਕ ਅਤੇ ਹਰ ਪ੍ਰਕਾਰ ਦੇ ਫਿਕਰਾਂ ਤੋਂ ਮੁਕਤ ਅਨੰਦ ਦੇਣ ਵਾਲੀ ਵਿਵਸਥਾ ਸਥਾਪਤ ਕਰਨਾ ਹੁੰਦਾ ਹੈ। ਵਿਸ਼ਵ ਦੇ ਬਹੁਤੇ ਦੇਸ਼ ਇਸ ਸਬੰਧੀ ਪੂਰਨ ਰੂਪ ਵਿਚ ਸਫ਼ਲ ਕਿਉਂ ਨਹੀਂ ਹੋਏ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਇਕ ਵਿਸਮਾਦੀ ਸਮਾਜ ਸਿਰਜਣਾ ਅਤੇ ਸਫ਼ਲ ਵਿਵਸਥਾ ਚਲਾਉਣੀ ਸਿਧਾਂਤਕ ਤੌਰ ‘ਤੇ ਹਰ ਸੱਤਾਧਾਰੀ ਧਿਰ ਦੀ ਜ਼ਿੰਮੇਵਾਰੀ ਹੁੰਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਵਿਚਾਰਿਆਂ ਗੁਰੂ ਨਾਨਕ ਦੇਵ ਜੀ ਵਲੋਂ ਵਸਾਇਆ ਗਿਆ ਕਰਤਾਰਪੁਰ ਸਾਹਿਬ ਨਗਰ ਸਿੱਖ ਵਿਚਾਰਧਾਰਾ ਦੀਆਂ ਵਿਵਹਾਰਿਕ ਅਤੇ ਸਮਾਜਿਕ ਲੋੜਾਂ ਅਨੁਸਾਰ ਕੀਤਾ ਗਿਆ ਪਹਿਲਾ ਯਤਨ ਸੀ, ਜਿਸ ਤੋਂ ਅਸੀਂ ਗੁਰੂ ਸੁਪਨਿਆਂ ਦੇ ਨਵੇਂ ਸਮਾਜ ਦੀ ਸਿਰਜਣਾ ਅਤੇ ਸਥਾਪਤ ਕੀਤੀ ਜਾਣ ਵਾਲੀ ਵਿਵਸਥਾ ਦੀ ਰੂਪ-ਰੇਖਾ ਚਿਤਰ ਸਕਦੇ ਹਾਂ।

ਕਰਤਾਰਪੁਰ ਸਾਹਿਬ ਵਿਖੇ ਜਿਸ ਤਰ੍ਹਾਂ ਦਾ ਸਮਾਜ ਸਿਰਜਿਆ ਗਿਆ, ਉਸ ਦੇ ਮੁੱਖ ਤੌਰ ‘ਤੇ ਪੰਜ ਨਕਸ਼ ਉੱਭਰਦੇ ਹਨ। (1) ਸਾਂਝੀ-ਕੁਦਰਤੀ ਖੇਤੀ (ਵਪਾਰ), (2) ਸੱਚੀ-ਸੁੱਚੀ ਕਿਰਤ ਕਰਨ ਵਾਲਾ ਸੱਭਿਆਚਾਰ, (3) ਜਾਤ-ਪਾਤ ਅਤੇ ਵਰਗਾਂ ਦੇ ਬੰਧਨਾਂ ਤੋਂ ਉੱਪਰ ਉੱਠੀ ਭਾਈਚਾਰਕ ਸਾਂਝ ਵਾਲੀ ਕੁਦਰਤਮੁਖੀ ਵਿਵਸਥਾ, (4) ਸਮਾਜੋ-ਆਰਥਿਕ ਵਿਕਾਸ ਪ੍ਰਬੰਧ ਅਤੇ (5) ਰੂਹਾਨੀ-ਪਦਾਰਥਕ ਸੰਤੁਸ਼ਟੀ ਅਤੇ ਸਹਿਜ ਵਾਲਾ ਵਿਸਮਾਦੀ ਮਨੁੱਖ ਅਤੇ ਵਾਤਾਵਰਨ। ਇਹੋ ਹੀ ਮੁੱਢਲੇ ਪੰਜ ਨਕਸ਼ ਅਸੀਂ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਤਰਨਤਾਰਨ ਅਤੇ ਕੀਰਤਪੁਰ-ਅਨੰਦਪੁਰ ਸਾਹਿਬ ਆਦਿ ਗੁਰੂ ਸਾਹਿਬ ਵਲੋਂ ਵਸਾਏ ਗਏ ਨਗਰਾਂ ਵਿਚ ਵੇਖਦੇ ਹਾਂ। ਸਪੱਸ਼ਟ ਹੈ ਕਿ ਜਿਸ ਤਰ੍ਹਾਂ ਦੇ ਅਨੰਦਿਤ, ਸੁਰੱਖਿਅਤ, ਸਮਾਜ ਅਤੇ ਇਸ ਦੀ ਵਿਵਸਥਾ ਦਾ ਸਿੱਖ ਵਿਚਾਰਧਾਰਾ ਦਮ ਭਰਦੀ ਹੈ, ਉਸ ਦੀ ਸ਼ੁਰੂਆਤ ਕਰਤਾਰਪੁਰ ਸਾਹਿਬ ਤੋਂ ਹੋਈ ਸੀ।



ਕਰਤਾਰਪੁਰ ਸਾਹਿਬ ਦੀ ਧਰਤੀ ਤੋਂ ਵਿਕਸਿਤ ਹੋਏ ਇਸ ਮਾਡਲ ਦਾ ਸੁਭਾਅ ਅਤੇ ਵਿਹਾਰ ਕੁਦਰਤਮੁਖੀ ਸੀ। ਕੁਦਰਤ ਦੇ ਵਿਸ਼ਾਲ ਵਰਤਾਰਿਆਂ ਨੂੰ ਸਮਝ ਕੇ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਇਸ ਵਿਚ ਜਿਵੇਂ ਵਾਹਿਗੁਰੂ ਆਪ ਵਸਦਾ ਹੈ, ਉਸ ਅਨੁਸਾਰ ਕੁਦਰਤ ਅਤੇ ਇਥੇ ਪੈਦਾ ਹੋਈ ਬਨਸਪਤੀ ਧਰਤੀ ਉੱਤੇ ਜਨਮ ਲੈਣ ਵਾਲੇ ਹਰ ਤਰ੍ਹਾਂ ਦੇ ਜਲੀ-ਥਲੀ ਜੀਵਾਂ ਨੂੰ ਹਰ ਸਮੇਂ ਊਰਜਿਤ ਕਰਕੇ ਰੱਖਦੀ ਹੈ। ਇਸ ਦਾ ਆਪਣਾ ਉਤਪਾਦਨ ਪ੍ਰਬੰਧ ਹੈ, ਜੋ ਆਪਣੇ ਸਥਾਪਤ ਨਿਯਮਾਂ ਅਨੁਸਾਰ ਹਰ ਜੀਵ ਨੂੰ ਊਰਜਿਤ ਕਰਕੇ ਰੱਖਣ ਲਈ ਖੁੱਲ੍ਹਾ ਹੋਇਆ ਹੈ। ਕੁਦਰਤ ਦਾ ਸਮੁੱਚਾ ਸੁਭਾਅ ਸਿਰਜਣਾਤਮਿਕ ਹੈ। ਕੁਦਰਤ ਸਮਦ੍ਰਿਸ਼ਟ ਸੁਭਾਅ ਵਾਲੀ ਹੈ। ਇਹ ਮਨੁੱਖ ਸਮੇਤ ਹਰ ਜੀਵ-ਜੰਤ ਨਾਲ ਬ੍ਰਹਿਮੰਡੀ ਰਿਸ਼ਤਿਆਂ ਦੀ ਸਾਂਝ ਵਿਚ ਕਿਸੇ ਤਰ੍ਹਾਂ ਦੇ ਵਿਤਕਰੇ ਜਾਂ ਬਦਲਾਖੋਰੀ ਵਾਲੀ ਭਾਵਨਾ ਨਹੀਂ ਰੱਖਦੀ। ਕੁਦਰਤ ਅਨੁਸ਼ਾਸਨ ਵਿਚ ਰਹਿਣ ਵਾਲੀ ਹਸਤੀ ਹੈ। ਕੁਦਰਤ ਹਰ ਪਲ ਸਹਿਜ ਵਿਚ ਰਹਿੰਦੀ ਹੈ ਅਤੇ ਸਹਿਜ ਵਿਚ ਆਪਣਾ ਉਤਪਾਦਨ ਪ੍ਰਬੰਧ ਅਤੇ ਆਪਣਾ ਸੰਤੁਲਨ ਬਣਾ ਕੇ ਰੱਖਦੀ ਹੈ। ਸਪੱਸ਼ਟ ਹੈ ਕਿ ਕੁਦਰਤ ਦੀ ਆਪਣੀ ਵਿਵਸਥਾ ਹੈ। ਕੁਦਰਤ ਦੇ ਸਿਰਜਣ, ਪਾਲਣ ਅਤੇ ਵਿਨਾਸ਼ ਦੇ ਸਿਧਾਂਤ ਅਤੇ ਕਰਮ ਅਨੁਸਾਰ ਇਸ ਦੀ ਕਿੰਨੀ ਵੱਡੀ ਜ਼ਿੰਮੇਵਾਰੀ ਹੈ ਅਤੇ ਇਹ ਕਿਵੇਂ ਨਿਭਾਈ ਜਾ ਰਹੀ ਹੈ, ਇਸ ਬਾਰੇ ਮਹਿਸੂਸ ਕੀਤਿਆਂ ਹੀ ਸਮਝ ਲੱਗਦੀ ਹੈ।

ਸੋ, ਜਦੋਂ ਤੱਕ ਵਿਸ਼ਵ ਦੇਸ਼ ਅਤੇ ਮਾਨਵ ਸੱਭਿਅਤਾ ਦੀ ਕਿਸਮਤ ਦਾ ਫੈਸਲਾ ਕਰਨ ਵਾਲੇ ਲੋਕ ਕੁਦਰਤਮੁਖੀ ਸਮਾਜਿਕ ਪ੍ਰਬੰਧ ਨੂੰ ਨਹੀਂ ਅਪਣਾਉਂਦੇ ਅਤੇ ਉਸ ਦੀਆਂ ਲੀਹਾਂ ਉੱਤੇ ਆਪਣੀ ਰਾਜ ਵਿਵਸਥਾ ਨਹੀਂ ਚਲਾਉਂਦੇ, ਉਦੋਂ ਤੱਕ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਦੇ ਸੰਕਟਾਂ ਦਾ ਨਿਵਾਰਨ ਨਹੀਂ ਕੀਤਾ ਜਾ ਸਕਦਾ। ਯਕੀਨਨ ਮਾਨਵ ਜਾਤੀ ਕੁਦਰਤ ਅਨੁਸਾਰ ਜੀਵਨ ਜੀਊ ਕੇ ਹੀ ਆਪਣਾ ਬਚਾਅ ਕਰ ਸਕਦੀ ਹੈ।

ਸੋ ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੁਦਰਤਮੁਖੀ ਸਮਾਜਿਕ ਪ੍ਰਬੰਧ ਕਿਵੇਂ ਸਥਾਪਤ ਕੀਤਾ ਜਾਵੇ ? ਗੁਰੂ ਨਾਨਕ ਦੇਵ ਜੀ ਵਲੋਂ ਕਰਤਾਰਪੁਰ ਸਾਹਿਬ ਵਿਖੇ ਸ਼ੁਰੂ ਕੀਤੇ ਗਏ ਵਿਕਾਸ ਮਾਡਲ ਨੂੰ ਅੱਜ ਦੇ ਸੰਕਟਮਈ ਹਾਲਾਤ ਵਿਚ ਹੋਰ ਪਾਸਾਰ ਕਿਵੇਂ ਦਿੱਤੇ ਜਾਣ ਕਿ ਇਤਿਹਾਸ ਦਾ ਇਕ ਮਹੱਤਵਪੂਰਨ ਵਰਤਾਰਾ ਪੰਜਾਬ, ਭਾਰਤ ਅਤੇ ਵਿਸ਼ਵ ਵਿਚ ਇਕ ਨਵਾਂ ਵਿਕਸਿਤ, ਸੁਰੱਖਿਅਤ, ਸਿਰਜਣਾਤਮਿਕ ਅਤੇ ਅਨੰਦਮਈ ਸਮਾਜ ਅਥਵਾ ਵਿਵਸਥਾ ਸਿਰਜ ਸਕੇ। ਅੱਜ ਸਿੱਖ ਪੰਥ ਭਾਰਤ ਅਤੇ ਪਾਕਿਸਤਾਨ ਸਮੇਤ ਵਿਸ਼ਵ ਦੇਸ਼ਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਨਵੰਬਰ, 2019 ਵਿਚ ਮਨਾਉਣ ਜਾ ਰਿਹਾ ਹੈ। ਇਸ ਸਬੰਧੀ ਨਗਰ ਕੀਰਤਨਾਂ, ਵੱਡੀਆਂ ਇਮਾਰਤਾਂ, ਸੜਕਾਂ, ਲੰਗਰਾਂ, ਸੁਲਤਾਨਪੁਰ ਲੋਧੀ ਨੂੰ ਸਫ਼ੈਦ ਰੰਗਤ ਦੇਣ, ਸੈਮੀਨਾਰ ਕਰਵਾਉਣ ਆਦਿ ਵਰਗੇ ਵੱਡੇ ਪ੍ਰੋਗਰਾਮ ਉਲੀਕੇ ਗਏ ਹਨ। ਸਾਡੇ ਸਾਹਮਣੇ ਸੰਨ 1999 ਤੋਂ ਵਰਤਮਾਨ ਤੱਕ ਇਸੇ ਹੀ ਢੰਗ ਨਾਲ ਮਨਾਈਆਂ ਗਈਆਂ ਵੱਡੀਆਂ ਸ਼ਤਾਬਦੀਆਂ ਦੇ ਤਜਰਬਿਆਂ ਦਾ ਇਤਿਹਾਸ ਹੈ। ਇਕ ਅਨੁਮਾਨ ਅਨੁਸਾਰ ਸੰਨ 1999 ਤੋਂ ਵਰਤਮਾਨ ਤੱਕ ਮਨਾਈਆਂ ਗਈਆਂ ਸ਼ਤਾਬਦੀਆਂ ਉੱਤੇ 10 ਅਰਬ ਤੋਂ ਵੱਧ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਪਰ ਕੀ ਸਿੱਖ ਪੰਥ ਅਤੇ ਵਿਸ਼ਵ ਲਈ ਅਜਿਹੇ ਉਪਰਾਲਿਆਂ ਨਾਲ ਕੋਈ ਸਾਰਥਿਕ ਨਤੀਜੇ ਨਿਕਲੇ ਹਨ ? ਜਵਾਬ ਸਪੱਸ਼ਟ“ਨਾਂਹ’ ਵਿਚ ਹੈ। ਇਸੇ ਕਾਰਨ ਜਥੇਦਾਰ ਅਕਾਲ ਤਖ਼ਤ ਸਾਹਿਬ ਸਮੇਤ ਹਰ ਸੰਜੀਦਾ ਸਿੱਖ ਲੀਹ ਤੋਂ ਹਟ ਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਨੂੰ ਜਥੇਬੰਦ ਕਰਨਾ ਚਾਹੁੰਦੇ ਹਨ।

ਅੱਜ ਵਿਸ਼ਵ ਸਥਿਤੀਆਂ ਦਾ ਇਕ ਵੱਡਾ ਸੱਚ ਹੈ ਕਿ ਪੂੰਜੀਵਾਦੀ, ਸਮਾਜਵਾਦੀ, ਕਮਿਊਨਿਜ਼ਮ, ਇਸਲਾਮਿਕ ਅਤੇ ਸਥਾਨਕ ਪੱਧਰ ਦੇ ਸਮੁੱਚੇ ਸੰਸਾਰ ਪ੍ਰਬੰਧ ਅਜਿਹੀ ‘ਦਾਰਸ਼ਨਿਕ ਥਕਾਵਟ ਅਤੇ ਅਸਪੱਸ਼ਟਤਾ’ ਦੇ ਘੇਰੇ ਵਿਚ ਆ ਗਏ ਹਨ ਕਿ ਵਿਸ਼ਵ ਨੂੰ ਇਕ ‘ਨਵੇਂ ਸੰਸਾਰ ਪ੍ਰਬੰਧ’ ਦੀ ਲੋੜ ਆ ਪਈ ਹੈ। ਪੰਜਾਬ, ਭਾਰਤ ਅਤੇ ਵਿਸ਼ਵ ਦੇ ਅਜਿਹੇ ਤਨਾਅਪੂਰਨ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਵਾਲੇ ਅਜੋਕੇ ਸਮਾਜਿਕ ਪ੍ਰਬੰਧ ਦੀ ਥਾਂ ‘ਤੇ ਇਕ ਨਵਾਂ ਸੰਸਾਰ ਪ੍ਰਬੰਧ ਸਿਰਜਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਲਸਫਾ ਵੱਡਾ ਯੋਗਦਾਨ ਪਾਉਣ ਦੇ ਸਮਰੱਥ ਹੈ। ਇਨ੍ਹਾਂ ਸਥਿਤੀਆਂ ਵਿਚ ਸਿੱਖ ਪੰਥ ਦੀਆਂ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸੰਸਥਾਵਾਂ, ਸਮਾਜੋ-ਰਾਜਨੀਤਕ-ਧਾਰਮਿਕ-ਰਾਜਨੀਤਕ ਆਗੂ ਅਤੇ ਵਿਸ਼ਵ ਭਰ ਵਿਚ ਫੈਲੀ ਸਿੱਖ ਪ੍ਰਤਿਭਾ ਮਾਨਵ ਜਾਤੀ ਦੀ ਅਜਿਹੀ ਲੋੜ ਨੂੰ ਕਿਵੇਂ ਪੂਰਾ ਕਰ ਸਕਦੇ ਹਨ, ਇਹ ਸਮੁੱਚੇ ਸਿੱਖ ਪੰਥ ਦੀ ਇਕ ਵੱਡੀ ਜ਼ਿੰਮੇਵਾਰੀ ਅਥਵਾ ਚਿੰਤਾ ਹੋਣੀ ਜ਼ਰੂਰੀ ਹੈ।

ਇਹ ਇਥੇ ਹੀ ਹੈ ਕਿ ਮੇਰੀ ਨਵੀਂ ਰਚਨਾ ‘ਵਿਸਮਾਦੀ ਵਿਸ਼ਵ ਆਰਡਰ’ (ਵਿਸ਼ਵ ਸੱਭਿਆਚਾਰਾਂ ਦਾ ਬਹੁ-ਸੰਘ) ਨਾ ਕੇਵਲ ਭਾਰਤ ਸਗੋਂ ਵਿਸ਼ਵ ਦੇਸ਼ਾਂ ਨੂੰ ਇਕ ਨਵਾਂ ਵਿਸਮਾਦੀ ਸਮਾਜ ਅਤੇ ਸਮਾਜਿਕ ਪ੍ਰਬੰਧ ਸਿਰਜਣ ਲਈ ਰਾਹ-ਦਸੇਰਾ ਸਾਬਤ ਹੋ ਸਕਦੀ ਹੈ। ਵਿਸ਼ਾਲ ਵਿਸ਼ਵ ਕੈਨਵਸ ਵਾਲੀ ਇਹ ਪੁਸਤਕ ਅਸਲ ਵਿਚ ਉਹ ਪੰਥਕ ਏਜੰਡਾ ਵੀ ਨਿਰਧਾਰਤ ਕਰਦੀ ਹੈ, ਜਿਸ ਦੀ ਪੰਥ ਨੂੰ ਅੱਜ ਵੱਡੀ ਲੋੜ ਹੈ। ਇਸ ਪੁਸਤਕ ਵਿਚ ਦਿੱਤੇ ਗਏ ਵਿਚਾਰਾਂ ਨੂੰ ਕਰਵਾਏ ਜਾਣ ਵਾਲੇ ਸੈਮੀਨਾਰਾਂ ਅਤੇ ਹੋਰ ਸਮਾਗਮਾਂ ਦਾ ਜੇਕਰ ਕੇਂਦਰੀ ਵਿਸ਼ਾ ਬਣਾ ਲਿਆ ਜਾਏ ਤਾਂ ਪਿਛਲੀਆਂ ਸ਼ਤਾਬਦੀਆਂ ਤੋਂ ਉਲਟ ਵੱਡੇ ਪ੍ਰਸੰਗਿਕ ਅਤੇ ਸਾਰਥਿਕ ਨਤੀਜੇ ਨਿਕਲ ਸਕਦੇ ਹਨ।

ਅਜਿਹੇ ਹਾਲਾਤ ਵਿਚ ਪ੍ਰਤਿਭਾਵਾਨ ਸਿੱਖਾਂ ਦਾ ਵੱਡਾ ਫਰਜ਼ ਬਣ ਜਾਂਦਾ ਹੈ ਕਿ ਉਹ ਸਿੱਖ ਫਿਲਾਸਫੀ ਦੀਆਂ ਅੰਤਰ-ਦ੍ਰਿਸ਼ਟੀਆਂ ਆਧਾਰਿਤ ਸਮਾਜਿਕ-ਸ਼ਾਸਕੀ ਪ੍ਰਬੰਧ ਬਾਰੇ ਮਾਨਵ ਸੱਭਿਅਤਾ ਨੂੰ ਨਾ ਕੇਵਲ ਜਾਣੂੰ ਕਰਵਾਉਣ, ਸਗੋਂ ਇਸ ਨੂੰ ਮਾਨਵ ਜੀਵਨ ਦਾ ਹਿੱਸਾ ਬਣਾਉਣ ਲਈ ਖੁਦ ਵੱਡੀ ਪਹਿਕਦਮੀ ਕਰਨ, ਜਿਸ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਰੱਖ ਦਿੱਤੀ ਸੀ। ਸਮਾਜਿਕ ਪ੍ਰਬੰਧ ਦਾ ‘ਕਰਤਾਰਪੁਰੀ ਮਾਡਲ’ ਵਿਸ਼ਵ ਜੀਵਨ ਦਾ ਹਿੱਸਾ ਬਣਨਾ ਜ਼ਰੂਰੀ ਹੈ।

# ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 20 ਅਕਤੂਬਰ ਨੂੰ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਯਮਲਾ ਜੱਟ ਫਾਉਂਡੇਸ਼ਨ ਦੇ ਮੁੱਖ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਵਿਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਤ ਮੇਲੇ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਮੇਲਾ 20 ਅਕਤੂਬਰ 20 19, ਦਿਨ ਐਤਵਾਰ ਦੁਪਿਹਰ 12 ਵਜੇ ਤੇ ਲੈ ਕੇ ਸ਼ਾਮ 6 ਵਜੇ ਤਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿਛਲੇ ਸਾਲ ਦੀ ਤਰ੍ਹਾਂ ਮਨਇਆ ਜਾਵੇਗਾ। ਇਸ ਮੇਲੇ ਵਿਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ, ਜਿਨ੍ਹਾਂ ਵਿਚ ਲੋਕਾਂ ਦੀ ਪੁਰਜ਼ੋਰ ਮੰਗ ‘ਤੇ ਬਰਜਿੰਦਰ ਮਚਲਾ ਜੱਟ, ਬੁਲੰਦ ਆਵਾਜ਼ ਅਤੇ ਕਲਮ ਦੇ ਧਨੀ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਸਪੈਸ਼ਲ ਕਨੇਡਾ ਤੋਂ ਮੱਖਣ ਬਰਾੜ, ਐਚ. ਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ, ਕਾਂਤਾ ਸਹੋਤਾ, ਉਂਕਾਰ ਗਿੱਲ, ਪੱਪੂ ਬਰਾੜ, ਸੁਲਤਾਨ ਅਖਤਰ, ਅਕਾਸ਼ਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨ੍ਹਣਗੇ। ਇਸ ਤੋਂ ਇਲਾਵਾ ਛੋਟੀ ਉਮਰੇ ਵੱਡੀਆਂ ਮੱਲਾਂ ਮਾਰ ਰਹੇ ਬੱਚੇ ਅਮਨਜੋਤ ਸਿੰਘ ਅਤੇ ਇੰਦਰਜੀਤ ਸਿੰਘ (ਮਾਛੀਵਾੜਾ ਬਰੱਦਰਜ਼) ਵੀ ਆਪਣੀ ਗਾਇਕੀ ਦੇ ਰੰਗ ਬੰਨ੍ਹਣਗੇ। ਇਸ ਮੇਲੇ ਵਿਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾਂ ਨੂੰ ਖਾਸ ਤੌਰ ‘ਤੇ ਖੁੱਲ੍ਹੇ ਅਖਾੜੇ ਵਿਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿਚ ਦਾਖਲਾ ਅਤੇ ਲੰਗਰ ਦਾ ਪ੍ਰਬੰਧ ਹੋਵੇਗਾ। ਇਸੇ ਤਰ੍ਹਾਂ ਬੱਚਿਆਂ ਅਤੇ ਬੀਬੀਆਂ ਦੇ ਬੈਠਣ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਾਜਿੰਦਰ ਬਰਾੜ ਨਾਲ ਫੋਨ (559) 824-90 28 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਗਲਾਸਗੋ ’ਚ ਜੁੜੀ ਪੰਜਾਬੀ ਸੱਥ ਵਿਚ ਪਹੁੰਚੇ ਦੋਵੇਂ ਪੰਜਾਬਾਂ ਦੇ ਅਦੀਬ

**ਗਲਾਸਗੋ (ਲੰਡਨ)/ਮਨਦੀਪ ਖੁਰਮੀ ਹਿੰਮਤਪੁਰਾ :** ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਉੱਦਮਾਂ ਸਦਕਾ ਪੰਜਾਬੀ ਸੱਥ ਦਾ ਆਯੋਜਨ ਪ੍ਰਧਾਨ ਦਿਲਾਵਰ ਸਿੰਘ, ਸਕੱਤਰ ਦਲਜੀਤ ਸਿੰਘ ਦਿਲਬਰ ਦੀ ਅਗਵਾਈ ਵਿੱਚ ਕੀਤਾ ਗਿਆ। ਵਰ੍ਹਿਆਂ ਤੋਂ ਜੁੜਦੀ ਆ ਰਹੀ ਇਸ ਸੱਥ ਵਿੱਚ ਵੱਖ ਵੱਖ ਤਬਕਿਆਂ, ਵੱਖ ਵੱਖ ਵਿਧਾਵਾਂ ਨਾਲ ਜੁੜੀਆਂ ਹਸਤੀਆਂ ਸ਼ਾਮਿਲ ਹੁੰਦੀਆਂ ਹਨ। ਬੀਤੇ ਦਿਨੀਂ ਆਯੋਜਿਤ ਹੋਈ ਸੱਥ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਸਮਾਗਮ ਦੇ ਪਹਿਲੇ ਦੌਰ ਵਿੱਚ ਜਿੱਥੇ ਕਸ਼ਮੀਰ ਦੇ ਅਜੋਕੇ ਹਾਲਾਤਾਂ ਉੱਪਰ ਚਰਚਾ ਕੀਤੀ ਗਈ, ਉੱਥੇ ਗੁਰਦਾਸ ਮਾਨ ਨਾਲ ਜੁੜੇ ਸਮੁੱਚੇ ਘਟਨਾਕ੍ਰਮ ਉੱਪਰ ਵੀ ਗੰਭੀਰ ਵਿਚਾਰ ਚਰਚਾ ਕੀਤੀ ਗਈ। ਬੁਲਾਰਿਆਂ ਨੇ ਹਿੰਦੀ ਦਾ ਗਲਬਾ ਸਥਾਪਿਤ ਕਰਨ ਦੇ ਬਿਆਨਾਂ ਨੂੰ ਆਮ ਲੋਕਾਈ ਦਾ ਕਸ਼ਮੀਰ ਮਸਲੇ ਵੱਲੋਂ ਧਿਆਨ ਭਟਕਾਉਣਾ ਕਰਾਰ ਦਿੰਦਿਆਂ ਕਿਹਾ ਕਿ ਸਿਆਸਤ ਵਿੱਚ ਕੁਝ ਵੀ ਅਚਨਚੇਤ ਨਹੀਂ ਵਾਪਰਦਾ, ਸਗੋਂ ਹਰ ਘਟਨਾ, ਹਰ ਬਿਆਨ ਪਹਿਲਾਂ ਤੋਂ ਹੀ ਵਿਉਂਤਿਆ ਹੁੰਦਾ ਹੈ। ਬੇਸ਼ੱਕ ਗੁਰਦਾਸ ਮਾਨ ਦੇ ਬਿਆਨ ਦੀ ਮਨਸ਼ਾ ਹੋਰ ਹੋਵੇ, ਪਰ ਉਸ ਦੇ ਬਿਆਨ ਦੀ ਸਮਾਂ ਚੋਣ ਅਤੇ ਬਾਅਦ ਵਿੱਚ ਅਭੱਦਰ ਸ਼ਬਦਾਵਲੀ ਬੋਲਣਾ ਪੰਜਾਬੀ ਪ੍ਰੇਮੀਆਂ ਨੂੰ ਚੁਭਣਾ ਲਾਜ਼ਮੀ ਸੀ। ਇਸ ਦੌਰਾਨ ਮਰਹੂਮ ਕਵੀ ਓਮ ਪ੍ਰਕਾਸ਼ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

# ਜੀਐਚਜੀ. ਅਕੈਡਮੀ ਵੱਲੋਂ ਕੀਰਤਨ ਅਤੇ ਭਾਸ਼ਨ ਮੁਕਾਬਲੇ 16 ਨਵੰਬਰ ਨੂੰ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਜੀਐਚਜੀ. ਡਾਂਸ ਅਤੇ ਸੰਗੀਤ ਅਕੈਡਮੀ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਸਲਾਨਾ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਲਾਉਦੀ ਹੈ। ਉਸੇ ਉਪਰਾਲੇ ਨੂੰ ਅੱਗੇ ਤੋਰਦੇ ਹੋਏ ਬੱਚਿਆਂ ਨੂੰ ਧਰਮ ਦੀ ਸਿੱਖਿਆ ਅਤੇ ਉਤਸ਼ਾਹਤ ਕਰਨ ਲਈ ਅਕੈਡਮੀ ਵੱਲੋਂ ਇਸ ਸਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਬੱਚਿਆਂ ਦੇ ਕੀਰਤਨ ਅਤੇ ਭਾਸ਼ਨ ਮੁਕਾਬਲੇ ਕਰਵਾਏ ਜਾਣਗੇ। ਇਹ ਪ੍ਰੋਗਰਾਮ 16 ਨਵੰਬਰ 2019, ਦਿਨ ਸ਼ਨੀਵਾਰ ਨੂੰ ਹੋਵੇਗਾ। ਕੀਰਤਨ ਮੁਕਾਬਲੇ 6 ਸਾਲ ਦੀ ਉਮਰ ਤੋਂ 18 ਸਾਲ ਤਕ ਦੀ ਉਮਰ ਵਰਗ ਦੇ ਬੱਚਿਆਂ ਦੇ ਹੋਣਗੇ, ਜਿਨ੍ਹਾਂ ਨੂੰ ਕ੍ਰਮਵਾਰ 500, 300 ਅਤੇ 250 ਡਾਲਰ ਦੇ ਇਨਾਮ ਦਿੱਤੇ ਜਾਣਗੇ। ਤਕਰੀਰ ਮੁਕਾਬਲੇ ਵਿਚ ਬੱਚਿਆਂ ਦੇ ਦੋ ਵੱਖ-ਵੱਖ ਉਮਰ ਗਰੁੱਪ ਹੋਣਗੇ, ਜਿਸ ਵਿੱਚ ਪਹਿਲਾ 10 ਸਾਲ ਤੋਂ 14 ਸਾਲ ਅਤੇ ਦੂਸਰਾ ਗਰੁੱਪ 14 ਸਾਲ ਤੋਂ 18 ਸਾਲ ਦਾ ਹੋਵੇਗਾ। ਇਸ ਮੁਕਾਬਲੇ ‘ਚ ਪਹਿਲੇ ਸਥਾਨ ਵਾਲੇ ਨੂੰ ਤਿੰਨ ਸੌ ਡਾਲਰ, ਦੂਜੇ ਸਥਾਨ ਵਾਲੇ ਨੂੰ ਦੋ ਸੌ ਡਾਲਰ ਅਤੇ ਤੀਜੇ ਸਥਾਨ ਵਾਲੇ ਨੂੰ ਇਕ ਸੌ ਡਾਲਰ ਇਨਾਮ ਦਿੱਤਾ ਜਾਵੇਗਾ। ਇਹ ਸਮੁੱਚਾ ਪ੍ਰੋਗਰਾਮ ‘ਸਿੱਖ ਇੰਸਟੀਚਿਊਟ’ (ਗੁਰਦੁਆਰਾ ਸਿੰਘ ਸਭਾ) DHBG North Parkway Drive, Fresno, CA 93722 ਵਿਖੇ ਹੋਵੇਗਾ। ਪ੍ਰੋਗਰਾਮ ਵਿਚ ਹਿੱਸਾ ਲੈਣ ਅਤੇ ਆਪਣੇ ਰਜਿਸਟ੍ਰੇਸ਼ਨ ਸਬੰਧੀ ਉਦੇਦੀਪ ਸਿੰਘ ਸਿੱਧੂ ਨਾਲ ਫੋਨ ਨੰਬਰ (559) 355-4065 ‘ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਯਾਦਗਾਰੀ ਮੈਡਲ ਅਤੇ ਗੁਟਕਾ ਸਾਹਿਬ ਵੀ ਭੇਟ ਕੀਤਾ ਜਾਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

## ਆਰਥਿਕ ਤੌਰ 'ਤੇ ਲੜਖੜਾਈ ਮੋਦੀ ਸਰਕਾਰ ਨੂੰ ਡਾ. ਮਨਮੋਹਨ ਸਿੰਘ ਦਾ ਸਹਾਰਾ

**ਅੰਮ੍ਰਿਤਸਰ/ਏਟੀ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰਾ ਪ੍ਰਹਿਲਾਦ ਬਾਈ ਮੋਦੀ ਨੇ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਉਨ੍ਹਾਂ ਦੱਸਿਆ ਕਿ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਨਾਲ ਦੇਸ਼ ਦੀ ਤਰੱਕੀ ਲਈ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਸੋਚ ਦੇਸ਼ ਪ੍ਰਤੀ ਬਹੁਤ ਹੀ ਚੰਗੀ ਹੈ। ਬਤੌਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦੇਸ਼ ਦੀ ਤਰੱਕੀ ਲਈ ਕਾਂਗਰਸ ਪਾਰਟੀ ਨੇ ਖੁੱਲ੍ਹ ਕੇ ਕੰਮ ਨਹੀਂ ਕਰਨ ਦਿੱਤਾ ਅਤੇ ਹੁਣ ਵੀ ਦੇਸ਼ ਲਈ ਸੇਵਾਵਾਂ ਨਿਭਾਉਣ ਪ੍ਰਤੀ ਇਹ ਹੀ ਸੋਚ ਹੈ।

## ਸਾਬਕਾ ਜੱਜ ਵੱਲੋਂ ਭਾਜਪਾ ਰਾਜ ਦੀ ਹਿਟਲਰ ਦੇ ਦੌਰ ਨਾਲ ਤੁਲਨਾ

**ਨਵੀਂ ਦਿੱਲੀ/ਏਟੀ ਨਿਊਜ਼ :** ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਾਟਜੂ ਨੇ ਦੇਸ਼ ਵਾਸੀਆਂ ਨੂੰ ਖਬਰਦਾਰ ਕੀਤਾ ਹੈ ਕਿ ਸੰਭਲ ਜਾਓ, ਬੁਰੇ ਦਿਨ ਆਉਣ ਵਾਲੇ ਹਨ। ਉਨ੍ਹਾ ਇਕ ਵੈੱਬਸਾਈਟ ਵਿਚ ਲਿਖੇ ਲੇਖ ਵਿਚ ਕਿਹਾ ਹੈ ਕਿ ਅੱਜ ਭਾਰਤ ਵਿਚ ਉਹੋ ਜਿਹਾ ਹੀ ਕੁਝ ਹੋ ਰਿਹਾ ਹੈ, ਜੋ ਜਰਮਨੀ ਵਿਚ ਹਿਟਲਰ ਦੇ ਦੌਰ ਵਿਚ ਹੋਇਆ ਸੀ। ਕਾਟਜੂ ਨੇ ਲਿਖਿਆ ਕਿ ਜਨਵਰੀ 1933 ਵਿਚ ਹਿਟਲਰ ਦੇ ਸੱਤਾ ਵਿਚ ਆਉਣ ਦੇ ਬਾਅਦ ਲੱਗਭੱਗ ਪੂਰਾ ਜਰਮਨੀ ਪਾਗਲ ਹੋ ਗਿਆ ਸੀ। ਉਨ੍ਹਾਂ ਦੱਸਿਆ ਜਦੋਂ ਤੋਂ ਭਾਜਪਾ ਸਰਕਾਰ ਆਈ ਹੈ, ਘੱਟ ਗਿਣਤੀਆਂ ਤੇ ਖਾਸਕਰ ਮੁਸਲਮਾਨਾਂ ਵਿਰੁੱਧ ਭੜਕਾਊ ਭਾਸ਼ਣ ਦੇ ਕੇ ਇਕ ਫਿਰਕੂ ਏਜੰਡਾ ਫੈਲਾਇਆ ਗਿਆ ਹੈ। ਪਿਛਲੇ ਕੁਝ ਸਾਲਾਂ ਤੋਂ ਰਾਮ ਮੰਦਰ ਦੀ ਉਸਾਰੀ ਤੇ ਮੁਸਲਮਾਨਾਂ ਦੀ ਲਿੰਚਿੰਗ ਦੀ ਹੀ ਚਰਚਾ ਹੈ।

## ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਲੋਂ ਹਾਫ਼ਿਜ਼ ਸਈਦ ਨੂੰ ਖ਼ਾਤੇ ਵਿਚੋਂ ਪੈਸੇ ਕਢਵਾਉਣ ਦੀ ਇਜਾਜ਼ਤ

**ਸੰਯੁਕਤ ਰਾਸ਼ਟਰ/ਏਟੀ ਨਿਊਜ਼ :** ਮੁੰਬਈ ਜਿਹਾਦੀ ਹਮਲੇ ਦੇ ਮੁੱਖ ਸਾਜਿਸ਼ਕਰਤਾ ਦੱਸੇ ਜਾਂਦੇ ਹਾਫਿਜ਼ ਸਈਦ ਖ਼ਿਲਾਫ਼ ਅੱਤਵਾਦ ਫੰਡਿੰਗ ਦਾ ਮਾਮਲਾ ਚੱਲ ਰਿਹਾ ਹੈ, ਇਸੇ ਦਰਮਿਆਨ ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਅਪੀਲ ਕੀਤੀ ਕਿ ਕੌਮਾਂਤਰੀ ਅੱਤਵਾਦੀ ਹਾਫਿਜ਼ ਸਈਦ ਦੇ ਪਰਿਵਾਰ ਦੇ ਖ਼ਰਚ ਲਈ ਉਸ ਨੂੰ ਬੈਂਕ ਖਾਤੇ ਵਿਚੋਂ ਪੈਸੇ ਕਢਵਾਉਣ ਦੀ ਇਜਾਜ਼ਤ ਦਿੱਤੀ ਜਾਵੇ। ਸੰਯੁਕਤ ਰਾਸ਼ਟਰ ਨੇ ਪਾਕਿਸਤਾਨ ਦੀ ਬੇਨਤੀ 'ਤੇ ਜਮਾਤ-ਉਦ-ਦਾਵਾ ਦੇ ਸਰਗਨਾ ਹਾਫਿਜ਼ ਸਈਦ ਨੂੰ ਉਸ ਦੇ ਬੈਂਕ ਖਾਤੇ ਨੂੰ ਵਰਤਣ ਦੀ ਇਜਾਜ਼ਤ ਦੇ ਦਿੱਤੀ ਹੈ। 15 ਅਗਸਤ ਦੇ ਪੱਤਰ ਵਿਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਕਿਹਾ ਕਿ ਇਸ ਬੇਨਤੀ ਨੂੰ ਮਨਜ਼ੂਰ ਕੀਤਾ ਗਿਆ ਕਿਉਂਕਿ ਤੈਅ ਸਮਾਂ ਸੀਮਾ ਦੇ ਅੰਦਰ ਕੋਈ ਇਤਰਾਜ਼ ਨਹੀਂ ਕੀਤਾ ਗਿਆ।

## ਨਿਪਾਲ ਵੱਲੋਂ 550ਵੇਂ ਪ੍ਰਕਾਸ਼ ਪੁਰਬ ਲਈ ਯਾਦਗਾਰੀ ਸਿੱਕੇ ਜਾਰੀ

**ਅੰਮ੍ਰਿਤਸਰ/ਏਟੀ ਨਿਊਜ਼ ;** ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਿਪਾਲ ਸਰਕਾਰ ਨੇ ਗੁਰੂ ਪ੍ਰਤੀ ਸਤਿਕਾਰ ਵਜੋਂ 2500, 1000 ਤੇ 100 ਨਿਪਾਲੀ ਰੁਪਏ ਦੇ ਤਿੰਨ ਯਾਦਗਾਰੀ ਸਿੱਕੇ ਜਾਰੀ ਕੀਤੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਵਲੋਂ ਨਿਪਾਲ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਨੂੰ ਸੁਲਤਾਨਪੁਰ ਲੋਧੀ ਵਿਖੇ ਹੋ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।

## ਯੂਪੀ ਵਿਚ ਅਨੰਦ ਮੈਰਿਜ ਐਕਟ ਜਲਦ ਲਾਗੂ ਹੋਣ ਦੀ ਸੰਭਾਵਨਾ

**ਲਖਨਊ/ਏਟੀ ਨਿਊਜ਼ :** ਸਾਡੀ ਸਰਕਾਰ ਸਾਰੇ ਧਰਮਾਂ ਦੇ ਅਧਿਕਾਰਾਂ ਨੂੰ ਪੂਰਾ ਕਰਨ ਵਾਲੀ ਹੈ। ਇਸੇ ਲੜੀ ਵਿਚ ਜਲਦ ਹੀ ਉੱਤਰ ਪ੍ਰਦੇਸ਼ ਵਿਚ ਅਨੰਦ ਮੈਰਿਜ ਐਕਟ ਲਾਗੂ ਹੋਵੇਗਾ, ਇਹ ਭਰੋਸਾ ਬੀਤੇ ਦਿਨੀਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਲਖਨਊ ਲੋਕ ਭਵਨ ਸਥਿਤ ਦਫ਼ਤਰ ਵਿਚ ਮੁਲਾਕਾਤ ਕਰਨ ਪੁੱਜੇ ਸੰਤ ਲੌਂਗੋਵਾਲ ਫਾਊਂਡੇਸ਼ਨ ਦੇ ਸਿੱਖ ਵਫ਼ਦ ਨੂੰ ਅਨੰਦ ਮੈਰਿਜ ਐਕਟ ਨੂੰ ਉੱਤਰ ਪ੍ਰਦੇਸ਼ ਵਿਚ ਵੀ ਲਾਗੂ ਕਰਨ ਦੇ ਸਬੰਧ ਵਿਚ ਦਿੱਤੇ ਗਏ ਮੰਗ ਪੱਤਰ ਨੂੰ ਸਵੀਕਾਰ ਕਰਦਿਆਂ ਦਿੱਤਾ। ਸੰਤ ਲੌਂਗੋਵਾਲ ਫਾਊਂਡੇਸ਼ਨ ਦੇ ਪ੍ਰਧਾਨ ਹਰਮਿੰਦਰ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਇਕ ਵਫ਼ਦ ਨੇ ਲਖਨਊ ਵਿਚ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨਾਲ ਪਹਿਲਾਂ ਤੋਂ ਤੈਅ ਕੀਤੇ ਸਮੇਂ ਅਨੁਸਾਰ ਮੁਲਾਕਾਤ ਕਰ ਸਿੱਖਾਂ ਦੇ ਵਿਆਹ ਉਨ੍ਹਾਂ ਦੇ ਆਪਣੇ ਐਕਟ ਤਹਿਤ ਰਜਿਸਟਰ ਕਰਾਏ ਜਾਣ ਸਬੰਧੀ ਮੰਗ ਕਰਦੇ ਹੋਏ ਮੰਗ ਪੱਤਰ ਦਿੱਤਾ।

# ਕਸ਼ਮੀਰ ਮਸਲੇ ਬਾਰੇ ਸਿੱਖ ਜਥੇਬੰਦੀਆਂ ਤੇ ਹੋਰਨਾਂ ਵਲੋਂ ਦਿੱਲੀ ਵਿਚ ਰੋਸ ਪ੍ਰਦਰਸ਼ਨ

**ਨਵੀਂ ਦਿੱਲੀ/ਏਟੀ ਨਿਊਜ਼ :** ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖ਼ਤਮ ਕਰਨ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਪੰਜਾਬ ਦੀਆਂ ਸਿੱਖ ਜਥੇਬੰਦੀਆਂ, ਵਿਦਿਆਰਥੀ ਜਥੇਬੰਦੀ, ਤਾਮਿਲ ਪਾਰਟੀਆਂ ਤੇ ਹੋਰਨਾਂ ਵਲੋਂ ਦਿੱਲੀ ਵਿਚ ਰੋਸ ਪ੍ਰਦਰਸ਼ਨ ਕੀਤਾ ਗਿਆ। ਦੇਸ਼-ਦੁਨੀਆ ਦਾ ਧਿਆਨ ਕਸ਼ਮੀਰ ਦੀ ਨਿੱਘਰਦੀ ਸਥਿਤੀ ਵੱਲ ਖਿੱਚਣ ਦੇ ਮਕਸਦ ਨਾਲ ਕੀਤੇ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਵਲੋਂ ਕਸ਼ਮੀਰੀਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਧਾਰਾ 370 ਨੂੰ ਮੁੜ ਬਹਾਲ ਕਰਨ ਦੀ ਮੰਗ ਕੀਤੀ ਗਈ। ਪ੍ਰਦਰਸ਼ਨ ਦੌਰਾਨ ਪੰਜਾਬੀ ਭਾਸ਼ਾ ਦਾ ਸਨਮਾਨ ਤੇ ਖ਼ਾਲਿਸਤਾਨ ਪੱਖੀ ਨਾਅਰੇ ਵੀ ਲਗਾਏ ਗਏ ਤੇ ਪ੍ਰਦਰਸ਼ਨ ਉਪਰੰਤ ਇਕ ਵਫ਼ਦ ਵਲੋਂ ਸੰਯੁਕਤ ਰਾਸ਼ਟਰ ਦੇ ਦਫ਼ਤਰ ਵਿਚ ਇਕ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਪ੍ਰਦਰਸ਼ਨ ਵਿਚ ਅਕਾਲੀ ਦਲ ਅੰਮ੍ਰਿਤਸਰ, ਦਲ ਖ਼ਾਲਸਾ, ਐਸ. ਐਫ.ਐਸ. ਚੰਡੀਗੜ੍ਹ, ਨਾਮ ਤਾਮਿਲਰ ਕਾਚੀ, ਤਾਮਿਲ ਨੈਸ਼ਨਲ ਮੂਵਮੈਂਟ ਫ਼ਾਰ ਮੂਵਮੈਂਟ ਸਮੇਤ ਹੋਰਨਾਂ ਜਥੇਬੰਦੀਆਂ ਤੇ ਇਨਸਾਫ਼ ਪਸੰਦ ਲੋਕਾਂ ਨੇ ਸ਼ਮੂਲੀਅਤ ਕੀਤੀ। ਪ੍ਰਦਰਸ਼ਨ ਦੇ ਤੈਅ ਪ੍ਰੋਗਰਾਮ ਮੁਤਾਬਿਕ ਪ੍ਰਦਰਸ਼ਨਕਾਰੀਆਂ ਨੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਇਕ ਮਾਰਚ ਦੇ ਰੂਪ ਵਿਚ ਜੰਤਰ ਮੰਤਰ ਵਿਚ ਪ੍ਰਦਰਸ਼ਨ ਕਰਨਾ ਸੀ ਪਰ ਪ੍ਰਦਰਸ਼ਨ ਤੋਂ ਕੁਝ ਘੰਟੇ ਪਹਿਲਾਂ ਹੀ ਦਿੱਲੀ ਪੁਲਿਸ ਵਲੋਂ ਸੰਚਾਲਕਾਂ ਨੂੰ




ਸੂਚਨਾ ਦਿੱਤੀ ਗਈ ਕਿ ਮਾਰਚ ਤੇ ਪ੍ਰਦਰਸ਼ਨ ਦੀ ਇਜਾਜ਼ਤ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਸਾਰੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਇਕੱਠੇ ਹੋਏ ਤੇ ਪਾਬੰਦੀ ਦੇ ਬਾਵਜੂਦ ਅਰਦਾਸ ਉਪਰੰਤ ਜੰਤਰ ਮੰਤਰ ਵੱਲ ਵਧਣਾ ਸ਼ੁਰੂ ਕਰ ਦਿੱਤਾ ਹਾਲਾਂਕਿ ਪੁਲਿਸ ਨੇ ਰਸਤੇ ਵਿਚ ਹੀ ਅੜਿੱਕੇ ਖੜ੍ਹੇ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ। ਇਸ ਮੌਕੇ ਸਿਮਰਨਜੀਤ ਸਿੰਘ ਮਾਨ, ਕੰਵਰਪਾਲ ਸਿੰਘ, ਪ੍ਰੋ. ਗਿਲਾਨੀ, ਪ੍ਰੋ. ਜਗਮੋਹਨ ਸਿੰਘ, ਕੰਨੂਪ੍ਰਿਆ (ਐਸ. ਐਫ.ਐਸ.), ਆਰ. ਵੈਂਕਟਰਮਨ ਤੇ ਸੀਮਨ (ਤਾਮਿਲਨਾਡੂ) ਅਤੇ ਹੋਰ ਆਗੂਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਸ਼ਮੀਰੀਆਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਤੇ ਜੇਕਰ ਕਸ਼ਮੀਰ ਵਿਚ ਸਭ ਕੁਝ ਠੀਕ ਹੈ ਤਾਂ ਫਿਰ ਮੀਡੀਆ ਤੇ ਹੋਰਨਾਂ ਨੂੰ ਉੱਥੇ ਕਿਉਂ ਨਹੀਂ ਜਾਣ ਦਿੱਤਾ ਜਾ ਰਿਹਾ।

## ਭਾਰਤ ਤੇ ਪਾਕਿਸਤਾਨ ਵਿਚਾਲੇ ਸਾਹਿਤਕ ਅਦਾਨ-ਪ੍ਰਦਾਨ 'ਤੇ ਰੋਕ

**ਅੰਮ੍ਰਿਤਸਰ/ਏਟੀ ਨਿਊਜ਼ :** ਭਾਰਤ-ਪਾਕਿਸਤਾਨ ਵਿਚ ਤਣਾਅ ਦੇ ਕਾਰਨ ਦੋਵੇਂ ਮੁਲਕਾਂ ਵਲੋਂ ਵਪਾਰਕ, ਆਵਾਜਾਈ ਤੇ ਹੋਰਨਾਂ ਸਬੰਧਾਂ 'ਤੇ ਲਗਾਈ ਗਈ ਰੋਕ ਦੇ ਨਾਲ-ਨਾਲ ਡਾਕ ਜਾਂ ਹੋਰਨਾਂ ਸਾਧਨਾਂ ਰਾਹੀਂ ਸਾਹਿਤਕ ਰਸਾਲਿਆਂ ਦੇ ਭੇਜਣ ਮੰਗਵਾਉਣ 'ਤੇ ਲਗਾਈ ਰੋਕ ਨੂੰ ਲੈ ਕੇ ਪਾਕਿਸਤਾਨੀ ਸਾਹਿਤਕਾਰਾਂ ਨੇ ਨਾਰਾਜ਼ਗੀ ਜਤਾਈ ਹੈ। ਲਾਹੌਰ ਸਥਿਤ ਦਿਆਲ ਸਿੰਘ ਰਿਸਰਚ ਤੇ ਕਲਚਰਲ ਫੋਰਮ ਦੇ ਚੇਅਰਮੈਨ ਅਹਿਸਾਨ ਨਦੀਮ ਗੋਰਾਇਆ ਨੇ ਦੱਸਿਆ ਕਿ ਦਿਆਲ ਸਿੰਘ ਰਿਸਰਚ ਤੇ ਕਲਚਰਲ ਫੋਰਮ ਵਲੋਂ ਪਿਛਲੇ ਕਈ ਵਰ੍ਹਿਆਂ ਤੋਂ ਨਿਯਮ ਨਾਲ ਗੁਰਮੁਖੀ ਤੇ ਸ਼ਾਹਮੁਖੀ ਵਿਚ ਤਿਮਾਹੀ ਰਸਾਲਾ 'ਪੰਜਾਬ ਦੇ ਰੰਗ' ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਤੇ ਸਾਲ 2010 ਤੋਂ ਲਗਾਤਾਰ ਹਰ ਪ੍ਰਕਾਸ਼ਨ ਦੀਆਂ 70 ਕਾਪੀਆਂ ਭਾਰਤ ਵਿਚ ਭੇਜੀਆਂ ਜਾ ਰਹੀਆਂ ਹਨ ਜਦਕਿ ਉਨ੍ਹਾਂ ਵਲੋਂ ਡਾਕ ਰਾਹੀਂ 20 ਸਤੰਬਰ ਨੂੰ ਭਾਰਤ ਭੇਜੇ 'ਪੰਜਾਬ ਦੇ ਰੰਗ' ਦੇ 70 ਰਸਾਲੇ ਪਾਕਿਸਤਾਨ ਡਾਕ ਵਿਭਾਗ ਵਲੋਂ 23 ਸਤੰਬਰ ਨੂੰ ਵਾਪਸ ਕਰ ਦਿੱਤੇ ਗਏ। ਸਾਹਿਤਕਾਰ ਇਹਸਾਨ ਬਾਜਵਾ ਨੇ ਪਾਬੰਦੀ ਨੂੰ ਪੰਜਾਬੀਆਂ ਨਾਲ ਬੇਇਨਸਾਫ਼ੀ ਦੱਸਦਿਆਂ ਕਿਹਾ ਸਾਹਿਤਕ ਪਰਚੇ ਹਮੇਸ਼ਾ ਜੋੜਣ ਦੀ ਗੱਲ ਕਰਦੇ ਹਨ, ਤੋੜਣ ਦੀ ਨਹੀਂ। ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਤੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਰੋਕ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ।

ਪਾਕਿ ਸਰਕਾਰ ਵਲੋਂ ਵਾਹਗਾ ਸਰਹੱਦ ਰਾਹੀਂ ਪੁਸਤਕਾਂ ਦੇ ਅਦਾਨ-ਪ੍ਰਦਾਨ 'ਤੇ ਲਗਾਈ ਰੋਕ ਕਾਰਨ ਪੰਜਾਬ ਦੇ ਸਾਹਿਤਕਾਰ ਔਖੇ ਹਨ। ਨਾਟਕਕਾਰ ਕੇਵਲ ਧਾਲੀਵਾਲ ਨੇ ਪਾਕਿ ਸਰਕਾਰ ਦੇ ਇਸ ਫ਼ੈਸਲੇ ਨੂੰ ਮੰਦਭਾਗਾ ਦੱਸਿਆ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਤੇ ਕਹਾਣੀਕਾਰ ਦੀਪ ਦਵਿੰਦਰ ਸਿੰਘ ਨੇ ਪਾਕਿਸਤਾਨ ਦੇ ਇਸ ਫ਼ੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਹਿਤਕ ਅਦਾਨ-ਪ੍ਰਦਾਨ ਕਦੇ ਵੀ ਪਾਬੰਦੀਆਂ ਹੇਠ ਨਹੀਂ ਰਹਿੰਦਾ।

## ਪੁਲੀਸ ਨੇ ਤਿੰਨ ਕਾਮਰੇਡ ਨਕਸਲੀ ਹੋਣ ਦਾ ਦੋਸ਼ ਲਗਾ ਕੇ ਕੀਤੇ ਖੱਜਲ

**ਬਠਿੰਡਾ/ਏਟੀ ਨਿਊਜ਼ :**
ਬਠਿੰਡਾ ਪੁਲੀਸ ਨੇ ਜਮਹੂਰੀ ਹੱਕਾਂ ਦੇ ਤਿੰਨ ਕਾਰਕੁਨਾਂ ਨੂੰ ਕਰੀਬ 30 ਘੰਟੇ ਮਾਨਸਿਕ ਪੀੜਾ ਦੀ ਘੁਲਾੜੀ ਵਿਚ ਰੱਖਿਆ ਜਿਨ੍ਹਾਂ 'ਤੇ ਅੰਦਰੋਂ ਅੰਦਰੀਂ 'ਅਰਬਨ ਨਕਸਲੀ' ਹੋਣ ਦਾ ਠੱਪਾ ਲਾਉਣ ਦੀ ਤਿਆਰੀ ਸੀ। ਪਹਿਲਾਂ ਤਾਂ ਜ਼ਿਲ੍ਹਾ ਪੁਲੀਸ ਨੇ ਇਸ ਗ੍ਰਿਫ਼ਤਾਰੀ ਦੀ ਭਿਣਕ ਨਾ ਪੈਣ ਦਿੱਤੀ। ਜਦੋਂ ਜਮਹੂਰੀ ਧਿਰਾਂ ਦੇ ਆਗੂਆਂ ਦਾ ਦਬਾਅ ਬਣਨ ਲੱਗਾ ਤਾਂ ਪੁਲੀਸ ਨੂੰ ਨਰਮ ਹੋਣਾ ਪਿਆ। ਅਖੀਰ ਐੱਸਡੀਐੱਮ ਨੇ ਜ਼ਾਤੀ ਮੁਚੱਲਕੇ 'ਤੇ ਤਿੰਨੋਂ ਕਾਰਕੁਨਾਂ ਨੂੰ ਰਿਹਾਅ ਕਰ ਦਿੱਤਾ। ਉਨ੍ਹਾਂ 'ਤੇ ਸ਼ਰਤ ਲਾਈ ਗਈ ਹੈ ਕਿ ਉਹ 3 ਅਕਤੂਬਰ ਤੱਕ ਬਠਿੰਡਾ ਤੋਂ ਬਾਹਰ ਨਹੀਂ ਜਾਣਗੇ ਅਤੇ ਤਿੰਨ ਅਕਤੂਬਰ ਨੂੰ ਤਿੰਨੋਂ ਵਿਅਕਤੀ ਬਾਂਡ ਭਰਨਗੇ। ਥਾਣਾ ਕੋਤਵਾਲੀ ਵਿਚ ਉਨ੍ਹਾਂ ਖ਼ਿਲਾਫ਼ ਧਾਰਾ 107, 151 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਕਾਊਂਟਰ ਇੰਟੈਂਲੀਜੈਂਸ ਵੱਲੋਂ ਇਸ ਮਾਮਲੇ 'ਤੇ ਪਹਿਲਾਂ ਤੋਂ ਹੀ ਪੈੜ ਰੱਖੀ ਜਾ ਰਹੀ ਸੀ। ਜ਼ਿਲ੍ਹਾ ਪੁਲੀਸ ਵੱਲੋਂ ਜੋ ਆਗੂ ਹਿਰਾਸਤ ਵਿਚ ਲਏ ਗਏ, ਉਨ੍ਹਾਂ ਵਿਚ ਪੱਛਮੀ ਬੰਗਾਲ ਦੀ 'ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ਼ ਡੈਮੋਕਰੈਟਿਕ ਰਾਈਟਸ' ਦਾ ਆਗੂ ਰਾਹੁਲ ਚੱਕਰਵਰਤੀ ਅਤੇ 'ਬੰਗਾਲ, ਭਾਰਤ ਤੇ ਪਾਕਿਸਤਾਨ ਪੀਪਲਜ਼ ਫੋਰਮ' ਦਾ ਡਾ. ਸੁਰੇਸ਼ ਬਾਇਨ ਅਤੇ ਜਮਹੂਰੀ ਅਧਿਕਾਰ ਸਭਾ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਲਾਜਪਤ ਰਾਏ ਵਾਸੀ ਮੁਕਤਸਰ ਸ਼ਾਮਲ ਸਨ।

ਸੂਤਰਾਂ ਅਨੁਸਾਰ ਜ਼ਿਲ੍ਹਾ ਪੁਲੀਸ ਨੇ ਸ਼ਨਿਚਰਵਾਰ ਨੂੰ ਇਨ੍ਹਾਂ ਕਾਰਕੁਨਾਂ ਨੂੰ ਉਦੋਂ ਚੁੱਕਿਆ ਜਦੋਂ ਲਾਜਪਤ ਰਾਏ ਧੀ ਨਾਲ ਪੱਛਮੀ ਬੰਗਾਲ ਦੇ ਦੋ ਕਾਰਕੁਨਾਂ ਨੂੰ ਰੇਲਵੇ ਸਟੇਸ਼ਨ ਤੋਂ ਆਪਣੇ ਘਰ ਲਿਆ ਰਿਹਾ ਸੀ। ਰੇਲਵੇ ਰੋਡ 'ਤੇ ਕੋਤਵਾਲੀ ਪੁਲੀਸ ਦੀ ਸਫੈਦ ਵਰਦੀ ਪੁਲੀਸ ਨੇ ਕਾਰ ਨੂੰ ਘੇਰਾ ਪਾ ਲਿਆ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਪਹਿਲਾਂ ਥਾਣਾ ਕੈਂਟ ਲੈ ਗਏ ਅਤੇ ਉਥੋਂ ਆਦੇਸ਼ ਹਸਪਤਾਲ ਵਾਲੀ ਸਾਈਡ ਲੈ ਗਏ। ਪੁਲੀਸ ਨੇ ਰਾਏ ਦੀ ਲੜਕੀ ਨੂੰ ਇੱਕ ਵਾਰੀ ਵਾਪਸ ਘਰ ਭੇਜ ਦਿੱਤਾ ਸੀ।

ਉਧਰ ਜਮਹੂਰੀ ਅਧਿਕਾਰ ਸਭਾ ਅਤੇ ਹੋਰ ਧਿਰਾਂ ਦੇ ਆਗੂਆਂ ਨੇ ਸੋਸ਼ਲ ਮੀਡੀਆ 'ਤੇ ਪੁਲੀਸ ਕਾਰਵਾਈ ਨਸ਼ਰ ਕਰ ਦਿੱਤੀ ਅਤੇ ਖਦਸ਼ਾ ਜ਼ਾਹਰ ਕੀਤਾ ਕਿ ਕਾਰਕੁਨਾਂ ਨੂੰ ਕਿਸੇ ਅਣਦੱਸੀ ਥਾਂ 'ਤੇ ਲਿਜਾ ਕੇ ਪੁਲੀਸ ਖਪਾ ਸਕਦੀ ਹੈ। ਇਸ ਦੌਰਾਨ ਜ਼ਿਲ੍ਹਾ ਪੁਲੀਸ ਨੇ ਲਾਜਪਤ ਰਾਏ ਦੀ ਲੜਕੀ ਸ਼ਰਨਜੀਤ ਕੌਰ ਨੂੰ ਉਸ ਦੇ ਘਰ ਵਿਚ ਹੀ ਨਜ਼ਰਬੰਦ ਕਰ ਦਿੱਤਾ। ਤਿੰਨ ਪੁਲੀਸ ਮੁਲਾਜ਼ਮਾਂ ਦੇ ਪਹਿਰੇ ਹੇਠ ਇਸ ਲੜਕੀ ਨੇ ਕਰੀਬ 15 ਘੰਟੇ ਗੁਜ਼ਾਰੇ। ਦੱਸਣਯੋਗ ਹੈ ਕਿ ਲਾਜਪਤ ਰਾਏ ਖੁਦ ਕੈਂਸਰ ਦੇ ਮਰੀਜ਼ ਹਨ ਜਦੋਂ ਕਿ ਉਨ੍ਹਾਂ ਦੀ ਲੜਕੀ ਡਿਪਰੈਸ਼ਨ ਦੀ ਮਰੀਜ਼ ਹੈ। ਜ਼ਿਲ੍ਹਾ ਪੁਲੀਸ ਨੇ ਲਾਜਪਤ ਰਾਏ ਦੇ ਘਰ ਦੀ ਤਲਾਸ਼ੀ ਲਈ ਜਿਥੋਂ ਪੁਲੀਸ ਨੂੰ ਦੋ ਕਿਤਾਬਾਂ ਮਿਲੀਆਂ ਹਨ ਜੋ ਆਮ ਸਾਹਿਤ ਦਾ ਹਿੱਸਾ ਹਨ। ਪੁਲੀਸ ਵੱਲੋਂ ਬੰਗਾਲ ਦੇ ਕਾਰਕੁਨਾਂ ਦੇ ਕੱਪੜੇ ਅਤੇ ਪੈੱਨ ਡਰਾਈਵ ਆਪਣੇ ਕਬਜ਼ੇ ਵਿਚ ਲੈ ਕੇ ਪੜਤਾਲ ਕੀਤੀ ਜਾ ਰਹੀ ਹੈ।

ਜਮਹੂਰੀ ਅਧਿਕਾਰ ਸਭਾ ਦੇ ਸਟੇਟ ਕਮੇਟੀ ਮੈਂਬਰ ਐਡਵੋਕੇਟ ਐੱਨ ਕੇ ਜੀਤ, ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਸਕੱਤਰ ਪ੍ਰਿਤਪਾਲ ਸਿੰਘ, ਮਹਿਲਾ ਆਗੂ ਪੁਸ਼ਪ ਲਤਾ, ਲੋਕ ਮੋਰਚਾ ਦੇ ਸੁਖਵਿੰਦਰ ਸਿੰਘ, ਮਹਿਲਾ ਮੁਕਤੀ ਮੋਰਚਾ ਦੀ ਸੁਖਵਿੰਦਰ ਕੌਰ ਅਤੇ ਡਾ. ਅਜੀਤਪਾਲ ਸਿੰਘ ਨੇ ਪੁਲੀਸ ਵੱਲੋਂ ਫੜੇ ਕਾਰਕੁਨਾਂ ਦੇ ਮਾਮਲੇ ਵਿਚ ਫੌਰੀ ਪੈਰਵੀ ਕੀਤੀ। ਐਡਵੋਕੇਟ ਐੱਨ ਕੇ ਜੀਤ ਦਾ ਪ੍ਰਤੀਕਰਮ ਸੀ ਕਿ ਸਰਕਾਰ ਦੀਆਂ ਲੋਕ ਵਿਰੋਧੀ ਅਤੇ ਕਾਰਪੋਰਟ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ 'ਤੇ ਹੀ ਪੁਲੀਸ ਦਾ ਹੱਲਾ ਹੈ ਜੋ ਨਿੰਦਣਯੋਗ ਹੈ।

## 21 ਲੱਖ ਖ਼ਰਚ ਕਰ ਕੇ ਪਤਨੀ ਨੂੰ ਵਿਦੇਸ਼ ਭੇਜਿਆ ਪਰ ਹੋ ਗਈ ਬੇਵਫਾਈ

**ਬਠਿੰਡਾ/ਏਟੀ ਨਿਊਜ਼ :** ਪਹਿਲਾਂ ਵਿਦੇਸ਼ੀ ਪੰਜਾਬੀ ਲਾੜਿਆਂ 'ਤੇ ਦੋਸ਼ ਲੱਗਦੇ ਸਨ ਕਿ ਉਹ ਪੰਜਾਬਣ ਲੜਕੀਆਂ ਨਾਲ ਵਿਆਹ ਕਰਵਾ ਕੇ ਫੁਰਰ ਹੋ ਜਾਂਦੇ ਹਨ, ਪਰ ਹੁਣ ਆਈਲੈਟਸ ਕਰਕੇ ਵਿਦੇਸ਼ ਪੜ੍ਹਨ ਜਾ ਰਹੀਆਂ ਕਈ ਲੜਕੀਆਂ ਵਿਆਹ ਕਰਵਾ ਕੇ ਪਤੀਆਂ ਨੂੰ ਠੱਗ ਕੇ ਵਿਦੇਸ਼ ਵਿਚ ਸੈਟਲ ਹੋ ਜਾਂਦੀਆਂ ਹਨ ਤੇ ਬਾਅਦ ਵਿਚ ਅਗੂੰਠਾ ਦਿਖਾ ਦਿੰਦੀਆਂ ਹਨ। ਪਿੰਡ ਮਾੜੀ ਦੇ ਰਹਿਣ ਵਾਲੇ ਇੱਕ ਨੌਜਵਾਨ ਨੇ 21 ਲੱਖ ਰੁਪਏ ਖਰਚਣ ਤੋਂ ਬਾਅਦ ਆਪਣੀ ਪਤਨੀ ਨੂੰ ਸਟੱਡੀ ਵੀਜ਼ਾ 'ਤੇ ਨਿਊਜ਼ੀਲੈਂਡ ਭੇਜਿਆ। ਇੱਕ ਮਹੀਨਾ ਉੱਥੇ ਰਹਿਣ ਤੋਂ ਬਾਅਦ, ਪਤਨੀ ਨੇ ਫ਼ੋਨ ਕੀਤਾ ਤੇ ਪਤੀ ਨੂੰ ਕਿਹਾ- ਹੁਣ ਦੁਬਾਰਾ ਫੋਨ ਨਾ ਕਰਨਾ, ਮੈਂ ਕਿਸੇ ਹੋਰ ਨਾਲ ਰਿਸ਼ਤੇ ਵਿੱਚ ਹਾਂ। ਪੀੜਤ ਨੌਜਵਾਨ ਦੀ ਸ਼ਿਕਾਇਤ 'ਤੇ ਪੁਲਿਸ ਨੇ ਜਾਂਚ ਤੋਂ ਬਾਅਦ ਮੁਲਜ਼ਮ ਪਤਨੀ ਕੰਵਰਦਵਿੰਦਰ ਕੌਰ ਨਿਊਜ਼ੀਲੈਂਡ ਤੇ ਆਪਣੇ ਸਹੁਰੇ ਜਗਸੀਰ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਦਰਅਸਲ, ਇਸ ਨੌਜਵਾਨ ਨੇ ਆਪਣੀ ਪਤਨੀ ਨੂੰ ਇਸ ਉਮੀਦ ਵਿੱਚ ਨਿਊਜ਼ੀਲੈਂਡ ਭੇਜਿਆ ਸੀ ਕਿ ਉਹ ਸੈੱਟ ਹੋ ਜਾਵੇਗੀ ਤੇ ਉਸ ਨੂੰ ਵੀ ਉੱਥੇ ਬੁਲਾ ਲਵੇਗੀ, ਪਰ ਪਤਨੀ ਨੇ ਧੋਖਾ ਦੇ ਦਿੱਤਾ। ਮਨਦੀਪ ਸਿੰਘ ਨੇ 30 ਜੁਲਾਈ ਨੂੰ ਐਸਐਸਪੀ ਬਠਿੰਡਾ ਨੂੰ ਸ਼ਿਕਾਇਤ ਦਰਜ ਕਰਵਾਈ ਸੀ। ਉਸ ਦਾ ਵਿਆਹ 9 ਅਕਤੂਬਰ, 2017 ਨੂੰ ਪਿੰਡ ਨਹਿਆਂਵਾਲਾ ਦੀ ਕੰਵਰਦਵਿੰਦਰ ਕੌਰ ਨਾਲ ਹੋਇਆ ਸੀ। ਕੰਵਰਦਵਿੰਦਰ ਨੇ ਆਈਲੈਟਸ ਕੀਤੀ ਸੀ। ਉਹ ਵਿਦੇਸ਼ ਜਾਣਾ ਚਾਹੁੰਦੀ ਸੀ। ਜਾਣਕਾਰੀ ਮੁਤਾਬਕ ਕੰਵਰਦਵਿੰਦਰ ਦਾ ਭਰਾ ਮਨਪ੍ਰੀਤ ਸਿੰਘ ਤੇ ਭਾਬੀ ਸਿੰਬਲਜੀਤ ਕੌਰ ਪਹਿਲਾਂ ਹੀ ਨਿਊਜ਼ੀਲੈਂਡ ਵਿੱਚ ਰਹਿ ਰਹੇ ਸੀ। ਇਸ ਲਈ 21 ਲੱਖ ਖਰਚ ਕਰਨ ਤੋਂ ਬਾਅਦ ਕੰਵਰਵਿੰਦਰ ਕੌਰ ਨੂੰ 4 ਫਰਵਰੀ ਨੂੰ ਸਟੱਡੀ ਵੀਜ਼ੇ 'ਤੇ ਨਿਊਜ਼ੀਲੈਂਡ ਭੇਜਿਆ। ਉੱਥੇ ਪੁੱਜਣ ਬਾਅਦ ਉਹ ਇੱਕ ਮਹੀਨੇ ਦੇ ਅੰਦਰ ਹੀ ਪਤੀ ਮਨਦੀਪ ਸਿੰਘ ਨੂੰ ਅਣਗੌਲ਼ਿਆਂ ਕਰਨ ਲੱਗੀ। ਉਸ ਨੇ ਮਕਾਨ ਵੀ ਬਦਲ ਦਿੱਤਾ। ਜਦੋਂ ਨਿਊਜ਼ੀਲੈਂਡ ਵਿੱਚ ਰਹਿੰਦੇ ਵੱਡੇ ਭਰਾ ਨੇ ਕੰਵਰਦਵਿੰਦਰ ਨੂੰ ਮਕਾਨ ਬਦਲਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਧਮਕੀ ਦਿੱਤੀ ਕਿ ਜੇ ਉਸ ਦਾ ਪਿੱਛਾ ਨਾ ਛੱਡਿਆ ਤਾਂ ਉਹ ਕੇਸ ਦਰਜ ਕਰਵਾ ਕੇ ਇੱਥੋਂ ਨਿਕਲਵਾ ਦਏਗੀ।

# ਗੁਰਬਾਣੀ ਵਿੱਚ ਨਿਮਰਤਾ ਦਾ ਸੰਕਲਪ

**ਸੁਖਬੀਰ ਕੌਰ**

ਨਿਮਰਤਾ ਮਨੁੱਖੀ ਜੀਵਨ ਦਾ ਇਕ ਬਹੁਮੁੱਲਾ ਗੁਣ ਹੈ ਜੋ ਸਾਡੀ ਜ਼ਿੰਦਗੀ ਨੂੰ ਸਰਲ, ਸਪੱਸ਼ਟ ਅਤੇ ਸੁਚੱਜਾ ਬਨਾਉਣ ਵਿਚ ਅਹਿਮ ਯੋਗਦਾਨ ਪਾਉਂਦਾ ਹੈ। ਦੁਨੀਆਂ ਨਿਮਰ, ਮਿੱਠਬੋਲੜੇ ਅਤੇ ਹੱਸਮੁਖੇ ਸੁਭਾਅ ਵਾਲੇ ਮਨੁੱਖਾਂ ਨੂੰ ਹੀ ਪਸੰਦ ਕਰਦੀ ਅਤੇ ਸਤਿਕਾਰਦੀ ਹੈ। ਜੋ ਵਿਅਕਤੀ ਆਪਣੇ ਦੋਸਤਾਂ, ਸਾਥੀਆਂ, ਵੱਡਿਆਂ, ਛੋਟਿਆਂ ਅਤੇ ਨੌਕਰਾਂ ਨਾਲ ਵੀ ਨਿਮਰਤਾ ਭਰਪੂਰ ਵਿਹਾਰ ਕਰਦਾ ਹੈ, ਉਹ ਦੂਜਿਆਂ ਤੋਂ ਸਦਾ ਸੁਖ ਅਤੇ ਸਹਿਯੋਗ ਪ੍ਰਾਪਤ ਕਰਦਾ ਹੈ। ਨਿਮਰਤਾ ਹੀ ਸਾਡੇ ਰੋਜ਼ਾਨਾ ਜੀਵਨ ਦੀ ਇਕ ਅਜਿਹੀ ਚਾਬੀ ਹੈ ਜਿਸ ਨਾਲ ਅਸੀਂ ਹਰੇਕ ਦੇ ਦਿਲ ਵਿਚ ਪ੍ਰਵੇਸ਼ ਕਰਨ ਦੇ ਯੋਗ ਬਣ ਜਾਂਦੇ ਹਾਂ। ਇਹ ਸਾਨੂੰ ਕੇਵਲ ਇਸ ਸੰਸਾਰ ਵਿਚ ਹੀ ਸਫਲਤਾ ਨਹੀਂ ਬਖਸ਼ਦੀ ਸਗੋਂ ਨਿਰੰਕਾਰ ਪਾਸ ਪਹੁੰਚਣ ਲਈ ਵੀ ਇਕ ਮਹੱਤਵਪੂਰਨ ਕਦਮ ਦਾ ਕੰਮ ਕਰਦੀ ਹੈ।

ਗੁਰਬਾਣੀ ਨੂੰ ਗਹੁ ਨਾਲ ਵਿਚਾਰਿਆਂ ਸਾਨੂੰ ਨਿਮਰਤਾ, ਅਹਿੰਸਾ ਅਤੇ ਸਾਦਗੀ ਦਾ ਜੀਵਨ ਬਤੀਤ ਕਰਨ ਲਈ ਸਿੱਖਿਆ ਮਿਲਦੀ ਹੈ। ਪ੍ਰਾਚੀਨ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਧਾਰਮਿਕ ਗ੍ਰੰਥਾਂ ਅਤੇ ਜਨਮਸਾਖੀਆਂ ਵਿਚ ਇਸ ਦੀ ਮਹਾਨਤਾ ਦੱਸੀ ਗਈ ਹੈ। ਰੂਹਾਨੀ ਪੰਜਾਬੀ ਕਵਿਤਾ ਦੇ ਬਾਨੀ ਸ਼ੇਖ਼ ਫਰੀਦ ਨੇ ਆਪਣੀ ਬਾਣੀ ਵਿਚ ਸਾਨੂੰ ਨਿਮਰਤਾ ਅਤੇ ਪ੍ਰੇਮਭਾਵ ਦਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ ਹੈ। ਅਜਿਹਾ ਕਰਨ ਨਾਲ ਅਸੀਂ ਨਾ ਕੇਵਲ ਆਪਣੇ ਸਾਥੀਆਂ ਦਾ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਬਣਦੇ ਹਾਂ ਸਗੋਂ ਰੂਹਾਨੀਅਤ ਵਾਲੇ ਰਸਤੇ ਦੇ ਅਧਾਰ ਨੂੰ ਵੀ ਸਮਝਣ ਲੱਗ ਜਾਂਦੇ ਹਾਂ। ਹਰੇਕ ਮਨੁੱਖ ਨਾਲ ਪਿਆਰ, ਨਿਮਰਤਾ ਦਾ ਵਿਹਾਰ, ਦੁੱਖ-ਸੁੱਖ ਦੀ ਭਾਈਵਾਲੀ, ਨਿਵ-ਚਲਣਾ, ਅਹਿੰਸਾ ਦਾ ਜੀਵਨ, ਸ਼ਾਕਾਹਾਰੀ ਭੋਜਨ ਅਤੇ ਹਊਮੈਂ ਦਾ ਤਿਆਗ ਕਰਨ ਵਰਗੇ ਅਜਿਹੇ ਗੁਣ ਹਨ ਜੋ ਰੂਹਾਨੀਅਤ ਦੇ ਰਸਤੇ ਦੇ ਮੀਲਪੱਥਰ ਮੰਨੇ ਜਾਂਦੇ ਹਨ। ਉਹ ਸਾਨੂੰ ਅੱਤ ਦਰਜੇ ਦੀ ਨਿਮਰਤਾ ਸਮਝਾਉਂਦੇ ਹੋਏ ਦੱਸਦੇ ਹਨ ਕਿ ਜੇਕਰ ਤੁਹਾਨੂੰ ਕੋਈ ਮਾਰ-ਕੁੱਟ ਵੀ ਲਵੇ ਤਾਂ ਉਸ ਕੋਲੋਂ ਬਦਲਾ ਨਾ ਲਓ, ਸਗੋਂ ਉਸ ਦੇ ਪੈਰੀਂ ਹੱਥ ਲਗਾ ਕੇ ਆਰਾਮ ਨਾਲ ਆਪਣੇ ਘਰ ਨੂੰ ਪਰਤ ਆਓ। ਬਾਬਾ ਫਰੀਦ ਜੀ ਦਾ ਇਹ ਵੀ ਕਹਿਣਾ ਹੈ ਕਿ ਹੇ ਮਨੁੱਖ ! ਤੂੰ ਰੱਬ ਦੇ ਘਰ ਨੂੰ ਜਾਂਦੇ ਰਸਤੇ ਦੀ ਦਭੁ ਬਣ ਜਾਹ, ਭਗਤ ਲੋਕ ਤੇਰੇ ਉੱਪਰ ਦੀ ਲੰਘਦੇ ਹੋਏ ਰੱਬ ਪਾਸ ਪਹੁੰਚਣਗੇ ਅਤੇ ਜੇਕਰ ਰੱਬ ਨੂੰ ਤੇਰੀ ਇਹ ਨਿਮਰਤਾ ਪਸੰਦ ਆਵੇਗੀ ਤਾਂ ਉਹ ਭਗਤ ਆਪਣੇ ਪੈਰਾਂ ਨਾਲ ਘੜੀਸਦੇ ਹੋਏ ਤੈਨੂੰ ਵੀ ਰੱਬ ਦੇ ਘਰ ਲੈ ਜਾਣਗੇ। ਸੋ ਇਸ ਤਰ੍ਹਾਂ ਅੱਤ ਦਰਜੇ ਦੀ ਨਿਮਰਤਾ, ਹਊਮੈਂ ਦਾ ਤਿਆਗ ਅਤੇ ਸਾਦਾ ਜੀਵਨ ਇਸ ਆਸ਼ੇ ਦੀ ਪ੍ਰਾਪਤੀ ਵਿਚ ਸਾਡੀ ਬਹੁਤ ਮਦਦ ਕਰ ਸਕਦਾ ਹੈ। ਸ਼ੇਖ ਫਰੀਦ ਜੀ ਲਿਖਦੇ ਹਨ -

ਫਰੀਦਾ ਥੀਉ ਪਵਾਹੀ ਦਭੁ।। ਜੇ ਸਾਈਂ ਲੋੜਹਿ ਸਭੁ।।
ਇਕ ਛਿਜਹਿ ਬਿਆ ਲਤਾੜੀਅਹਿ, ਤਾਂ ਸਾਈਂ ਦੇ ਦਰਿ ਵਾੜੀਅਹਿ।।

ਗੁਰਬਾਣੀ ਦੇ ਰਚਨਹਾਰ ਸਮੂਹ ਗੁਰੂਆਂ, ਪੀਰਾਂ ਅਤੇ ਭਗਤਾਂ ਦੀ ਤਰ੍ਹਾਂ ਸੰਤ ਕਬੀਰ ਵੀ ਮਨੁੱਖ ਨੂੰ ਨਿਮਰਤਾ ਦਾ ਜੀਵਨ ਬਤੀਤ ਕਰਨ ਦੀ ਹੀ ਸਿੱਖਿਆ ਦਿੰਦੇ ਹਨ। ਦੂਜੇ ਮਹਾਂਪੁਰਖਾਂ ਦੀ ਤਰ੍ਹਾਂ ਉਨ੍ਹਾਂ ਦਾ ਨਿੱਜੀ ਜੀਵਨ ਵੀ ਮਿਹਨਤ, ਸਾਦਗੀ, ਤਿਆਗ ਅਤੇ ਨਿਮਰਤਾ ਨਾਲ ਭਰਪੂਰ ਸੀ। ਉਹ ਆਪਣੇ ਪਰਿਵਾਰਕ ਜੀਵਨ ਦੇ ਨਿਰਭਾਹ ਲਈ ਕੱਪੜਾ ਬੁਣਨ ਦਾ ਕੰਮ ਕਰਦੇ ਹੋਏ ਹਰੇਕ ਮਨੁੱਖ ਨਾਲ ਹਊਮੈਂ ਰਹਿਤ ਹੋ ਕੇ ਨਿਮਰਤਾ ਨਾਲ ਹੀ ਪੇਸ਼ ਆਉਂਦੇ ਸਨ। ਉਨ੍ਹਾਂ ਨੇ ਸਾਨੂੰ ਦੱਸਿਆ ਹੈ ਕਿ ਜੇ ਅਸੀਂ ਰੱਬ ਦੀ ਪ੍ਰਾਪਤੀ ਦੇ ਰਾਹ 'ਤੇ ਚਲਣਾ ਚਾਹੁੰਦੇ ਹਾਂ ਤਾਂ ਸਾਨੂੰ ਹਊਮੈਂ ਰਹਿਤ ਹੋ ਕੇ ਉਸ ਰਸਤੇ ਦੇ ਰੋੜੇ ਦੀ ਤਰ੍ਹਾਂ ਜੀਵਨ ਬਤੀਤ ਕਰਨਾ ਚਾਹੀਦਾ ਹੈ ਜੋ ਲੋਕਾਂ ਦੇ ਠੁੱਡੇ ਖਾਂਦਾ ਹੋਇਆ ਵੀ ਖੁਸ਼ ਹੈ। ਉਹ ਸਮਝਦਾ ਹੈ ਕਿ ਜੋ ਮਨੁੱਖ ਰੱਬ ਦੇ ਰਾਹ 'ਤੇ ਚੱਲਦੇ ਹਨ, ਰੱਬੀ ਦਰਗਾਹ ਵਿਚ ਪਹੁੰਚ ਰੱਖਦੇ ਹਨ, ਉਹ ਰੋੜਾ ਉਨ੍ਹਾਂ ਦੇ ਠੁੱਡੇ ਖਾਂਦਾ ਹੋਇਆ ਵੀ ਉਨ੍ਹਾਂ ਦੀ ਚਰਨਧੂੜ ਬਣ ਕੇ ਇਕ ਦਿਨ ਜ਼ਰੂਰ ਰੱਬੀ ਦਰਗਾਹ ਵਿਚ ਪਹੁੰਚ ਜਾਵੇਗਾ। ਰੱਬ ਪਾਸ ਪਹੁੰਚਣ ਲਈ ਗੁਰਬਾਣੀ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਊਮੈਂ ਵਰਗੇ ਔਗੁਣਾਂ ਨੂੰ ਤਿਆਗ ਕੇ ਨਿਮਰਤਾ, ਹਲੀਮੀ, ਸ਼ਰਾਫ਼ਤ ਅਤੇ ਸਾਦਗੀ ਦਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੰਦੀ ਹੈ। ਭਗਤ ਕਬੀਰ ਨੇ ਲਿਖਿਆ ਹੈ:-

ਕਬੀਰਾ ਰੋੜਾ ਹੂਆ ਰਹੁ ਬਾਟ ਕਾ।। ਤਜਿ ਮਨ ਕਾ ਅਭਿਮਾਨ।।
ਹਰਿ ਜਨ ਐਸਾ ਚਾਹੀਐ।। ਤਾਹਿ ਮਿਲੇ ਭਗਵਾਨ।।

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਨੁੱਖ ਨੂੰ ਨਿਮਰਤਾ, ਪਿਆਰ ਅਤੇ ਸ਼ਰਾਫਤ ਦਾ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੱਤੀ ਹੈ। ਉਨ੍ਹਾਂ ਨੇ ਕਿਰਤ ਕਰਨੀ, ਵੰਡ ਛਕਣਾ, ਦੂਜਿਆਂ ਦਾ ਸਤਿਕਾਰ ਕਰਨਾ ਅਤੇ ਨਿਉਂ ਚੱਲਣ ਨੂੰ ਰੂਹਾਨੀ ਜੀਵਨ ਦੇ ਪੱਕੇ ਥੰਮ੍ਹ ਮੰਨਿਆ ਹੈ। ਕੋਈ ਮਨੁੱਖ ਭਾਵੇਂ ਕਿੰਨਾ ਵੀ ਚੁਸਤ, ਅਮੀਰ ਅਤੇ ਤਾਕਤਵਰ ਕਿਉਂ ਨਾ ਹੋਵੇ ਜੇਕਰ ਉਸ ਦੇ ਜੀਵਨ ਵਿੱਚ ਮਿਠਾਸ, ਨਿਮਰਤਾ, ਸਹਿਣਸ਼ੀਲਤਾ ਅਤੇ ਸਾਦਗੀ ਨਹੀਂ ਤਾਂ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਨਹੀਂ ਚਲ ਸਕਦਾ। ਅਜਿਹੇ ਮਨੁੱਖ ਦਾ ਜੀਵਨ ਖੁਸ਼ਕ, ਰੁੱਖਾ ਅਤੇ ਦਿਸ਼ਾਹੀਣ ਹੋਵੇਗਾ ਜੋ ਨਿਰੰਕਾਰ ਦੀ ਪ੍ਰਾਪਤੀ ਤੋਂ ਕੋਹਾਂ ਦੂਰ ਰਹਿ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਅਮੀਰ, ਆਕੜਖਾਨ ਮਨੁੱਖਾਂ ਨੂੰ ਸਿੰਮਲ ਰੁੱਖ ਨਾਲ ਉਪਮਾਇਆ ਹੈ। ਉਹ ਦੱਸਦੇ ਹਨ ਕਿ ਸਿੰਮਲ ਦਾ ਰੁੱਖ ਬੜਾ ਮੋਟਾ, ਲੰਬਾ ਅਤੇ ਖਿਲਾਰ ਵਾਲਾ ਹੁੰਦਾ ਹੈ, ਪਰ ਜੇਕਰ ਕੋਈ ਪੰਛੀ ਇਸ ਦਰਖਤ ਦੇ ਵੱਡੇ ਪਣ ਨੂੰ ਦੇਖ ਕੇ ਇਸ ਉਪਰ ਆ ਕੇ ਬੈਠ ਜਾਵੇ ਕਿ ਉਸ ਦੀ ਭੁੱਖ ਮਿੱਟ ਜਾਵੇਗੀ ਤਾਂ ਉਸ ਨੂੰ ਨਿਰਾਸ਼ਾ ਹੀ ਮਿਲਦੀ ਹੈ। ਉਹ ਦੱਸਦੇ ਹਨ ਕਿ ਇਸ ਵੱਡੇ ਦਰੱਖਤ ਦੇ ਫੁੱਲ, ਫ਼ਲ ਅਤੇ ਪੱਤੇ ਵੀ ਬੜੇ ਕੌੜੇ ਅਤੇ ਬੇਸੁਆਦ ਹੁੰਦੇ ਹਨ, ਜਿਸ ਕਾਰਨ ਭੁੱਖੇ ਆਸਵੰਦ ਪੰਛੀ ਨੂੰ ਨਿਰਾਸ਼ਾ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ। ਸੋ, ਪੰਛੀ ਅਜਿਹੇ ਵੱਡੇ ਦਰੱਖਤਾਂ ਤੋਂ ਨਿਰਾਸ਼ ਅਤੇ ਦੁਖੀ ਹੋ ਕੇ ਭੁੱਖੇ ਹੀ ਵਾਪਸ ਪਰਤ ਜਾਂਦੇ ਹਨ। ਉਹ ਸਾਨੂੰ ਸਮਝਾਉਂਦੇ ਹਨ ਕਿ ਬਹੁਤੇ ਕਿਤਾਬੀ ਗਿਆਨਵਾਨ, ਅਮੀਰ, ਤਾਕਤਵਰ ਅਤੇ ਹੰਕਾਰ ਵਾਲੇ ਵਿਅਕਤੀ ਮਨੁੱਖਤਾ ਦੀ ਸੇਵਾ ਕਰਨ ਤੋਂ ਅਸਮਰਥ ਰਹਿ ਜਾਂਦੇ ਹਨ। ਅਜਿਹੇ ਮਨੁੱਖਾਂ ਦਾ ਜੀਵਨ ਖੁਸ਼ਕ, ਦਿਸ਼ਾਹੀਣ ਅਤੇ ਆਸ਼ਾ-ਰਹਿਤ ਹੁੰਦਾ ਹੈ ਅਤੇ ਉਹ ਮਨੁੱਖਤਾ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਭੁੱਖ ਨੂੰ ਨਹੀਂ ਮਿਟਾ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਸਿੰਮਲ ਰੁਖ ਦਾ ਅਲੰਕਾਰ ਵਰਤ ਕੇ ਸਾਨੂੰ ਦੱਸਦੇ ਹਨ :-

ਸਿੰਮਲ ਰੁਖ ਸਰਾਇਰਾ ਅਤਿ ਦੀਰਘ ਅਤਿ ਮੁਚੁ।।
ਓਇ ਜਿ ਆਵਹਿ ਆਸ ਕਰਿ ਜਾਇ ਨਿਰਾਸੇ ਕਿਤੁ।।
ਫਲ ਫਿਕੇ ਫੁਲ ਬਕਬਕੇ ਕੰਮ ਨਾ ਆਵਹਿ ਪਤੁ।।
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ।।

ਇਸ ਤਰ੍ਹਾਂ ਗੁਰਬਾਣੀ ਸਾਨੂੰ ਦੱਸਦੀ ਹੈ ਕਿ ਅਸਲੀ ਵਡਿਆਈ ਨਿਮਰਤਾ ਗ੍ਰਹਿਣ ਕਰਨ, ਅਹਿੰਸਾ ਅਤੇ ਪਿਆਰ ਦਾ ਜੀਵਨ ਬਤੀਤ ਕਰਨ ਅਤੇ ਸਦਾ ਨਿਉਂ ਕੇ ਚੱਲਣ ਵਿਚ ਹੈ। ਨਿਮਰ ਮਨੁੱਖ ਹਮੇਸ਼ਾ ਆਪਣੇ ਆਪ ਨੂੰ ਨਿਮਾਣਾ, ਨਿਤਾਣਾ, ਬੇ-ਆਸਰਾ ਅਤੇ ਗੁਣ-ਹੀਨ ਮੰਨਦੇ ਹਨ ਅਤੇ ਸਹੀ ਅਰਥਾਂ ਵਿਚ ਉਹੀ ਗੁਣਵਾਨ ਅਤੇ ਪਰਮਪੂਜਨੀ ਹੁੰਦੇ ਹਨ। ਗੁਰਬਾਣੀ ਰਚਣ ਵਾਲੇ ਮਹਾਂਪੁਰਖ ਸਦਾ ਆਪਣੇ ਆਪ ਨੂੰ ਨੀਚ, ਮੰਦਬੁਧੀ ਵਾਲਾ ਦੱਸਦੇ ਹੋਏ ਦੂਜਿਆਂ ਨੂੰ ਸਮਝਾਉਂਦੇ ਸਮੇਂ ਉਨ੍ਹਾਂ ਲਈ 'ਸਾਧ' ਅਤੇ 'ਭਗਤ' ਵਰਗੇ ਪ੍ਰਸ਼ੰਸਾਯੋਗ ਸ਼ਬਦਾਂ ਦੀ ਵਰਤੋਂ ਕਰਦੇ ਹਨ। ਅਜਿਹੇ ਵੱਡਮੁੱਲੇ ਗੁਣਾਂ ਦੇ ਮਾਲਕ ਹੋਣ ਕਰਕੇ ਹੀ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਹੋਰ ਮਹਾਪੁਰਖਾਂ ਨੇ ਗੁਰਗੱਦੀਆਂ ਪ੍ਰਾਪਤ ਕੀਤੀਆਂ ਸਨ। ਇਸੇ ਗਾਡੀ ਰਸਤੇ 'ਤੇ ਚਲ ਕੇ ਮਨੁੱਖ ਹੁਣ ਵੀ ਰੱਬ ਦੀ ਪ੍ਰਾਪਤੀ ਕਰ ਸਕਦਾ ਹੈ ਅਤੇ ਮਰਨ-ਜੰਮਣ ਦੇ ਅਮੁੱਕ ਚੱਕਰ ਤੋਂ ਛੁਟਕਾਰਾ ਪਾ ਸਕਦਾ ਹੈ। ਗੁਰਬਾਣੀ ਵਾਰ-ਵਾਰ ਸਾਨੂੰ ਸਮਝਾਉਂਦੀ ਹੈ :-

ਨਾਨਕ ਨੀਵਾ ਜੋ ਚਲੇ ਲਗੇ ਨ ਤਾਤੀ ਵਾਉ।।

ਇਸ ਤਰ੍ਹਾਂ ਗਰਬਾਣੀ ਨੂੰ ਮੰਨਦਿਆਂ ਹੋਇਆਂ ਹਰੇਕ ਮਨੁੱਖ ਨੂੰ ਮਿੱਠਾ ਬੋਲਣ, ਨਿਉਂ ਕੇ ਚਲਣ, ਅਹਿੰਸਾ ਅਤੇ ਹਲੀਮੀ ਵਰਗੇ ਗੁਣਾਂ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾਉਣਾ ਚਾਹੀਦਾ ਹੈ। ਸਾਨੂੰ ਹੰਕਾਰ, ਈਰਖਾ, ਚੁਗਲੀ ਤੇ ਨਿੰਦਿਆ ਦਾ ਤਿਆਗ ਅਤੇ ਸੱਚ, ਸੰਤੋਖ ਪਵਿੱਤਰਤਾ ਤੇ ਉਪਕਾਰ ਵਰਗੇ ਗੁਣ ਧਾਰਨ ਕਰਨੇ ਚਾਹੀਦੇ ਹਨ। ਅਜਿਹੇ ਮਿੱਠੇ ਬੋਲ ਬੋਲੇ ਜਾਣ ਜੋ ਦੂਜਿਆਂ 'ਤੇ ਸਦੀਵੀ ਪ੍ਰਭਾਵ ਪਾਉਣ ਅਤੇ ਉਹ ਸਾਡੇ ਵੱਲ ਇਸ ਤਰ੍ਹਾਂ ਖਿੱਚੇ ਆਉਣ ਜਿਵੇਂ ਫੁੱਲਾਂ 'ਤੇ ਭੌਰੇ ਆਉਂਦੇ ਹਨ। ਅਜਿਹੇ ਗੁਣਾਂ ਨੂੰ ਆਪਣੇ ਜੀਵਨ ਵਿਚ ਅਮਲੀ ਜਾਮਾ ਪਹਿਨਾਉਣ ਨਾਲ ਅਸੀਂ ਸੰਸਾਰ ਅਤੇ ਨਿਰੰਕਾਰ ਦੋਨਾਂ ਦੀਆਂ ਨਜ਼ਰਾਂ ਵਿਚ ਸਤਿਕਾਰ ਦੇ ਪਾਤਰ ਬਣ ਸਕਦੇ ਹਾਂ। ਬਾਬਾ ਫਰੀਦ ਜੀ ਤਾਂ ਇਥੋਂ ਤੱਕ ਵੀ ਲਿਖਦੇ ਹਨ ਕਿ ਨਿਮਰਤਾ। ਭਰਪੂਰ ਜੀਵਨ ਬਤੀਤ ਕਰਨ ਨਾਲ ਅਸੀਂ ਰੱਬ ਦੀ ਰੂਹਾਨੀਅਤ ਦੇ ਰਾਹ 'ਤੇ ਪਾਂਧੀ ਬਣ ਕੇ ਰੱਬ ਦੀ ਪ੍ਰਾਪਤੀ ਕਰ ਸਕਦੇ ਹਾਂ। ਉਨ੍ਹਾਂ ਨੇ ਲਿਖਿਆ ਹੈ :-

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।।




# ਸਿੱਖ ਇਤਿਹਾਸ ਵਿਚ ਕਾਰ-ਸੇਵਾ ਦਾ ਆਗਮਨ ਅਤੇ ਆਧੁਨਿਕ ਸਰੂਪ

**ਕੰਵਲਜੀਤ ਸਿੰਘ (ਡਾ.)**
(ਲੇਖਕ ਸ੍ਰੀ ਗੁਰੂ ਅੰਗਦ ਦੇਵ ਡਿਗਰੀ ਕਾਲਜ ਖਡੂਰ ਸਾਹਿਬ ਦੇ ਪ੍ਰਿੰਸੀਪਲ ਹਨ)



ਕਾਰ-ਸੇਵਾ ਵਿਚਲੇ 'ਕਾਰ' ਅਤੇ 'ਸੇਵਾ' ਦੋਵੇਂ ਸ਼ਬਦ ਸਿੱਖੀ ਦੀ ਆਤਮਾ ਵਿੱਚੋਂ ਉਪਜੇ ਸ਼ਬਦ ਹਨ। ਕਾਰ ਦੇ ਕੋਸ਼ਗਤ ਅਰਥ ਕੰਮ, ਕ੍ਰਿਯਾ, ਕਰਤਾ ਅਤੇ ਰੇਖਾ ਭਾਵ ਲਕੀਰ ਆਦਿ ਹਨ। ਗੁਰਪ੍ਰਤਾਪ ਸੂਰਯ ਦੇ ਹਵਾਲੇ ਨਾਲ ਭਾਈ ਕਾਨ੍ਹ ਸਿੰਘ ਨਾਭਾ ਨੇ ਕਾਰ ਦੇ ਅਰਥ ਦਸਵੰਧ ਵੀ ਕੀਤੇ ਹਨ, "ਕਾਰ ਭੇਂਟ ਗੁਰ ਕੀ ਸਿਖ ਲਾਵਹਿ"। ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਨੇ ਕਾਰ-ਸੇਵਾ ਸਬੰਧੀ ਲਿਖਿਆ ਹੈ ਕਿ "ਕਾਰ ਸ਼ਬਦ ਅਰਬੀ ਭਾਸ਼ਾ ਦੇ, ਕਅਰ ਸ਼ਬਦ ਦਾ ਹੀ ਰੂਪਾਂਤਰ ਹੈ। ਅਰਬੀ ਵਿੱਚ ਕਅਰ ਦਾ ਅਰਥ ਹੈ : ਕਿਸੇ ਦਰਿਆ, ਖੂਹ ਦੀ ਗਹਿਰਾਈ। ਪਰ ਇਥੇ ਕਾਰ-ਸੇਵਾ ਦੇ ਵਰਣਨ ਵਿੱਚ ਕਾਰ ਸ਼ਬਦ ਦਾ ਅਰਥ ਹੈ ਉਹ ਗਾਰ ਜੋ ਕਿਸੇ ਇਤਿਹਾਸਕ ਖੂਹ ਬਾਉਲੀ ਜਾਂ ਸਰੋਵਰ ਦੇ ਥੱਲੇ ਜਲ ਰਾਹੀਂ ਜਾਂ ਅਨ੍ਹੇਰੀਆਂ ਆਦਿ ਨਾਲ ਉੱਡ ਕੇ ਪਏ ਮਿੱਟੀ-ਘੱਟੇ ਨਾਲ ਆ ਕੇ ਜਮ੍ਹਾਂ ਹੋ ਗਈ ਹੋਵੇ। ਇਸ ਗਾਰ ਨੂੰ ਪਵਿੱਤਰ ਸਮਝ ਕੇ, ਪਿਆਰ, ਸ਼ਰਧਾ ਤੇ ਉਤਸ਼ਾਹ ਨਾਲ ਬਿਨਾਂ ਕੋਈ ਇਵਜ਼ਾਨਾ ਲਏ ਬਾਹਰ ਕੱਢ ਕੇ ਸੁੱਟਣ ਨੂੰ ਸਿੱਖ ਪਰੰਪਰਾ ਅਨੁਸਾਰ ਕਾਰ-ਸੇਵਾ ਦਾ ਨਾਮ ਦਿੱਤਾ ਗਿਆ ਹੈ"। ਮਹਾਂ ਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿੱਚ ਸਰੋਵਰ ਦੀ ਖੁਦਾਈ ਨੂੰ ਕਾਰ ਹੀ ਕਿਹਾ ਗਿਆ ਹੈ। ਪੰਜਾਬੀ ਸੱਭਿਆਚਾਰ ਵਿੱਚ ਕਾਰ ਸ਼ਬਦ ਕਿਰਤ ਦੇ ਪ੍ਰਥਾਇ ਵੀ ਵਰਤਿਆ ਜਾਂਦਾ ਹੈ, ਜਿਵੇਂ, ਕੰਮ-ਕਾਰ। ਇਸੇ ਤਰ੍ਹਾਂ ਵਿਸ਼ੇਸ਼ ਕਿਸਮ ਦੀ ਕਾਰੀਗਰੀ ਦੇ ਕਰਤਾ ਲਈ ਵੀ ਕਾਰ ਸ਼ਬਦ ਵਰਤੀਂਦਾ ਹੈ, ਜਿਵੇਂ, ਸਵਰਨਕਾਰ, ਚਰਮਕਾਰ, ਮੀਨਾਕਾਰ ਆਦਿ। ਕਾਰ, ਸ਼ਬਦ ਦੇ ਵਿਭਿੰਨ ਅਰਥ ਦਰਸਾਉਂਦੇ ਪ੍ਰਸੰਗ ਦੇਣ ਤੋਂ ਸਾਡਾ ਭਾਵ ਇਹ ਹੈ ਕਿ 'ਕਾਰ' ਦੇ ਵਿਸ਼ਾਲ ਅਰਥ ਪਾਸਾਰ ਨੂੰ ਇਕ ਸੂਤਰ ਵਿੱਚ ਪ੍ਰੋਇਆ ਜਾਵੇ। ਉੱਪਰ ਵਰਣਿਤ ਹਵਾਲਿਆਂ ਵਿੱਚ ਕਾਰ ਦਾ ਅਰਥ ਸਰੋਵਰ ਵਿਚੋਂ ਗਾਰ ਕੱਢਣ ਦੀ ਪ੍ਰਕਿਰਿਆ ਜਾਂ ਕਿਸੇ ਖਾਸ ਕਿਸਮ ਦੇ ਕਸਬੀ ਹੁਨਰ ਨਾਲ ਜਾਂ ਸਿੱਖਾਂ ਵਲੋਂ ਆਪਣੀ ਦੇਹ ਨਾਲ ਗੁਰੂ ਨਮਿੱਤ ਕੀਤਾ ਗਿਆ ਕਾਰਜ ਹੈ। ਇਹ ਕਾਰਜ ਕਹੀ-ਟੋਕਰੇ ਦੀ ਸੇਵਾ, ਕਿਰਤ-ਕਮਾਈ ਦੇ ਦਸਵੰਧ ਦੀ ਸੇਵਾ, ਲੰਗਰ ਦੀ ਸੇਵਾ ਅਤੇ ਅਜਿਹੀ ਹੀ ਕੋਈ ਹੋਰ ਸੇਵਾ ਵੀ ਹੋ ਸਕਦੀ ਹੈ।

ਸੇਵਾ, ਸਿੱਖ ਧਰਮ ਦੇ ਮੂਲ ਸੰਕਲਪ ਅਤੇ ਆਦਰਸ਼ ਵਜੋਂ ਸਥਾਪਿਤ ਪਦ (Term) ਹੈ। ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਅਨੁਸਾਰ ਸੇਵਾ ਚਾਰ ਕਿਸਮ ਦੀ ਮੰਨੀ ਗਈ ਹੈ।

ੳ. ਤਨ ਨਾਲ ਸੇਵਾ:-ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਸ੍ਰੀ.ਗ.ਗ੍ਰੰਥ.ਅੰਗ.789

ਅ. ਧਨ ਨਾਲ ਸੇਵਾ :- ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹ ਪਛਾਣਹਿ ਸੇਇ॥
ਅੰਗ: 1245

ੲ. ਮਨ ਨਾਲ ਸੇਵਾ:- ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥ ਅੰਗ: 644

ਗੁਰਬਾਣੀ ਦੇ ਇਨ੍ਹਾਂ ਹਵਾਲਿਆਂ ਵਿੱਚ ਅਹੰ ਭਾਵ ਨੂੰ ਮਿਟਾ ਕੇ ਗੁਰੂ ਅੱਗੇ ਸਮਰਪਣ ਦੀ ਭਾਵਨਾ ਨਾਲ ਕੀਤਾ ਗਿਆ ਕਾਰਜ ਸੇਵਾ ਅਖਵਾਉਂਦਾ ਹੈ। ਇਸ ਪ੍ਰਕਾਰ ਕਾਰ ਅਤੇ ਸੇਵਾ ਦੇ ਆਪਸੀ ਸੰਯੋਗ ਨਾਲ 'ਕਾਰ-ਸੇਵਾ' ਪਦ ਦੀ ਰਚਨਾ ਹੋਈ ਹੈ।ਹਰੇਕ ਧਰਮ ਅਤੇ ਇਸ ਉਪਰ ਉਸਰੀ ਜੀਵਨ ਜਾਚ ਵਿੱਚ ਸੰਕਲਪਕ ਸ਼ਬਦਾਵਲੀ ਦੀ ਮਹੱਤਵਪਰੂਨ ਭੂਮਿਕਾ ਹੁੰਦੀ ਹੈ। ਧਰਮ ਦਾ ਅਨੁਭਵ ਅਤੇ ਇਸਦਾ ਪ੍ਰਗਟਾਵਾ ਭਾਸ਼ਾ ਦੀ ਮਹੱਤਤਾ ਉਜਾਗਰ ਕਰਦਾ ਹੈ। ਵੱਖ-ਵੱਖ ਕਿਸਮ ਦੇ ਧਾਰਮਿਕ ਕਾਰਜਾਂ, ਰੀਤਾਂ, ਰਸਮਾਂ, ਰੂਹਾਨੀ ਅਨੁਭਵਾਂ ਅਤੇ ਸੰਪ੍ਰਦਾਵਾਂ ਆਦਿ ਲਈ ਧਰਮ ਗ੍ਰੰਥ ਦੀ ਰੌਸ਼ਨੀ ਵਿੱਚ ਹੀ ਸ਼ਬਦਾਵਲੀ ਘੜੀ ਜਾਂਦੀ ਹੈ। ਸ਼ਬਦਾਂ ਦੀ ਘਾੜਤ ਗੁਰੂ ਪ੍ਰਮੇਸ਼ਵਰ ਤੋਂ ਇਲਾਵਾ ਕੋਈ ਇਕੱਲਾ ਮਨੁੱਖ ਆਪਣੇ ਤੌਰ 'ਤੇ ਨਹੀਂ ਕਰ ਸਕਦਾ। ਕਿਸੇ ਸ਼ਬਦ ਦੀ ਹੋਂਦ ਨਾਲ ਸਮੂਹਿਕ ਪ੍ਰਵਾਨਗੀ ਦੀ ਸ਼ਰਤ ਲਾਜ਼ਮੀ ਰੂਪ ਵਿਚ ਜੁੜੀ ਹੁੰਦੀ ਹੈ। ਗੁਰੂ ਘਰ ਵਿੱਚ ਖਾਲਸਾ ਪੰਥ ਨੂੰ ਗੁਰੂ ਦੀ ਦੇਹ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਇਸ ਲਈ ਸਮੂਹਿਕ ਪੰਥਕ ਪ੍ਰਵਾਨਗੀ ਦੀ ਇਕ ਅਚੇਤ ਪ੍ਰਕਿਰਿਆ ਵੀ ਕਾਰ-ਸੇਵਾ ਸ਼ਬਦ ਨਾਲ ਜੁੜੀ ਹੋਈ ਹੈ।

ਸਰੋਵਰ ਦੀ ਕਾਰ ਸੇਵਾ:-ਗੁਰੂ ਸਾਹਿਬਾਨ ਨੇ ਆਪ ਆਪਣੇ ਹੱਥੀਂ ਅਨੇਕ ਅਜਿਹੇ ਕਾਰਜ ਕੀਤੇ। ਇਨ੍ਹਾਂ ਵਿਚੋਂ ਪ੍ਰਮੁੱਖ ਕਾਰਜ ਹਨ; ਗੁਰਬਾਣੀ ਰਚਨਾ, ਗੁਰਬਾਣੀ ਕੀਰਤਨ, ਗੁਰਮੁਖੀ ਲਿੱਪੀ ਆਦਿ। ਗੁਰੂ ਗ੍ਰੰਥ ਸਾਹਿਬ ਦੀ ਰਚਨਾ, ਨਵੇਂ ਨਗਰ ਵਸਾਉਣਾ ਬਾਉਲੀਆਂ ਬਣਵਾਉਣਾ, ਸ੍ਰੀ ਅੰਮ੍ਰਿਤਸਰ (ਅੰਮ੍ਰਿਤ ਸਰੋਵਰ) ਦੀ ਰਚਨਾ, ਸ੍ਰੀ ਹਰਿਮੰਦਰ ਸਾਹਿਬ ਨੂੰ ਕੇਂਦਰੀ ਧਰਮ ਅਸਥਾਨ ਥਾਪਣਾ, ਸ੍ਰੀ ਅਕਾਲ ਤਖਤ ਦੀ ਰਚਨਾ, ਸ਼ਸਤਰ, ਘੋੜੇ ਅਤੇ ਫੌਜ ਰੱਖਣਾ, ਖੁਦ ਜੰਗ ਲੜਨਾ, ਸ਼ਹੀਦ ਹੋਣਾ, ਪੁੱਤਰਾਂ ਤੱਕ ਵਾਰ ਦੇਣਾ ਆਦਿ।

ਗੁਰੂ ਨਾਨਕ ਪਾਤਸ਼ਾਹ ਨੇ ਆਪ ਹੱਥੀਂ ਕਿਰਤ ਕੀਤੀ ਅਤੇ ਇਸ ਜੀਵਨ-ਜਾਚ ਨੂੰ ਅਪਨਾਉਣ ਲਈ ਗੁਰੂ ਅੰਗਦ ਪਾਤਸ਼ਾਹ ਨੂੰ ਤਿਆਰ ਕੀਤਾ। ਗੁਰੂ ਸਾਹਿਬ ਨੇ ਬਾਉਲੀਆਂ ਲਗਵਾਈਆਂ ਉਨ੍ਹਾਂ ਦੀ ਉਸਾਰੀ ਵੇਲੇ ਸੰਗਤਾਂ ਨੂੰ ਸੇਵਾ ਕਰਨ ਲਈ ਮੌਕਾ ਦਿੱਤਾ। ਇਹ ਸ਼ਾਇਦ ਪਹਿਲੀਆਂ ਕਾਰ-ਸੇਵਾਵਾਂ ਹੋਣਗੀਆਂ, ਭਾਵੇਂ ਕਿ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਪਹਿਲੀ ਕਾਰ ਸੇਵਾ ਅੰਮ੍ਰਿਤ ਸਰੋਵਰ ਦੀ ਰਚਨਾ ਨੂੰ ਮੰਨਦੇ ਹਨ ਪਰ ਇਤਿਹਾਸ ਦੇ ਹਵਾਲੇ ਨਾਲ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਅੰਮ੍ਰਿਤ ਸਰੋਵਰ

ਬਾਕੀ ਸਫ਼ਾ 32 'ਤੇ

# ਕੁਰੂਕਸ਼ੇਤਰ ਵਿਖੇ ਇਤਿਹਾਸਕ ਗੁਰਦੁਆਰੇ : ਗੁਰਦੁਆਰਾ ਛੇਵੀਂ ਪਾਤਸ਼ਾਹੀ

**ਸੀ.ਆਰ. ਮੌਂਦਗਿਲ**



**ਛੇਵੀਂ ਪਾਤਸ਼ਾਹੀ ਦਾ ਇਹ ਸ਼ਾਨਦਾਰ ਗੁਰੂਘਰ ਆਪਣੇ ਆਪ ਵਿੱਚ ਨਗਰ ਦੀ ਸ਼ਾਨ ਹੈ। ਇੱਥੋਂ ਇਕੱਤਰਿਤ ਵੇਰਵੇ ਦੱਸਦੇ ਹਨ ਕਿ ਇਸ ਗੁਰੂਘਰ ਦੀ ਸਥਾਪਨਾ 1962 ਵਿੱਚ ਹੋਈ ਪਰ ਭਾਈ ਕਾਨ੍ਹ ਸਿੰਘ ਇਸ ਨੂੰ1966 ਦੱਸਦੇ ਹਨ। ਇਸ ਤੋਂ ਪਹਿਲਾ ਇੱਥੇ ਇਕ ਟਿੱਲਾ ਸੀ ਜਿਸ 'ਤੇ ਇਕ ਗੁੰਬਦ ਵਾਲਾ ਸਥਾਨ ਸੀ। ਆਉਣ ਜਾਣ ਦਾ ਰਸਤਾ ਵੀ ਇਕ ਪਗਡੰਡੀ ਹੀ ਸੀ। ਜਦੋਂ 1947 ਵਿੱਚ ਪੰਜਾਬ ਲਹੂ-ਲੁਹਾਣ ਹੋਇਆ ਤਾਂ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਲਈ ਇਸ ਸਥਾਨ ਤੇ ਵਿਸ਼ਾਲ ਕੈਂਪ ਸਥਾਪਤ ਕੀਤਾ ਗਿਆ। ਉਹ ਲੋਕ ਆਪਣੀਆਂ ਪੱਕੀਆਂ ਅਲਾਟਮੈਂਟਾਂ ਅਤੇ ਰੋਟੀ ਰੋਜ਼ੀ ਦੇ ਹੀਲੇ ਹੋ ਜਾਣ ਤੱਕ ਇਸ ਕੈਂਪ ਵਿਚ ਰਹੇ।**

ਕੁਰੂਕਸ਼ੇਤਰ ਦੀ ਧਰਤ ਨੂੰ ਮੈਂ ਜਿੰਨੇ ਵੀ ਪਾਸਿਆਂ ਤੋਂ ਜਾਣਿਆਂ ਹੈ ਕੋਈ ਨਾ ਕੋਈ ਵਿਲੱਖਣਤਾ ਉਸੇ ਪਾਸਿਓਂ ਨਜ਼ਰ ਆਈ ਹੈ। ਮੈਂ ਬਹੁਤ ਵਾਰ ਇਹ ਗੱਲ ਕਹੀ ਵੀ ਹੈ ਕਿ ਸ਼ਾਇਦ ਹੋਰ ਕਿਸੇ ਵੀ ਭੂਖੰਡ ਨੂੰ ਇਹ ਮਾਣ ਪ੍ਰਾਪਤ ਨਹੀਂ ਹੋਣਾ ਕਿ ਉਸ ਨੂੰ ਨੌਂ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ। ਇਹ ਧੰਨਤਾ ਦੀ ਅਧਿਕਾਰੀ ਕੇਵਲ ਕੁਰੂਕਸ਼ੇਤਰ ਦੀ ਭੂਮੀ ਹੀ ਹੈ। ਇਥੇ ਹੀ ਇਹ ਗੱਲ ਵੀ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਧਰਤ ਉਪਰ ਨੌਂ ਦੀ ਥਾਂ ਅੱਠ ਗੁਰੂ ਸਾਹਿਬਾਨ ਦੇ ਚਰਨ ਪਾਉਣ ਦੀ ਗੱਲ ਪਰਵਾਨ ਕੀਤੀ ਗਈ ਹੈ, ਪਰ ਗੂਗਲ 'ਤੇ ਖੋਜ ਕੀਤਿਆਂ ਪਤਾ ਲੱਗਦਾ ਹੈ ਕਿ ਕੇਵਲ ਦੂਸਰੀ ਜੋਤ (ਗੁਰੂ ਅੰਗਦ ਦੇਵ ਜੀ) ਤੋਂ ਸਿਵਾ ਸਾਰੇ ਗੁਰੂ ਮਹਾਰਾਜ ਇਸ ਧਰਤ 'ਤੇ ਪਧਾਰੇ ਸਨ। ਜਿਵੇਂ ਪਹਿਲਾਂ ਗੱਲ ਕੀਤੀ ਜਾ ਚੁੱਕੀ ਹੈ ਕਿ ਇਸ ਨਗਰ ਦਾ ਨਾਂ ਥਾਨੇਸਰ (ਇਹ ਨਾਂ ਇਸ ਧਰਤ ਉਪਰ ਭਗਵਾਨ ਸ਼ਿਵ ਦੇ ਸਥਾਨ ਹੋਣ ਕਰਕੇ ਪ੍ਰਭੂ/ਈਸ਼ਵਰ ਦਾ ਸਥਾਨ ਮੰਨਿਆ ਗਿਆ ਹੈ। ਇਸੇ ਕਰਕੇ ਈਸ਼ਵਰ ਦੇ ਸਥਾਨ ਨੂੰ ਤਤਸਮ ਰੂਪ ਵਿੱਚ ਥਾਨੇਸਰ ਕਿਹਾ ਜਾਂਦਾ ਹੈ) ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਇਸ ਸਥਾਨ ਸੰਬੰਧੀ ਮਹਾਨਕੋਸ਼ ਵਿੱਚ ਲਿਖਦੇ ਹਨ - ਸਥਾਣੁ-ਈਸ਼ੂਰ, ਸਥਾਣੇਸ਼ਵਰ-ਮਹਾਂਦੇਵ ਸ਼ਿਵ ਦਾ ਸਥਾਨ ਹੋਣ ਕਰਕੇ ਤੀਰਥ ਅਤੇ ਸ਼ਹਿਰ ਦਾ ਨਾਮ ਥਾਨੇਸਰ ਹੋਇਆ ਹੈ। ਇਹ ਕਰਨਾਲ (ਉਸ ਵੇਲੇ ਇਹ ਵੱਖਰਾ ਜ਼ਿਲ੍ਹਾ ਨਹੀਂ ਸੀ ਬਣਿਆ) ਜ਼ਿਲ੍ਹੇ ਵਿੱਚ ਹਿੰਦੂਆਂ ਦੇ ਪ੍ਰਸਿੱਧ ਤੀਰਥ ਕੁਰੁਕੇਤ੍ਰ ਦੇ ਅੰਤਰਗਤ ਹੈ। ਇਸ ਨੂੰ ਸੰਮਤ 1069 ਵਿੱਚ ਮੁਹੰਮਦ ਗਜਨਵੀ ਨੇ ਅਤੇ 1812 ਵਿੱਚ ਅਹਿਮਦਸ਼ਾਹ ਦੁਰਾਂਨੀ ਨੇ ਖੂਬ ਲੁੱਟਿਆ। ਸੰਮਤ 1820 ਵਿੱਚ ਭੰਗਾ ਸਿੰਘ ਨੇ ਥਾਨੇਸਰ ਆਪਣੀ ਰਾਜਧਾਨੀ ਬਣਾਈ। ਥਾਨੇਸਰ ਵਿੱਚ ਇਹ ਗੁਰਦੁਆਰੇ ਹਨ:-

(1) ਸ਼ਹਿਰ ਤੋਂ ਦੱਖਣ, ਕੁਰੁਕੇਤ੍ਰ ਤਾਲ ਦੇ ਪਾਸ "ਸਿੱਧਬਟੀ ਨਾਮਕ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਕੁਰੁਕੇਤ੍ਰ ਗ੍ਰਹਿਣ ਪੁਰ ਇਕੱਠੇ ਹੋਏ ਲੋਕਾਂ ਨੂੰ ਸਤਿਗੁਰ ਨੇ ਇਥੇ ਸੁਮਤਿ ਦਿੱਤੀ ਹੈ। ਉਮਾਸੁ ਮਾਸੁ ਕਰਿ ਮੂਰਖ ਝਗੜਹਿ ਸਲੋਕ ਇਸੇ ਥਾਂ ਉਚਾਰਣ ਕੀਤਾ ਹੇ। ਗੁਰਦੁਆਰੇ ਦੀ ਸੇਵਾ ਭਾਈ ਉਦਯ ਸਿੰਘ ਕੈਥਲ ਪਤੀ ਨੇ ਕਰਾਈ ਹੈ। ਪਾਸ ਰਹਿਣ ਲਈ ਮਕਾਨ ਵੀ ਬਣੇ ਹੋਏ ਹਨ। ਰੇਲਵੇ ਸਟੇਸ਼ਨ ਥਾਨੇਸਰ ਸ਼ਹਿਰ ਤੋਂ ਇਕ ਮੀਲ ਦੱਖਣ ਵਿੱਚ ਹੈ। (2) ਸ਼ਹਿਰ ਦੇ ਨਾਲ ਹੀ ਮੁਹੱਲਾ ਖਾਕਰੋਂਬਾਂ ਦੇ ਪੱਛਮ ਵੱਲ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਅਸਥਾਨ ਹੈ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਕੋਈ ਸੇਵਾਦਾਰ ਨਹੀਂ ਹੈ। ਰੇਲਵੇ ਸਟੇਸ਼ਨ ਥਾਨੇਸਰ ਸਿਟੀ ਤੋਂ ਅੱਧ ਮੀਲ ਉੱਤਰ ਵੱਲ ਹੈ। ਗੁਰੂ ਹਰਿਰਾਇ ਸਾਹਿਬ ਵੀ ਇਸੇ ਥਾਂ ਆ ਕੇ ਬਿਰਾਜੇ ਸਨ।

(3) ਸਨੇਤ (ਸੇਨਾਯਤ) ਨਾਮਕ ਤਾਲ ਦੇ ਪਾਸ ਹੀ ਪਿਹੋਵੇ ਵਾਲੀ ਪੱਕੀ ਸੜਕ ਪਾਸ ਸ਼ਹਿਰ ਤੋਂ ਦੋ ਫਰਲਾਂਗ ਅਗਨਿਕੋਨ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ, ਜੋ ਰਹਿਣ ਦੇ ਮਕਾਨਾਂ ਸਹਿਤ ਬਣਿਆ ਹੋਇਆ ਹੈ। ਇਹ ਸੇਵਾ ਸਾਧ ਸੰਗਤ ਵੱਲੋਂ ਸੰਮਤ 1966 ਵਿੱਚ ਹੋਈ ਹੈ। ਗੁਰਦੁਆਰੇ ਦੀ ਸੇਵਾ ਕਰਨ ਵਾਲੀ ਇਕ ਮਾਈ ਨੂੰ ਰਿਆਸਤ ਪਟਿਆਲਾ ਵੱਲੋਂ ਇਕ ਮਣ ਆਟਾ ਹਰ ਮਹੀਨੇ ਮਿਲਦਾ ਹੈ।

(4) ਸ਼ਹਿਰ ਤੋਂ ਵਾਯਵੀ ਕੋਣ ਸ਼ੇਖਚਿੱਲੀ ਦੇ ਮਕਬਰੇ ਕੋਲ ਥਾਨ ਤੀਰਥ ਦੇ ਕੰਢੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦੁਆਰਾ ਹੈ। ਇਸ ਨਾਲ 50 ਵਿੱਘੇ ਜ਼ਮੀਨ ਹੈ।

(5) ਸ਼ਹਿਰ ਤੋਂ ਪੌਣ ਮੀਲ ਨੈਰ੍ਰਿਤੀ ਕੁਰੁਕੇਤ੍ਰ ਤਾਲ ਦੇ ਵਾਯਵੀ ਕੋਣ ਖੂੰਜੇ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਮੰਜੀ ਸਾਹਿਬ ਅਤੇ ਇਕ ਰਿਹਾਇਸ਼ੀ ਮਕਾਨ ਬਣਿਆ ਹੋਇਆ ਹੈ। ਪੱਕਾ ਸੇਵਾਦਾਰ ਕੋਈ ਨਹੀਂ। ਇਹ ਥਾਂ ਕਰਣ ਦੇ ਥੇਹ ਤੋਂ ਅੱਧ ਮੀਲ ਹੈ।

(6) ਸ਼ਹਿਰ ਦੇ ਮੁਹੱਲਾ ਸੌਦਾਗਰਾਂ ਅੰਦਰ ਗੁਰੂ ਗੋਬਿੰਦ ਸਿੰਘ ਜੀ ਦਾ ਦੂਜਾ ਗੁਰਦੁਆਰਾ ਹੈ। ਇਕ ਮਾਈ ਦਾ ਪ੍ਰੇਮ ਦੇਖ ਕੇ ਸਤਿਗੁਰ ਇਥੇ ਪਧਾਰੇ ਸਨ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਸਿੰਘਾਪੁਰੀਆਂ ਮਿਸਲ ਦਾ ਅਰਪਨ ਕੀਤਾ ਇੱਕ ਪਿੰਡ ਉਖਾਨਪੁਰ ਜ਼ਿਲ੍ਹਾ ਅੰਬਾਲਾ ਦੀ ਤਹਿਸੀਲ ਰੋਪੜ ਵਿੱਚ ਹੈ, ਜਿਸ ਦੀ ਆਮਦਨ ਤਿੰਨ ਸੌ ਰੁਪਿਆ ਸਾਲਾਨਾ ਗੁਰਦੁਆਰੇ ਨੂੰ ਮਿਲਦੀ ਹੈ।

(7) ਜੋਤੀਸਰ-ਇੱਥੇ ਤੀਜੇ ਅਤੇ ਦਸਵੇਂ ਸਤਿਗੁਰ ਜੀ ਨੇ ਚਰਨ ਪਾਏ ਹਨ।

ਭਾਈ ਸਾਹਿਬ ਕਾਨ੍ਹ ਸਿੰਘ ਨਾਭਾ ਅੱਜ ਤੋਂ ਡੇਢ ਸਦੀ ਪਹਿਲਾਂ ਮਾਤ ਲੋਕ ਤੇ ਆਏ ਸੀ। ਉਨ੍ਹਾਂ ਵੱਲੋਂ ਦਿੱਤੇ ਗਏ ਵੇਰਵੇ ਅਤੇ ਇਸ ਸ਼ਹਿਰ ਵਿੱਚ ਸਥਾਪਤ ਗੁਰੂ ਘਰਾਂ ਦੀ ਸਥਿਤੀ ਮੇਰੇ ਖਿਆਲ ਅਨੁਸਾਰ ਘੱਟੋ-ਘੱਟ ਇਕ ਸੌ ਸਾਲ ਪਹਿਲਾਂ ਦੀ ਹੈ। ਅੱਜ ਜਦੋਂ ਅਸੀਂ ਇੱਕੀਵੀਂ ਸਦੀ ਵਿੱਚ ਪ੍ਰਵੇਸ਼ ਹੀ ਨਹੀਂ ਕੀਤਾ ਸਗੋਂ ਇਸ ਦਾ ਪਹਿਲਾ ਦਹਾਕਾ ਵੀ ਮਾਣ ਲਿਆ ਹੈ ਤਾਂ ਇਸ ਨਗਰ ਅਤੇ ਗੁਰੂ ਘਰਾਂ ਦੀ ਸਥਿਤੀ ਵਿੱਚ ਜ਼ਮੀਨ ਅਸਮਾਨ ਦਾ ਫਰਕ ਆ ਗਿਆ ਹੈ। ਜਿੱਥੋਂ ਤੱਕ ਭਾਈ ਸਾਹਿਬ ਵੱਲੋਂ ਦਰਜ ਕੀਤੀ ਗਈ ਇਹ ਖੋਜ ਹੈ ਇਹ ਉਨ੍ਹਾਂ ਦੇ ਸ਼ਬਦਾਂ ਤੋਂ ਹੀ ਸਪਸ਼ਟ ਹੋ ਜਾਂਦੀ ਹੈ ਕਿ ਉਹ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੀ ਸੇਵਾ ਸੰਨ 1966 ਵਿੱਚ ਸਾਧ ਸੰਗਤ ਵੱਲੋਂ ਕੀਤੀ ਲਿਖਦੇ ਹਨ। ਭਾਵ ਮਹਾਨਕੋਸ਼ ਵਿੱਚ ਇਹ ਅੰਦਰਾਜ ਲਗਪਗ ਪੰਤਾਲੀ ਵਰ੍ਹੇ ਪਹਿਲਾਂ ਕੀਤੇ ਗਏ ਸਨ। ਅਜੋਕੇ ਹਾਲਾਤ ਵਿੱਚ ਇਨ੍ਹਾਂ ਗੁਰੂ ਘਰਾਂ ਦੀ ਦੇਖ-ਰੇਖ, ਦਿੱਖ, ਚੜ੍ਹਾਵੇ, ਜਾਇਦਾਦਾਂ ਅਤੇ ਹੋਰ ਵੇਰਵਿਆਂ ਲਈ ਜਦੋਂ ਵੱਖ-ਵੱਖ ਵਿਦਵਾਨਾਂ ਵੱਲੋਂ ਦਿੱਤੇ ਗਏ ਵੇਰਵੇ ਪੜ੍ਹਦੇ ਹਾਂ ਤਾਂ ਇਸ ਭੂਖੰਡ ਦੀ ਸਰਵ ਧਰਮ ਸਾਂਝੀਵਾਲਤਾ ਅਤੇ ਵਿਸ਼ਾਲਤਾ ਹੋਰ ਨਿੱਖਰ ਕੇ ਸਾਹਮਣੇ ਆ ਜਾਂਦੀ ਹੈ। ਅੱਜ ਦੀ ਸਥਿਤੀ ਦੇ ਪ੍ਰਮਾਣਿਕ ਤੱਥਾਂ ਦੀ ਗੱਲ ਸ਼੍ਰੋਮਣੀ ਕਮੇਟੀ ਵੱਲੋਂ ਅਤੇ ਹਰਿਆਣਾ ਸਰਕਾਰ ਵੱਲੋਂ ਜਿਵੇਂ ਮਿਲਦੀ ਹੈ, ਉਸ ਦੀ ਪਹਿਲਾਂ ਚਰਚਾ ਕਰਨ ਤੋਂ ਪਿੱਛੋਂ ਮੈਂ ਆਪਣੀ ਗੱਲ ਕਰਨੀ ਠੀਕ ਸਮਝਦਾ ਹਾਂ।

ਸਰਕਾਰੀ ਤੌਰ 'ਤੇ ਜੋ ਸੂਚਨਾ ਪ੍ਰਾਪਤ ਹੋਈ ਹੈ ਉਸ ਨੂੰ ਪੰਜਾਬੀ ਵਿੱਚ ਕਹਿਣਾ ਹੋਵੇ ਤਾਂ ਇੰਜ ਕਹਿ ਸਕਦੇ ਹਾਂ:- ਦਸਾਂ ਵਿੱਚੋਂ ਨੌਂ ਗੁਰੂ ਸਾਹਿਬਾਨ ਕੁਰੂਕਸ਼ੇਤਰ ਪਧਾਰੇ ਸਨ। ਇਨ੍ਹਾਂ ਦੇ ਕੁਰੂਕਸ਼ੇਤਰ ਪਧਾਰਨ ਦੀ ਯਾਦ ਵਿੱਚ ਇੱਥੇ ਸ਼ਾਨਦਾਰ ਗੁਰਦੁਆਰੇ ਸਥਾਪਤ ਹਨ। ਪਹਿਲੇ ਗੁਰੂ ਨਾਨਕ ਦੇਵ (1469-1538), ਤੀਸਰੇ ਪਾਤਸ਼ਾਹ ਗੁਰੂ ਅਮਰਦਾਸ (1479-1574), ਚੌਥੇ ਪਾਤਸ਼ਾਹ ਗੁਰੂ ਰਾਮਦਾਸ (1534-1581), ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ (1563-1606), ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ (1595-1654), ਸੱਤਵੇਂ ਗੁਰੂ ਹਰਿਰਾਏ ਜੀ (1630-1671), ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ (1657-1664), ਨੌਵੇਂ ਗੁਰੂ ਗੁਰੂ ਤੇਗ ਬਹਾਦਰ (1621-1675), ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ (1666-1708), ਕੇਵਲ ਦੂਸਰੇ ਗੁਰੂ ਅੰਗਦ ਦੇਵ ਜੀ (1504-1552) ਕੁਰੂਕਸ਼ੇਤਰ ਨਹੀਂ ਆਏ।

ਸਿੱਖ ਗੁਰੂ ਸਹਿਬਾਨ ਨੇ ਦੂਜੇ ਹਿੰਦੂ ਰਿਸ਼ੀਆਂ ਵਾਂਗ ਹਿੰਦੂ ਵਿਸ਼ਵਾਸ ਅਨੁਸਾਰ ਪ੍ਰਚੱਲਤ ਮਾਨਤਾਵਾਂ ਪ੍ਰਤੀ ਆਪਣੀ ਸ਼ਰਧਾ ਵਿਖਾਈ ਅਤੇ ਹਿੰਦੂ ਯਾਤਰਾ ਸਥਾਨਾਂ ਅਤੇ ਤੀਰਥਾਂ ਉਪਰ ਸੂਰਜ ਗ੍ਰਹਿਣ ਅਤੇ ਪਵਿੱਤਰ ਦਿਹਾੜਿਆਂ ਉਪਰ ਪਧਾਰ ਕੇ ਹਜ਼ਾਰਾਂ ਲੋਕਾਂ ਨੂੰ ਅਮਨ ਅਤੇ ਮੁਕਤੀ ਦਾ ਮਾਰਗ ਦਰਸਾਇਆ। ਉਹ ਸਥਾਨ ਜਿੱਥੇ ਗੁਰੂ ਨਾਨਕ ਦੇਵ ਜੀ ਆਪਣੀ ਕੁਰੂਕਸ਼ੇਤਰ ਯਾਤਰਾ ਸਮੇਂ ਰੁਕੇ ਸੀ, ਉਹ ਬ੍ਰਹਮ ਸਰੋਵਰ ਦੇ ਪੰਪਿੰਗ ਸਟੇਸ਼ਨ ਕੋਲ ਇਕ ਟਿੱਲਾ ਸੀ ਜਿਸ ਨੂੰ ਸਿੱਧਬਟੀ ਕਰਕੇ ਪੂਜਿਆ ਜਾਂਦਾ ਹੈ। ਛੇਵੀਂ ਪਾਤਸ਼ਾਹੀ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ (ਛਟਮ ਪੀਰ) ਸਨੇਹਿਤ ਸਰੋਵਰ ਦੇ ਕੋਲ ਹੇ। ਅੱਠਵੇਂ ਗੁਰੂ ਸ੍ਰੀ ਹਰਿਕ੍ਰਿਸ਼ਨ ਨੇ ਇਕ ਗੂੰਗੇ ਅਤੇ ਬੋਲੇ ਬਾਲਕ ਕੋਲੋਂ ਪਵਿੱਤਰ ਗੀਤਾ ਦੇ ਸਲੋਕਾਂ ਦਾ ਉਚਾਰਣ ਅਤੇ ਉਨ੍ਹਾਂ ਦਾ ਅਨੁਵਾਦ/ਵਿਆਖਿਆ ਕਰਵਾਉਣ ਦਾ ਕੌਤਕ ਵੀ ਇੱਥੇ ਕੀਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਪਾਤਸ਼ਾਹ ਸਥਾਨਿਸ਼ਵਰ ਤੀਰਥ (ਜੋ ਭਗਵਾਨ ਸ਼ਿਵ ਦਾ ਪ੍ਰਸਿੱਧ ਮੰਦਿਰ ਹੈ ਜਿੱਥੇ ਸ੍ਰੀ ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਜਿੱਤ ਲਈ ਪੂਜਾ ਕੀਤੀ ਸੀ) ਦੇ ਕਿਨਾਰੇ 'ਤੇ ਪਧਾਰੇ ਅਤੇ ਬਿਰਾਜੇ ਸਨ ਜਿੱਥੇ ਉਨ੍ਹਾਂ ਦੀ ਯਾਦ ਵਿਚ ਗੁਰੂ ਘਰ ਸਥਾਪਤ ਹੈ।

ਕੁਰੂਕਸ਼ੇਤਰ ਵਿਖੇ ਬ੍ਰਹਮਸਰੋਵਰ ਦੇ ਕੰਢੇ 'ਤੇ ਯੂਨੀਵਰਸਿਟੀ ਵਾਲੇ ਪਾਸੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਨੂੰ ਸਮਰਪਿਤ ਗੁਰਦੁਆਰਾ ਰਾਜਘਾਟ ਸਥਾਪਤ ਹੈ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਮਾਤਾ ਗੁਜਰੀ ਜੀ ਅਤੇ ਪਤਨੀ ਸ੍ਰੀਮਤੀ ਸੁੰਦਰੀ ਜੀ ਨਾਲ ਗੀਤਾ ਦੀ ਜਨਮਸਥਲੀ ਜੋਤੀਸਰ ਵੀ ਗਏ। ਥਾਨੇਸਰ ਵਿੱਚ ਹੀ ਇਕ ਖਸਤਾ ਹਾਲਤ ਦਾ ਮਕਾਨ ਹੈ ਜਿੱਥੇ ਰਹਿ ਰਹੇ ਪਰਿਵਾਰ ਕੋਲ ਦਸਵੇਂ ਪਾਤਸ਼ਾਹ ਦੇ ਪਧਾਰਨ ਦੇ ਪ੍ਰਮਾਣ ਵਜੋਂ ਬਖਸ਼ਿਆ ਗਿਆ ਤਾਂਬੇ ਦੇ ਪੱਤਰੇ ਉਪਰ ਲਿਖਿਆ ਹੁਕਮਨਾਮਾ ਹੈ ਜਿਸ ਉਪਰ ਗੁਰੂ ਮਾਹਰਾਜ ਨੇ ਆਪਣੇ ਦਸਤਖਤ ਕੀਤੇ ਹੋਏ ਹਨ। ਕਿਹਾ ਜਾਂਦਾ ਹੈ ਕਿ ਇਹ ਮਕਾਨ ਪੰਡਤ ਨਾਨੂ ਰਾਮ ਦੇ ਵਾਰਸਾਂ ਦਾ ਹੈ। ਇਹ ਉਹ ਪਾਂਡਾ ਸੀ ਜਿਸ ਕੋਲ ਗੁਰੂ ਮਹਾਰਾਜ ਪਰਿਵਾਰ ਸਹਿਤ ਬਿਰਾਜੇ ਸਨ।

ਹੁਣ ਜਦੋਂ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਦਿੱਤੇ ਗਏ ਤੱਥ ਮੂਲ ਆਧਾਰ ਹਨ ਅਤੇ ਸਰਕਾਰੀ ਸੂਚਨਾ ਇਸ ਦਾ ਅਗਲਾ ਰੂਪ ਹੈ ਤਦ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਵੇਰਵਿਆਂ ਸੰਬੰਧੀ ਗੱਲ ਕਰਨ ਤੋਂ ਪਿੱਛੋਂ ਹੀ ਆਪਣੀ ਗੱਲ ਕਰਨੀ ਵਧੇਰੇ ਯੋਗ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਉਪਲਬਧ ਕਰਵਾਈ ਗਈ ਸੂਚਨਾ ਵਿੱਚੋਂ ਸਾਨੂੰ ਗੁਰੂ ਸਹਿਬਾਨ ਦੇ ਕੁਰੂਕਸ਼ੇਤਰ ਪਧਾਰਨ ਦੇ ਸਮੇਂ ਦਾ ਪਤਾ ਲਗਦਾ ਹੈ। ਇਸ ਅਨੁਸਾਰ ਗੁਰੂ ਨਾਨਕ ਦੇਵ ਜੀ ਸੰਮਤ 1558 ਵਿਸਾਖ ਦੀ ਅਮਾਵਸ ਵਾਲੇ ਦਿਨ ਸੂਰਜ ਗ੍ਰਹਿਣ ਸਮੇਂ ਕੁਰੂਕਸ਼ੇਤਰ ਪਧਾਰੇ ਸਨ। ਇਨ੍ਹਾਂ ਦੇ ਵਿਰਾਜਨ ਦਾ ਸਥਾਨ ਉਹੋ ਸਿਧਬਟੀ ਮੰਨਿਆ ਗਿਆ ਹੈ। ਤੀਸਰੀ ਪਾਤਸ਼ਾਹੀ ਸੰਮਤ 1523 ਵਿੱਚ ਅਸਾੜ ਮਹੀਨੇ ਦੇ ਮੱਸਿਆ ਵਾਲੇ ਦਿਨ ਸੂਰਜ ਗ੍ਰਹਿਣ 'ਤੇ ਇੱਥੇ ਪਧਾਰੇ ਸਨ। ਆਪ ਜੀ ਪਰਿਵਾਰ ਸਮੇਤ ਆਏ ਸਨ ਅਤੇ ਟੈਕਸ (ਜਜੀਆ) ਦੇਣ ਤੋਂ ਇਨਕਾਰ ਕਰ ਦਿੱਤਾ ਤੇ ਸ਼ਹਿਰ ਤੋਂ ਬਾਹਰ ਕਿਸੇ ਗੁਪਤ ਸਥਾਨ ਉਪਰ ਠਹਿਰ ਗਏ। ਜਗਾਤੀਆਂ ਦੀ ਸ਼ਿਕਾਇਤ 'ਤੇ ਅਕਬਰ ਨੇ ਗੁਰੂ ਸਾਹਿਬ ਤੋਂ ਜਜੀਆ ਨਾ ਲਏ ਜਾਣ ਦੇ ਹੁਕਮ ਕਰ ਦਿੱਤੇ। ਆਪ ਜੀ ਦਾ ਗੁਰਦੁਆਰਾ ਬਾਹਰੀ ਮਹੱਲੇ ਦੀ ਹੱਦ ਵਿੱਚ ਸਥਿਤ ਹੈ। ਇਸੇ ਸਥਾਨ ਉਪਰ 10 ਮਾਰਚ 1656 ਈਸਵੀਂ ਨੂੰ ਮੱਸਿਆ ਵਾਲੇ ਦਿਨ ਇਕ ਗਰੀਬ ਤਰਖਾਣ ਦੀ ਬੇਨਤੀ ਪਰਵਾਨ ਕਰਕੇ ਸੱਤਵੇਂ ਪਾਤਸ਼ਾਹ ਸ੍ਰੀ ਹਰਿਰਾਇ ਜੀ ਪਧਾਰੇ। ਉਨ੍ਹਾਂ ਦੀ ਯਾਦ ਦਾ ਗੁਰੂਘਰ ਵੀ ਇੱਥੇ ਬਾਹਰੀ ਮਹੱਲੇ ਵਿਚ ਹੀ ਸਥਾਪਤ ਹੈ।

ਇੱਥੇ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਜੀ ਨੇ ਦੋ ਵਾਰ ਚਰਨ ਪਾਏ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰਾਪਤ ਵੇਰਵਿਆਂ ਅਨੁਸਾਰ ਛੇਵੇਂ ਪਾਤਸ਼ਾਹ ਪਹਿਲੀ ਵਾਰ 1623 ਈਸਵੀ ਨੂੰ ਵਜ਼ੀਰ ਖਾਨ ਰਾਹੀਂ ਸੱਦੇ 'ਤੇ ਦਿੱਲੀ ਜਾਂਦੇ ਹੋਏ ਇਕ ਟਿੱਲੇ 'ਤੇ ਬਿਰਾਜੇ ਸਨ ਅਤੇ ਦੂਸਰੀ ਵਾਰ ਨਾਨਕ ਮੱਤਾ ਤੋਂ ਵਾਪਸੀ ਸਮੇਂ ਉਸੇ ਟਿੱਬੇ 'ਤੇ ਡੇਰਾ ਕੀਤਾ। ਇੱਥੇ ਹੁਣ ਇਕ ਆਲੀਸ਼ਾਨ ਗੁਰੂਘਰ ਸਥਾਪਤ ਹੈ। ਪ੍ਰੰਤੂ ਇੱਥੇ ਮੈਨੂੰ ਕੁਝ ਉਕਾਈ ਨਜ਼ਰੀਂ ਪੈਂਦੀ ਹੈ ਕਿ ਜਦੋਂ ਬਾਦਸ਼ਾਹ ਜਹਾਂਗੀਰ ਨੂੰ ਇਹ ਸ਼ਿਕਾਇਤ ਕੀਤੀ ਗਈ ਕਿ ਹਰਿਗੋਬਿੰਦ ਜੀ ਆਪਣਾ ਤਖ਼ਤ ਲਗਾਉਂਦੇ ਹਨ ਤਾਂ ਬਾਦਸ਼ਾਹ ਨੇ ਵਜ਼ੀਰ ਖਾਨ ਰਾਹੀਂ ਗੁਰੂ ਜੀ ਨੂੰ ਆਪਣੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਕਰ ਦਿੱਤਾ। ਇਹ ਘਟਨਾ 1623 ਈਸਵੀ ਦੀ ਹੈ ਜਦੋਂ ਗੁਰੂ ਮਾਹਰਾਜ ਦਿੱਲੀ ਨੂੰ ਜਾਂਦੇ ਹੋਏ ਪਧਾਰੇ ਮੰਨੇ ਜਾਂਦੇ ਹਨ। ਸਾਰੀ ਕਥਾ ਦੇ ਵਿਸਥਾਰ ਵਿੱਚ ਨਾ ਜਾ ਕੇ ਜੇ -ਨਿਰੋਲ ਤੱਥਾਂ ਦੀ ਗੱਲ ਹੀ ਕਰੀਏ ਤਾਂ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਸਤਿਗੁਰੂ ਦੋ ਵਰ੍ਹੇ ਉੱਥੇ ਰਹੇ ਅਤੇ ਉਸ ਤੋਂ ਪਿੱਛੋਂ ਭਾਵ 1625 ਈਸਵੀ ਵਿੱਚ ਸਾਰੇ ਰਾਜਨੀਤਕ ਬੰਦੀਆਂ ਦੀ ਰਿਹਾਈ ਦੀ ਸ਼ਰਤ 'ਤੇ ਉਥੋਂ 'ਬੰਦੀਛੋੜ' ਹੋ ਕੇ 52 ਰਾਜਿਆਂ ਨੂੰ ਨਾਲ ਲੈ ਕੇ ਰਿਹਾਅ ਹੋਏ। ਗਵਾਲੀਅਰ ਤੋਂ ਮੁੜਨ ਦਾ ਸਮਾਂ 1625 ਈਸਵੀ ਹੀ ਮੰਨਣਾ ਪਵੇਗਾ। ਇਸ ਤੋਂ ਇਲਾਵਾ ਸਥਾਨਕ ਵੇਰਵੇ ਇਹ ਵੀ ਕਹਿੰਦੇ ਹਨ ਕਿ ਛੇਵੇਂ ਪਾਤਸ਼ਾਹ ਦੀ ਆਮਦ 1630 ਈਸਵੀ ਨੂੰ ਹੋਈ ਪਰ ਮੈਨੂੰ ਇਸ ਯਾਤਰਾ ਦਾ ਵਰ੍ਹਾ 1625 ਵਧੇਰੇ ਯੋਗ ਲਗਦਾ ਹੈ। ਹਾਂ ਇਕ ਗੱਲ ਮੰਨਣਯੋਗ ਹੈ ਕਿ ਛੇਵੇਂ ਪਾਤਸ਼ਾਹ ਦੀ ਦੂਜੀ ਵਾਰ ਚਰਨਛੋਹ 1630 ਈਸਵੀ ਨੂੰ ਇਸ ਧਰਤ ਨੂੰ ਪ੍ਰਾਪਤ ਹੋਈ ਹੋਵੇ। ਇਸ ਦਾ ਆਧਾਰ ਮੈਂ ਆਪਣੀ ਨਿੱਜੀ ਅਧਿਐਨ ਦੇ ਆਧਾਰ 'ਤੇ ਨਾਨਕਮੱਤਾ ਦੀ ਸਰਵੇ ਰਿਪੋਰਟ ਨੂੰ ਮੰਨ ਸਕਦਾ ਹਾਂ। ਉਸ ਨਗਰ ਦੇ ਸਰਵੇਖਣ ਵੇਲੇ ਇਹ ਗੱਲ ਸਪਸ਼ਟ ਹੋਈ ਸੀ ਕਿ ਛੇਵੇਂ ਪਾਤਸ਼ਾਹ 1630 ਈਸਵੀ ਵਿੱਚ ਉਸ ਸਥਾਨ 'ਤੇ ਸਨ। ਹੋ ਸਕਦਾ ਹੈ ਕਿ ਉਸੇ ਵਰ੍ਹੇ ਵਿੱਚ ਨਾਨਕਮੱਤਾ ਤੋਂ ਮੁੜਦਿਆਂ ਛੇਵੇਂ ਪਾਤਸ਼ਾਹ ਫਿਰ ਕੁਰੂਕਸ਼ੇਤਰ ਰੁਕੇ ਸਨ। ਇਸੇ ਫੇਰੀ ਨਾਲ ਇਕ ਬਿਰਧ ਮਾਤਾ ਨੂੰ ਨੇਤਰਦਾਨ ਅਤੇ ਇਕ ਫਕੀਰ ਦਾ ਦੁੱਖ ਦੂਰ ਕਰਨ ਦੀ ਸਾਖੀ ਵੀ ਜੁੜਦੀ ਹੈ।

ਛੇਵੀਂ ਪਾਤਸ਼ਾਹੀ ਦਾ ਇਹ ਸ਼ਾਨਦਾਰ ਗੁਰੂਘਰ ਆਪਣੇ ਆਪ ਵਿੱਚ ਨਗਰ ਦੀ ਸ਼ਾਨ ਹੈ। ਇੱਥੋਂ ਇਕੱਤਰਿਤ ਵੇਰਵੇ ਦੱਸਦੇ ਹਨ ਕਿ ਇਸ ਗੁਰੂਘਰ ਦੀ ਸਥਾਪਨਾ 1962 ਵਿੱਚ ਹੋਈ ਪਰ ਭਾਈ ਕਾਨ੍ਹ ਸਿੰਘ ਇਸ ਨੂੰ1966 ਦੱਸਦੇ ਹਨ। ਇਸ ਤੋਂ ਪਹਿਲਾ ਇੱਥੇ ਇਕ ਟਿੱਲਾ ਸੀ ਜਿਸ 'ਤੇ ਇਕ ਗੁੰਬਦ ਵਾਲਾ ਸਥਾਨ ਸੀ। ਆਉਣ ਜਾਣ ਦਾ ਰਸਤਾ ਵੀ ਇਕ ਪਗਡੰਡੀ ਹੀ ਸੀ। ਜਦੋਂ 1947 ਵਿੱਚ ਪੰਜਾਬ ਲਹੂ-ਲੁਹਾਣ ਹੋਇਆ ਤਾਂ ਪਾਕਿਸਤਾਨ ਤੋਂ ਉੱਜੜ ਕੇ ਆਏ ਲੋਕਾਂ ਲਈ ਇਸ ਸਥਾਨ ਤੇ ਵਿਸ਼ਾਲ ਕੈਂਪ ਸਥਾਪਤ ਕੀਤਾ ਗਿਆ। ਉਹ ਲੋਕ ਆਪਣੀਆਂ ਪੱਕੀਆਂ ਅਲਾਟਮੈਂਟਾਂ ਅਤੇ ਰੋਟੀ ਰੋਜ਼ੀ ਦੇ ਹੀਲੇ ਹੋ ਜਾਣ ਤੱਕ ਇਸ ਕੈਂਪ ਵਿਚ ਰਹੇ। ਬਹੁਤੇ ਘਰਾਂ ਵਿੱਚ ਤਾਂ ਬੱਚੇ ਵੀ ਇਸੇ ਥਾਂ ਪੈਦਾ ਹੋਏ। ਫਿਰ ਨਵੀਆਂ ਪੱਕੀਆਂ ਅਲਾਟਮੈਂਟਾਂ ਅਤੇ ਰਿਹਾਇਸ਼ ਦੇ ਟਿਕਾਣੇ ਮਿਲ ਜਾਣ ਤੋਂ ਪਿੱਛੋਂ ਹੀ ਉਹ ਲੋਕੀ ਇੱਥੋਂ ਗਏ। ਉਹ ਸਾਰੇ ਲੋਕ ਹੁਣ ਤੱਕ ਇਸ ਸਥਾਨ ਨੂੰ ਆਪਣਾ ਸ਼ਰਧਾ ਸਥਾਨ ਮੰਨਦੇ ਹਨ।

ਅੱਠਵੇਂ ਪਾਤਸ਼ਾਹ ਦੀ ਆਮਦ ਦੀ ਮਿਤੀ ਦਾ ਪਤਾ ਨਹੀਂ ਚਲਦਾ ਪਰ ਪਤਾ ਹੈ ਕਿ ਆਪ ਜੀ ਨੇ ਵੀ ਉਸੇ ਕਿਰਤੀ ਤਰਖਾਣ ਦੇ ਗ੍ਰਹਿ ਵਿਖੇ ਚਰਨ ਪਾਏ ਅਤੇ ਆਪਣੇ ਪਿਤਾ ਜੀ ਦੀ ਯਾਦ ਨੂੰ ਨਮਨ ਕਰਕੇ ਉਸੇ ਅਸਥਾਨ 'ਤੇ ਸੰਗਤ ਨੂੰ ਇਕ ਪੰਗਤ ਵਿਚ ਬੈਠਾ ਕੇ ਭੋਜਨ ਛਕਾਇਆ। ਇਹ ਸਾਲ 1662 ਦੱਸਿਆ ਜਾ ਰਿਹਾ ਹੈ। ਨੌਂਵੇਂ ਪਾਤਸ਼ਾਹ ਦੇ ਆਉਣ ਦੀ ਮਿਤੀ 15 ਮਾਘ 1727 ਈਸਵੀ ਦੱਸੀ ਜਾਂਦੀ ਹੈ ਜਦੋਂ ਆਪ ਜੀ ਪਰਿਵਾਰ ਅਤੇ ਸਿੱਖ ਸੰਗਤ ਨਾਲ ਧਮਤਾਨ ਹੁੰਦੇ ਹੋਏ ਇੱਥੇ ਪਧਾਰੇ ਸਨ। ਇਥੇ ਭਗਵਾਨ ਸ਼ਿਵ ਦੇ ਪੁਰਾਤਨ ਮੰਦਿਰ ਥਾਨੇਸਰ ਕੋਲ ਡੇਰਾ ਲਾਇਆ। ਉੱਥੇ ਨੌਂਵੀਂ ਪਾਤਸ਼ਾਹੀ ਦਾ ਸ਼ਾਨਦਾਰ ਗੁਰਦੁਆਰਾ ਸਥਾਪਤ ਹੈ। ਦਸਵੇਂ ਪਾਤਸ਼ਾਹ ਜਨਵਰੀ 1689 ਵਿਚ ਕੁਰੂਕਸ਼ੇਤਰ ਪਧਾਰੇ। ਆਪ ਜੀ ਨਾਲ ਮਾਤਾ ਜੀ, ਮਹਿਲ ਅਤੇ ਸਾਹਿਬਜ਼ਾਦੇ ਸਨ।




# ਪਾਠਕਾਂ ਦਾ ਨਜ਼ਰੀਆ

## ਗੁਰਦਾਸ ਮਾਨ ਅੰਦਰਲਾ ਸੱਚ ਸੱਤ ਪੜਦੇ ਪਾੜ ਕੇ ਆਇਆ ਬਾਹਰ

ਆਪਣੇ ਗੀਤਾਂ 'ਚ ਆਪਣੇ ਆਪ ਨੂੰ ਨਿਮਾਣਾ, ਮਰ ਜਾਣਾ, ਨਹੀਂ ਰਹਿਣਾ, ਨਾ ਨਾਚੀਜ ਦੱਸਣ ਵਾਲੇ ਗੁਰਦਾਸ ਮਾਨ ਨੇ ਕਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਜੋ ਭੱਦੀ ਤੇ ਇਖਲਾਕੋਂ ਗਿਰੀ ਹੋਈ ਸ਼ਬਦਾਵਲੀ ਸ਼ਰੇਆਮ ਧੀਆਂ ਭੈਣਾਂ ਦੀ ਹਾਜ਼ਰੀ ਵਿਚ ਇਕ ਉਸ ਸ਼ਖਸ਼ ਲਈ ਵਰਤੀ ਜੋ ਸਿਰਫ ਮਾਨ ਵਲੋਂ ਪਿਛਲੇ ਦਿਨੀ ਕਨੇਡਾ ਦੇ ਇਕ ਟੀ ਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਪੰਜਾਬੀ ਵਿਰੋਧੀ ਕੀਤੀ ਬਿਆਨਬਾਜੀ ਦਾ ਵਿਰੋਧ ਕਰਨ ਦੇ ਨਾਲ ਨਾਲ ਹੀ ਉੱਥੇ ਪੰਜਾਬੀ ਬੋਲੀ ਦਾ ਪਰਚਮ ਹੀ ਲਹਿਰਾ ਰਿਹਾ ਸੀ, ਨੂੰ ਸੁਣਕੇ ਬਹੁਤ ਹੈਰਾਨੀ ਹੋਈ। ਪੰਜਾਬੀਏ ਜ਼ੁਬਾਨਾਂ ਨੀ ਰਕਾਨੇ ਮੇਰੇ ਦੇਸ਼ ਦੀਏ ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ ਨੀ, ਬੁੱਲੇ ਦੀਏ ਕਾਫ਼ੀਏ ਨੀ ਕੀਹਨੇ ਤੇਰਾ ਕੀਤਾ ਇਹ ਹਾਲ ਨੀ, ਗਾਉਣ ਵਾਲਾ ਮਾਨ ਹੁਣ ਪੰਜਾਬੀ ਬੋਲੀ ਦਾ ਨਾਂ ਸੁਣਦਿਆਂ ਹੀ ਏਸ ਤਰਾਂ ਭੜਕਿਆ ਜਿਵੇ ਕਿਸੇ ਨੇ ਕੁੱਤੇ ਦੀ ਪੂਛ 'ਤੇ ਪੈਰ ਧਰ ਦਿੱਤਾ ਹੋਵੇ। ਉਹ ਇਸ ਮਸਲੇ ਨੂੰ ਲੈ ਕੇ ਏਸ ਤਰਾਂ ਕੱਪੜਿਆਂ 'ਚੋਂ ਬਾਹਰ ਹੋ ਜਾਵੇਗਾ, ਨਾ ਹੀ ਕਦੇ ਸੋਚਿਆ ਸੀ ਤੇ ਨਾ ਹੀ ਚਿਤਵਿਆ। ਉਸ ਦੁਆਰਾ ਵਰਤੀ ਗਈ ਬਹੁਤ ਹੀ ਮਲੀਨ ਭਾਸ਼ਾ ਸੁਣ ਕੇ ਮਨ ਬਹੁਤ ਦੁਖੀ ਹੋਇਆ ਤੇ ਇਸ ਤਰਾਂ ਜਾਪਿਆ ਕਿ ਜਿਵੇਂ ਕੋਈ ਪੰਜਾਬੀ ਬੋਲੀ ਨੂੰ ਪ੍ਰਸਿੱਧੀ ਦੀ ਪੌੜੀ ਵਜੋਂ ਵਰਤਣ ਵਾਲਾ ਬੁਲੰਦੀ ਦੇ ਕੋਠੇ 'ਤੇ ਚੜ੍ਹਕੇ ਬਾਅਦ ਉਤੋਂ ਪੌੜੀ ਨੂੰ ਧੱਕਾ ਦੇ ਕੇ ਹੇਠਾਂ ਸੁੱਟ ਦੇਵੇ। ਮੈਨੂੰ ਉਸ ਦੁਆਰਾ ਬੋਲੇ ਮੰਦੇ ਬੋਲਾਂ ਤੋਂ ਇਹ ਵੀ ਸਮਝ ਆਈ ਕਿ ਬੁਲ੍ਹੇ ਤੇ ਵਾਰਿਸ ਦੀ ਬੋਲੀ ਦਾ ਮੰਦੜਾ ਹਾਲ ਕਰਨ ਵਾਲੇ ਅਸਲ ਵਿਚ ਕੌਣ ਹਨ ਤੇ ਇਹ ਵੀ ਸਾਫ ਸਮਝ ਆ ਗਈ ਕਿ ਮਾਂ ਬੋਲੀ ਦਾ ਖੱਟਿਆ ਖਾਣ ਵਾਲੇ, ਉਸ ਦੇ ਕੁਛੜ ਚੜ੍ਹਕੇ ਪਲਣ ਵਾਲੇ ਪੁੱਤ, ਕਪੁਤ ਕਿਵੇਂ ਬਣਦੇ ਹਨ।

ਉਸ ਦੇ ਬੋਲਾਂ ਤੋਂ ਇਹ ਬਿਲਕੁਲ ਸਾਫ ਹੋ ਗਿਆ ਕਿ ਅੱਜ ਤੱਕ ਉਹ ਪੰਜਾਬੀਆਂ ਨਾਲ ਪੰਜਾਬੀ ਬੋਲੀ ਤੇ ਸੱਭਿਆਚਾਰ ਦੇ ਨਾਮ ਹੇਠ ਕਿਵੇਂ ਧੋਖਾ ਤੇ ਫ਼ਰੇਬ ਕਰਦਾ ਆਇਆ ਹੈ।

ਮਾ ਬੋਲੀ ਪੰਜਾਬੀ ਦੇ ਸਪੂਤ ਤੋ ਕਪੁਤ ਬਣੇ ਇਸ ਗਾਇਕ ਨੇ ਸਮੁਚੇ ਪੰਜਾਬੀ ਭਾਈਚਾਰੇ ਦਾ ਕਲੇਜਾ ਛਲਣੀ ਕਰਕੇ ਦੱਸ ਦਿੱਤਾ ਕਿ ਉਹ ਮਾਨਾ ਸਨਮਾਨਾਂ ਦੇ ਚਾਂਦੀ ਦੇ ਛਿਲੜਾਂ ਦੀ ਖਾਤਿਰ ਕਿਸੇ ਵੀ ਹੱਦ ਤੱਕ ਗਿਰ ਸਕਦਾ ਹੈ।

ਇਕ ਹੋਰ ਗੱਲ ਇਹ ਜਿਸਨੇ ਪੰਜਾਬੀਆਂ ਹੋਰ ਵੀ ਆਹਤ ਕੀਤਾ ਉਹ ਇਹ ਕਿ ਜਦੋਂ ਗੁਰਦਾਸ ਮਾਨ ਸਟੇਜ ਤੋਂ ਭੱਦੇ ਲਫਜ ਬੋਲ ਰਿਹਾ ਸੀ ਤਾਂ ਬਹੁਤੇ ਲੋਕ ਹਾਲ ਚ ਤਾੜੀਆਂ ਤੇ ਚੀਕਾਂ ਮਾਰਕੇ ਉਸ ਦੀ ਦਾਦ ਦੇ ਰਹੇ ਹਨ , ਹੌਂਸਲਾ ਅਫਜਾਈ ਕਰ ਰਹੇ ਸਨ। ਕੀ ਉਹਨਾ ਲੋਕਾਂ ਨੂੰ ਗੁਰਦਾਸ ਮਾਨ ਦੇ ਬੋਲੇ ਮੰਦੇ ਬੋਲਾਂ ਦੇ ਅਰਥ ਨਹੀ ਪਤਾ ਸਨ, ਜਾਂ ਉਥੇ ਹਾਜਰ ਲੋਕਾ ਨੇ ਚੰਗੀ ਤਰਾਂ ਉਸ ਦਾ ਬੋਲਿਆ ਊਟ ਪਟਾਂਗ ਸੁਣਿਆ ਹੀ ਨਹੀਂ ਜਾਂ ਫੇਰ ਹੁਣ ਪੰਜਾਬੀਆਂ ਦੀ ਜਮੀਰ ਮਰ ਚੁੱਕੀ ਹੈ। ਇਹਨਾਂ ਨਕਤਿਆਂ 'ਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਭਲਾ ਚਾਹੁਣ ਵਾਲੇ ਸਮੂਹ ਹਿਤੈਸ਼ੀਆ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਮਾਨ ਨੇ ਆਪਣੇ ਬੋਲਾਂ ਨਾਲ ਆਪਣੀ ਕੀਤੀ ਕਤਰੀ ਦੀ ਖੇਹ ਕਰ ਲਈ ਹੈ, ਬਣੀ ਬਣਾਈ ਇੱਜਤ ਮਿੱਟੀ ਵਿਚ ਮਿਲਾ ਲਈ ਹੈ ਤੇ ਜੇਕਰ ਹੁਣ ਵੀ ਪੰਜਾਬੀ ਉਸ ਨੂੰ ਮੂੰਹ ਲਾਉਂਦੇ ਹਨ ਤਾਂ ਪੰਜਾਬੀਆਂ ਉਤੇ ਵੀ ਬੇਗੈਰਤੇ ਹੋਣ ਦਾ ਲੇਬਲ ਲੱਗ ਜਾਵੇਗਾ। ਮਾਨ ਨੇ ਪੰਜਾਬੀ ਬੋਲੀ ਨਾਲ ਹੀ ਨਹੀ ਸਗੋ ਪੰਜਾਬ ਤੇ ਪੰਜਾਬੀਅਤ ਨਾਲ ਧਰੋਹ ਕਮਾਇਆ ਹੈ ਤੇ ਜੇਕਰ ਉਸ ਵਲੋ ਮੁਆਫੀ ਵੀ ਮੰਗ ਲਈ ਜਾਂਦੀ ਹੈ ਤਦ ਵੀ ਉਸ ਦਾ ਗੁਨਾਹ ਬਜਰ ਹੈ ਤੇ ਮੁਆਫੀ ਯੋਗ ਨਹੀਂ। ਸੋ ਇਸ ਵੇਲੇ ਪੰਜਾਬੀਆ ਨੂੰ ਜਾਗਣ ਦੀ ਜਰੂਰਤ ਹੈ। ਗੱਲ ਪੰਜਾਬੀ ਬੋਲੀ ਬਚਾਉਣ ਦੀ ਹੀ ਨਹੀ ਸਗੋ ਹੁਣ ਤਾਂ ਗੱਲ ਆਪਣਾ ਸਮੁੱਚਾ ਸੱਭਿਆਚਾਰ ਬਚਾਉਣ ਦੀ ਹੈ ਜਿਸ ਦਾ ਬੋਲੀ ਸਿਰਫ ਮਾਤਰ ਹਿੱਸਾ ਹੈ। ਸੋ ਜਾਗੋ !ਮਾਨ ਵਰਗੇ ਫੁਕਰਿਆਂ ਦੇ ਨੱਕ ਨਕੇਲ ਪਾਓ, ਇਹਨਾਂ ਦਾ ਸੰਪੂਰਨ ਬਾਈਕਾਟ ਕਰੋ। ਪੰਜਾਬੀ ਜੇਕਰ ਇਜਤ ਮਾਣ ਦੇਣਾ ਜਾਣਦੇ ਹਨ ਤੇ ਉਸ ਨੂੰ ਵਾਪਸ ਲੈਣਾ ਵੀ ਜਾਣਦੇ ਹਨ। ਜੇਕਰ ਹੋ ਸਕੇ ਸਮਾਜਿਕ ਬਾਈਕਾਟ ਦੇ ਨਾਲ ਨਾਲ ਕਾਨੂੰਨੀ ਚਾਰਾਜੋਈ ਵਜੋਂ ਮੁਕੱਦਮੇ ਦਰਜ ਕਰਨ ਬਾਰੇ ਵੀ ਸੋਚਿਆ ਜਾ ਸਕਦਾ ਹੈ।

**-ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ**

## ਸੰਘ ਦੀ ਵਿਚਾਰਧਾਰਾ ਲੋਕਾਂ ਦੇ ਅਧਿਕਾਰਾਂ ਲਈ ਗੰਭੀਰ ਖ਼ਤਰਾ

ਜੰਮੂ-ਕਸ਼ਮੀਰ ਲਈ ਧਾਰਾ 370, 35-ਏ ਨੂੰ ਭੰਗ ਕਰਨ, ਜੰਮੂ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ ਬਦਲਣ, ਗ਼ੈਰ-ਕਾਨੂੰਨੀ ਸਰਗਰਮੀ ਰੋਕੂ ਕਾਨੂੰਨ ਅਤੇ ਸੂਚਨਾ ਅਧਿਕਾਰ ਕਾਨੂੰਨ 'ਚ ਸੋਧ ਕਰਕੇ ਸੱਤਾ ਦੇ ਕੇਂਦਰੀਕਰਨ, ਇਕ ਸ਼ਹਿਰ ਵਿਚ ਮਨੂੰ ਸਿਮਰਤੀ ਲਾਗੂ ਕਰਨ ਲਈ ਅਦਾਲਤ ਦਾ ਗਠਨ, 49 ਬੁੱਧੀਜੀਵੀਆਂ ਵਿਰੁੱਧ ਸਾਜ਼ਿਸ਼ ਦਾ ਮੁਕੱਦਮਾ, ਰੋਮਿਲਾ ਥਾਪਰ ਕੋਲੋਂ ਅਪਮਾਨਜਨਕ ਸਪੱਸ਼ਟੀਕਰਨ, ਭਾਗਵਤ ਵੱਲੋਂ ਦਲਿਤਾਂ ਲਈ ਰਾਖਵੇਂਕਰਨ ਉੱਪਰ ਬੇਬਾਕ ਬਹਿਸ ਦੀ ਲੋੜ 'ਤੇ ਜ਼ੋਰ ਆਦਿ ਕਿਹੜੀ ਜੜ ਵਿਚੋਂ ਫੁੱਟੇ ਪੌਦੇ ਦੀਆਂ ਟਾਹਣੀਆਂ ਹਨ?

ਸੰਘ ਪਰਿਵਾਰ ਦੇ ਸੰਸਥਾਪਕ, ਸਿਧਾਂਤਕਾਰ ਅਤੇ ਨੀਤੀਘਾੜੇ ਇਸ ਵਿਚਾਰ ਦੇ ਧਾਰਨੀ ਹਨ ਕਿ ਭਾਰਤ ਮੁੱਢ ਕਦੀਮ ਤੋਂ ਹੀ ਮਹਾਨ ਦੇਸ਼ ਅਤੇ ਸੱਭਿਅਤਾ ਰਹੀ ਹੈ ਜਿਸ ਨੇ ਆਪਣੇ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਸ਼ਾਸਤਰਾਂ, ਭਾਸ਼ਾਕਾਰਾਂ, ਵੈਦਾਂ ਰਾਹੀਂ ਦੁਨੀਆਂ ਵਿਚ ਗਿਆਨ ਦਾ ਅਮੁੱਲ ਚਾਨਣ ਫੈਲਾਇਆ ਹੈ, ਪਰ ਮਗਰੋਂ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋ ਗਏ ਜਿਸ ਦੇ ਨਾਲ-ਨਾਲ ਦਿੱਲੀ ਵਿਚ ਵੱਖ-ਵੱਖ ਮੁਸਲਮਾਨ ਸ਼ਾਸਕਾਂ ਦਾ ਰਾਜ ਸਥਾਪਤ ਹੋ ਗਿਆ, ਜਿਹੜਾ ਬਾਬਰ ਦੀ ਜਿੱਤ ਮਗਰੋਂ ਅਖੀਰ ਵਿਚ ਅਕਬਰ ਦੇ ਰਾਜ ਦੀ ਸਥਾਪਨਾ ਰਾਹੀਂ ਆਖਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਤਕ ਜਾਰੀ ਰਿਹਾ। ਉਨ੍ਹਾਂ ਅਨੁਸਾਰ ਇਹ ਅਮਲ ਅੰਗਰੇਜ਼ੀ ਰਾਜ ਅਤੇ 1947 ਮਗਰੋਂ ਕਾਂਗਰਸ ਰਾਜ ਤੋਂ ਲੈ ਕੇ 2014 ਤਕ ਚਾਲੂ ਰਿਹਾ। ਇਨ੍ਹਾਂ ਘਟਨਾਕ੍ਰਮਾਂ ਦਾ ਬਦਲਾ ਲੈ ਕੇ ਹਿੰਦੂ ਅਣਖ ਅਤੇ ਸਰਦਾਰੀ ਕਾਇਮ ਕਰਨ ਦੇ ਸੁਰ ਸੰਘ ਪਰਿਵਾਰ ਕੋਲ ਮੌਜੂਦ ਹਨ ਜਿਹੜੇ ਹਜੂਮੀ ਹਿੰਸਾ ਰਾਹੀਂ ਪ੍ਰਗਟ ਹੋ ਰਹੇ ਹਨ। ਉਨ੍ਹਾਂ ਦੇ ਐਲਾਨ ਅਨੁਸਾਰ ਜਦੋਂ 800 ਸਾਲ ਮਗਰੋਂ 'ਸਵੈਭਿਮਾਨੀ ਹਿੰਦੂ' ਹੱਥ ਸੱਤਾ ਆ ਗਈ ਹੈ ਤਾਂ ਸਾਰੇ ਇਤਿਹਾਸ ਨੂੰ ਉਲਟਾ ਕੇ ਮੋੜਵਾਂ ਵਾਰ ਕਰਨ ਦਾ ਢੁਕਵਾਂ ਸਮਾਂ ਉਨ੍ਹਾਂ ਦੇ ਹੱਥ ਲੱਗ ਚੁੱਕਾ ਹੈ। ਇਸ ਕਰਕੇ ਮੁੜ ਸੱਤਾ ਪ੍ਰਾਪਤੀ ਦੇ 2 ਕੁ ਮਹੀਨੇ ਵਿਚ ਉਨ੍ਹਾਂ ਧਾਰਾ 370 ਅਤੇ 35-ਏ ਭੰਗ ਕਰਕੇ ਇਕ ਤੀਰ ਨਾਲ ਚਾਰ ਨਿਸ਼ਾਨੇ ਫੁੰਡ ਦਿੱਤੇ ਹਨ। ਸੂਬਿਆਂ ਦੇ ਮੌਜੂਦ ਅਧਿਕਾਰਾਂ ਨਾਲ ਬਣਾਇਆ ਰਸਮੀ ਸੰਘੀ ਢਾਂਚਾ ਕਾਇਮ ਰੱਖ ਕੇ ਵੀ ਇਸਦੀ ਭਾਵਨਾ ਦਾ ਭਗਵਾਂਕਰਨ ਤੇ ਏਕੀਕਰਨ ਇਨ੍ਹਾਂ ਦੀ ਮਨਪਸੰਦ ਚੋਣ ਰਹੇਗੀ।

ਇਸ ਏਕੀਕਰਨ ਦੀ ਪ੍ਰਾਪਤੀ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਵੀ ਸਾਹਮਣੇ ਆ ਚੁੱਕਾ ਹੈ ਜਿਸ ਦਾ ਅਰਥ ਵਿਰੋਧੀ ਧਿਰ ਮੁਕਤ ਭਾਰਤ ਹੈ। ਇਸੇ ਕਾਂਗਰਸ ਨੂੰ ਨਿਸ਼ਾਨਾ ਬਣਾ ਕੇ ਉਸਦੇ ਵਿਧਾਇਕ ਖ਼ਰੀਦੇ ਗਏ ਹਨ, ਕੁਝ ਵੱਡੇ ਆਗੂਆਂ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਫਸਾ ਕੇ ਕਾਂਗਰਸ ਨੂੰ ਆਗੂ ਹੀਣ ਕਰਨ ਦਾ ਅਮਲ ਜਾਰੀ ਹੈ। ਕਈ ਸਿਆਸੀ ਪਾਰਟੀਆਂ ਅਕਾਲੀ ਦਲ, ਵਾਈ.ਐੱਸ.ਆਰ. ਕਾਂਗਰਸ, ਅੰਨਾ ਡੀ.ਐੱਮ.ਕੇ., ਬੀਜੂ ਜਨਤਾ ਦਲ, ਬਸਪਾ ਆਦਿ ਨੇ ਭਾਜਪਾ ਸਰਕਾਰ ਦੀ ਕਸ਼ਮੀਰੀ ਨੀਤੀ ਦੀ ਹਮਾਇਤ ਕਰਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ ਹੈ। ਇਸ ਕਰਕੇ ਸਵੈਭਿਮਾਨੀ ਹਿੰਦੂ ਦਾ ਗੌਰਵ ਮੁੜ ਸਥਾਪਤ ਕਰਨ ਲਈ ਦੇਸ਼ ਦੀ ਸੈਨਿਕ ਸ਼ਕਤੀ ਮਜ਼ਬੂਤ ਹੀ ਨਹੀਂ ਚਾਹੀਦੀ ਸਗੋਂ ਆਮ ਲੋਕਾਂ ਦੀ ਮਨੋਬਿਰਤੀ ਦਾ ਸੈਨਿਕੀਕਰਨ ਵੀ ਕਰਨਾ ਚਾਹੀਦਾ ਹੈ।

ਸੰਘੀ ਵਿਚਾਰਧਾਰਾ ਅਤੇ ਸੰਘੀ ਬਿਰਤੀ ਆਧੁਨਿਕ ਬੋਧ ਦੀ ਕੱਟੜ ਦੁਸ਼ਮਣ ਹੈ। ਇਹ ਪੂਰਵ ਆਧੁਨਿਕ ਧੁੱਸ ਦੇਸ਼ ਦੀ ਆਧੁਨਿਕ ਬੌਧਿਕ ਸਮਰੱਥਾ ਅਤੇ ਬੌਧਿਕ ਵਿਕਾਸ ਨੂੰ ਉਖਾੜ ਅਤੇ ਬਰਬਾਦ ਕਰਨ ਦੀ ਧੁੱਸ ਹੈ। ਇਸੇ ਕਰਕੇ ਇਸ ਨੂੰ ਮਨੁੱਖੀ ਅਧਿਕਾਰਾਂ, ਆਜ਼ਾਦੀ, ਜਮਹੂਰੀਅਤ ਅਤੇ ਸਹਿਣਸ਼ੀਲਤਾ ਦੀ ਕੋਈ ਪਰਵਾਹ ਨਹੀਂ।

**-ਦਰਸ਼ਨ ਸਿੰਘ ਖਟਕੜ**

## ਅਣਖ ਖ਼ਾਤਰ ਹੋ ਰਹੇ ਧੀਆਂ ਦੇ ਕਤਲ

ਅੱਜ ਵੀ ਇਸ ਮਰਦ ਪ੍ਰਧਾਨ ਸਮਾਜ ਵਿੱਚ ਧੀਆਂ ਉੱਤੇ ਲੱਗੀਆਂ ਬੰਦਸ਼ਾਂ ਘੱਟ ਨਹੀਂ ਹੋਈਆਂ। ਅੱਜ ਵੀ ਕਿਸੇ ਕੋਲੋਂ ਆਪਣੀ ਧੀ ਦਾ ਵਿਆਹ ਤੋਂ ਪਹਿਲਾਂ ਕਿਸੇ ਨਾਲ ਪਿਆਰ ਕਰਨਾ ਸਹਾਰਿਆ ਨਹੀਂ ਜਾਂਦਾ ਤੇ ਇਸ ਨੂੰ ਵੱਡਾ ਜੁਰਮ ਮੰਨਿਆ ਜਾਂਦਾ ਹੈ। ਪਰ ਦੂਜੇ ਪਾਸੇ ਪੁੱਤਰ ਨੂੰ ਅਜਿਹਾ ਕਰਨ ਉੱਤੇ ਸ਼ਾਬਾਸ਼ੀ ਦਿੱਤੀ ਜਾਂਦੀ ਹੈ।

ਜੇ ਕਿਸੇ ਧੀ ਨੇ ਆਪਣੀ ਮਰਜ਼ੀ ਦਾ ਵਿਆਹ ਕਰਵਾ ਲਿਆ ਤੇ ਜਾਤ-ਪਾਤ ਅੜਿੱਕਾ ਬਣ ਗਈ ਤਾਂ ਯਕੀਨਨ ਧੀ ਤਾਂ ਕਤਲ ਹੋਵੇਗੀ ਹੀ, ਮੁੰਡੇ ਵਾਲਿਆਂ ਦੀਆਂ ਧੀਆਂ ਭੈਣਾਂ ਦੀ ਵੀ ਸ਼ਾਮਤ ਆ ਜਾਣੀ ਹੈ। ਟੱਬਰ ਪੂਰਾ ਹੀ ਵੱਢਿਆ ਜਾ ਸਕਦਾ ਹੈ।

ਧੀ ਦੀ ਆਪਣੀ ਮਰਜ਼ੀ ਨਾਲ ਹੋਏ ਵਿਆਹ ਵਾਸਤੇ ਪਿਓ, ਭਰਾ, ਰਿਸ਼ਤੇਦਾਰੀ ਆਦਿ ਤੋਂ ਇਲਾਵਾ ਕੰਟਰੈਕਟ ਕਿੱਲਰ ਤੱਕ ਤਿਆਰ ਕਰ ਕੇ ਧੀ ਨੂੰ ਮਾਰ ਦੇਣ ਦੇ ਫੈਸਲੇ ਲਏ ਜਾਂਦੇ ਹਨ। ਸਿਰਫ਼ ਭਾਰਤ ਵਿੱਚ ਹੀ ਨਹੀਂ, ਦੁਨੀਆ ਦੇ ਹੋਰ ਵੀ ਅਨੇਕ ਮੁਲਕਾਂ ਵਿੱਚ ਧੀਆਂ ਵੇਚੀਆਂ ਵੱਟੀਆਂ ਵੀ ਜਾਂਦੀਆਂ ਹਨ, ਦਾਜ ਖ਼ਾਤਰ ਸਾੜੀਆਂ ਵੀ ਜਾਂਦੀਆਂ ਹਨ ਤੇ ਆਪਣੀ ਮਰਜ਼ੀ ਦਾ ਵਿਆਹ ਕਰਨ ਉੱਤੇ ਕਤਲ ਵੀ ਕੀਤੀਆਂ ਜਾਂਦੀਆਂ ਹਨ। ਅਣਖ ਖ਼ਾਤਰ ਹੋ ਰਹੇ ਕਤਲਾਂ ਵਿੱਚ ਸ਼ਾਮਲ ਮੁਲਕ ਹਨ: ਇਰਾਨ, ਤੁਰਕੀ, ਅਫਗਾਨਿਸਤਾਨ, ਇਰਾਕ, ਸਾਊਦੀ ਅਰਬ, ਈਜਿਪਟ, ਪਲਸਤੀਨ, ਜਾਰਡਨ, ਬੰਗਲਾਦੇਸ਼, ਐਲਜੀਰੀਆ, ਬਰਾਜ਼ੀਲ, ਇਕੂਆਡਰ, ਮੌਰੋਕੋ, ਇਜ਼ਰਾਈਲ, ਇਥੀਓਪੀਆ, ਸੋਮਾਲੀਆ, ਯੂਗਾਂਡਾ, ਪਾਕਿਸਤਾਨ, ਬਲਕਾਨ, ਸਵੀਡਨ, ਹੌਲੈਂਡ, ਜਰਮਨੀ, ਇਟਲੀ, ਯਮਨ ਤੇ ਅਨੇਕ ਹੋਰ।

ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਅਨੁਸਾਰ 5000 ਔਰਤਾਂ ਅਤੇ ਬੱਚੀਆਂ ਹਰ ਸਾਲ ਅਣਖ ਖ਼ਾਤਰ ਦੁਨੀਆ ਭਰ ਵਿੱਚ ਕਤਲ ਕੀਤੀਆਂ ਜਾ ਰਹੀਆਂ ਹਨ (ਜੋ ਰਿਪੋਰਟ ਹੋ ਰਹੀਆਂ ਹਨ) ਪਰ ਅਸਲ ਵਿੱਚ ਇਹ ਅੰਕੜਾ 20, 000 ਪ੍ਰਤੀ ਸਾਲ ਤੱਕ ਪਹੁੰਚ ਚੁੱਕਿਆ ਹੈ ਕਿਉਂਕਿ ਵੱਡੀ ਗਿਣਤੀ ਕੇਸ ਰਿਪੋਰਟ ਹੀ ਨਹੀਂ ਕੀਤੇ ਜਾਂਦੇ ਤੇ ਅੰਦਰੋ ਅੰਦਰੀ ਕੁੜੀ ਦਾ ਜਿਸਮ ਵੀ ਖੁਰਦ ਬੁਰਦ ਕਰ ਦਿੱਤਾ ਜਾਂਦਾ ਹੈ।

ਭਾਰਤ ਵਿੱਚ ਸਦੀਆਂ ਤੋਂ ਅਣਖ ਖ਼ਾਤਰ ਮਾਰੀਆਂ ਜਾ ਰਹੀਆਂ ਬੱਚੀਆਂ ਜ਼ਿਆਦਾਤਰ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿੱਚ ਕਤਲ ਹੋ ਰਹੀਆਂ ਹਨ। ਅੱਜ ਦੇ ਦਿਨ ਸਭ ਤੋਂ ਵਧ ਕਤਲ ਭਾਰਤ ਵਿੱਚ ਹੀ ਹੋ ਰਹੇ ਹਨ। ਭਾਰਤ ਵਿੱਚ ਸਿਰਫ਼ ਧੀ ਹੀ ਨਹੀਂ, ਉਹ ਮੁੰਡਾ ਵੀ ਕਤਲ ਹੋ ਜਾਂਦਾ ਹੈ, ਜਿਸ ਨਾਲ ਧੀ ਭੱਜੀ ਹੋਵੇ। ਇਹ ਗਿਣਤੀ ਲਗਭਗ 1000 ਮੌਤਾਂ ਪ੍ਰਤੀ ਸਾਲ ਪਹੁੰਚ ਚੁੱਕੀ ਹੋਈ ਹੈ।

ਇਨ੍ਹਾਂ ਕਤਲਾਂ ਨੂੰ ਰੋਕਣ ਲਈ ਕੋਈ ਕਾਨੂੰਨ ਹਾਲੇ ਤਕ ਕਾਰਗਰ ਸਾਬਤ ਨਹੀਂ ਹੋਇਆ।

ਕਮਾਲ ਦੀ ਗੱਲ ਇਹ ਹੈ ਕਿ ਇਨ੍ਹਾਂ ਕਤਲਾਂ ਤੋਂ ਬਾਅਦ ਕੋਈ ਅਫ਼ਸੋਸ ਨਹੀਂ ਕੀਤਾ ਜਾਂਦਾ, ਬਲਕਿ ਜਸ਼ਨ ਮਨਾਇਆ ਜਾਂਦਾ ਹੈ ਕਿ ਅਸੀਂ ਆਪਣੀ ਅਣਖ ਉੱਤੇ ਲੱਗਿਆ ਦਾਗ਼ ਮਿਟਾ ਦਿੱਤਾ ਹੈ।

ਸਪਸ਼ਟ ਹੈ ਕਿ ਬਰਾਬਰੀ ਤੱਕ ਪਹੁੰਚਣ ਦੀ ਵਾਟ ਹਾਲੇ ਲੰਮੀ ਹੈ ਕਿਉਂਕਿ ਹਰ ਪਿਓ ਆਪਣੇ ਪੁੱਤਰ ਨੂੰ ਹੋਰ ਕੁਝ ਦੇ ਕੇ ਜਾਵੇ ਜਾਂ ਨਾ, ਪਰ ਜਾਤ-ਪਾਤ ਅਤੇ ਅਣਖ ਬਾਰੇ ਗੂੜ੍ਹ ਗਿਆਨ ਜ਼ਰੂਰ ਦੇ ਦਿੰਦਾ ਹੈ ਤਾਂ ਜੋ ਅਣਖ ਖ਼ਾਤਰ ਹੁੰਦੇ ਕਤਲ ਪੁਸ਼ਤ-ਦਰ-ਪੁਸ਼ਤ ਜਾਰੀ ਰਹਿ ਸਕਣ।

ਹੁਣ ਤਾਂ ਪਾਠਕ ਹੀ ਫ਼ੈਸਲਾ ਕਰਨ ਕਿ ਇੱਕੀਵੀਂ ਸਦੀ ਵਿੱਚ ਪਹੁੰਚ ਕੇ ਅਸੀਂ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਵਿੱਚ ਰੁੱਝਿਆਂ ਨੂੰ ਉਨ੍ਹਾਂ ਦਾ ਕੋਈ ਸੁਨੇਹਾ ਸਮਝਣ ਲਈ ਵੀ ਕਦੇ ਵਿਹਲ ਮਿਲੀ ਹੈ?

ਨਾ ਅਸੀਂ ਔਰਤ ਨੂੰ ਉਤਾਂਹ ਚੁੱਕਣ ਦੀ ਗੱਲ ਮੰਨੀ, ਨਾ ਜਾਤ-ਪਾਤ ਦਾ ਰੇੜਕਾ ਛੱਡਿਆ ਤੇ ਨਾ ਹੀ ਊਚ ਨੀਚ ਦਾ! ਨਾ ਧਾਰਮਿਕ ਪਾਖੰਡਾਂ ਤੋਂ ਅਸੀਂ ਪਰ੍ਹਾਂ ਹੋਏ ਤੇ ਨਾ ਹੀ ਕਿਰਤ ਕਰਨ ਦਾ ਰਾਹ ਅਪਣਾਇਆ! ਫਿਰ ਭਲਾ ਅਸੀਂ ਕਿਸ ਤਰੱਕੀ ਦੀ ਗੱਲ ਕਰਦੇ ਹਾਂ ਤੇ ਕਿਹੜੇ ਮੂੰਹ ਨਾਲ 550 ਸਾਲਾ ਜਸ਼ਨ ਮਨਾਉਣ ਵਾਲੇ ਹਾਂ?

**-ਡਾ. ਹਰਸ਼ਿੰਦਰ ਕੌਰ**

## ਪੰਜਾਬ 'ਚੋਂ ਉੱਠੀ ਆਵਾਜ਼ ਕਸ਼ਮੀਰੀਆਂ ਲਈ

ਕਸ਼ਮੀਰੀਆਂ ਦੀ ਪੀੜ ਪੰਜਾਬ ਅੰਦਰ ਡੂੰਘੀ ਤਰ੍ਹਾਂ ਮਹਿਸੂਸ ਕੀਤੀ ਗਈ ਹੈ। ਕਸ਼ਮੀਰੀ ਕੌਮੀ ਸੰਘਰਸ਼ ਦੇ ਇਤਿਹਾਸ 'ਚ ਇਹ ਸ਼ਾਇਦ ਪਹਿਲਾ ਮੌਕਾ ਹੋਵੇਗਾ ਜਦੋਂ ਜ਼ੁਲਮਾਂ ਦਾ ਸੇਕ ਝੱਲਦੇ ਕਸ਼ਮੀਰੀ ਲੋਕਾਂ ਲਈ ਅਜਿਹੇ ਪਿਆਰ ਤੇ ਦ੍ਰਿੜ੍ਹਤਾ ਭਰੀ ਹਮਾਇਤ ਦੀ ਫੁਹਾਰ ਭਾਰਤ ਵੱਲੋਂ ਆਈ ਹੋਵੇ, ਉਹ ਵੀ ਉਨ੍ਹਾਂ ਦਿਨਾਂ 'ਚ ਜਦੋਂ ਮੁਲਕ ਅੰਦਰ 'ਅਖੰਡ ਭਾਰਤ' ਲਈ 'ਦੇਸ਼ ਭਗਤੀ' ਦਰਸਾਉਣ ਦਾ ਮਾਹੌਲ ਸਿਰਜਿਆ ਹੋਵੇ। 5 ਅਗਸਤ ਤੋਂ ਜਦੋਂ ਤੋਂ ਸਰਕਾਰ ਨੇ ਕਸ਼ਮੀਰ ਦਾ ਮੁੱਦਾ ਹੀ ਖ਼ਤਮ ਕਰਨ ਦਾ ਐਲਾਨ ਕੀਤਾ ਹੈ ਤਾਂ ਇਹ ਪੰਜਾਬ ਦੀਆਂ ਗਲੀਆਂ ਤੇ ਚੌਕ ਹਨ, ਕਾਲਜ ਤੇ ਖੇਤ ਹਨ, ਜਿੱਥੇ ਕਸ਼ਮੀਰ ਦਾ ਮੁੱਦਾ ਜਿਉਂਦਾ ਹੋ ਗਿਆ ਹੈ,ਜਿੱਥੇ ਕਸ਼ਮੀਰੀ ਲੋਕਾਂ ਦੇ ਹੱਕ ਦੀਆਂ ਗੱਲਾਂ ਚੱਲੀਆਂ ਹਨ, ਕਸ਼ਮੀਰੀ ਲੋਕਾਂ ਦੇ ਪਿੰਡਿਆਂ 'ਤੇ ਪਾਈਆਂ ਹੋਈਆਂ ਲਾਸਾਂ 'ਤੇ ਮੱਲ੍ਹਮ ਲਾਉਣ ਦੀ ਭਾਵਨਾ ਜਾਗ ਪਈ ਹੈ। ਉਸ ਦਿਨ ਤੋਂ ਹੀ ਪੰਜਾਬ 'ਚ ਕਸ਼ਮੀਰੀ ਲੋਕਾਂ ਦੇ ਸਵੈ ਨਿਰਣੇ ਦੇ ਹੱਕ ਦੀ ਹਮਾਇਤ ਦਾ ਪਰਚਮ ਝੂਲ ਰਿਹਾ ਹੈ। ਪੰਜਾਬ ਦੇ ਪਿੰਡਾਂ ਦੀਆਂ ਸੱਥਾਂ 'ਚ ਕਸ਼ਮੀਰ ਅੰਦਰ ਵਾਪਰ ਰਹੀਆਂ ਘਟਨਾਵਾਂ ਦੀ ਚਰਚਾ ਹੋ ਰਹੀ ਹੈ। ਕਰਜ਼ੇ-ਖ਼ੁਦਕੁਸ਼ੀਆਂ ਦੀ ਝੰਬੀ ਪੰਜਾਬ ਦੀ ਕਿਸਾਨੀ ਤੇ ਨਸ਼ਿਆਂ 'ਚ ਰੁੜ੍ਹ ਰਹੀ ਜਵਾਨੀ, ਏਨੇ ਕਹਿਰਾਂ ਅੱਗੇ ਵੀ ਕਸ਼ਮੀਰੀ ਕੌਮ ਦੇ ਅਡੋਲ ਖੜ੍ਹੇ ਰਹਿਣ 'ਤੇ ਮਾਣ ਵੀ ਜਤਾਉਂਦੀ ਜਾਪਦੀ ਹੈ, ਹੈਰਾਨੀ ਵੀ ਪ੍ਰਗਟਾਉਂਦੀ ਹੈ ਤੇ ਆਪਣੀ ਹੋਣੀ ਤੇ ਹਾਲਤ ਨਾਲ ਉਸ ਜਜ਼ਬੇ ਤੇ ਹਾਲਾਤ ਦਾ ਮੁਕਾਬਲਾ ਕਰਕੇ ਦੇਖਣ ਦਾ ਯਤਨ ਕਰਦੀ ਵੀ ਦਿਖਾਈ ਦਿੰਦੀ ਹੈ।

ਇਨ੍ਹਾਂ ਦਿਨਾਂ 'ਚ ਪੰਜਾਬ ਅੰਦਰ ਵਾਪਰਿਆ ਇਹ ਵਰਤਾਰਾ ਨਿਵੇਕਲਾ ਹੈ। ਪੰਜਾਬ 'ਚ ਆਪਣੇ ਹੱਕਾਂ ਲਈ ਸੜਕਾਂ 'ਤੇ ਨਿੱਤਰਨ ਦੀ ਵਿਰਾਸਤ ਹੈ, ਪਰ ਜਿਹੜੇ ਸਾਡੇ ਮੁਲਕ ਦੇ ਹੀ ਹਾਕਮਾਂ ਨੇ ਸਾਡੇ ਅੰਦਰ ਝੂਠੀ ਦੇਸ਼ ਭਗਤੀ ਜਗਾਉਣ ਰਾਹੀਂ ਦਬਾ ਕੇ ਰੱਖੇ ਹੋਏ ਹੋਣ, ਉਨ੍ਹਾਂ ਲਈ ਨੰਗੇ ਧੜ ਨਿੱਤਰਨਾ ਤੇ ਬੇਖੌਫ਼ ਨਿੱਤਰਨਾ ਪੰਜਾਬੀਆਂ ਦੇ ਮਾਣ ਕਰਨ ਲਾਇਕ ਹੈ। ਜੇਕਰ ਪੰਜਾਬ ਦੇ ਕੋਨੇ ਕੋਨੇ 'ਚ ਕਸ਼ਮੀਰੀ ਕੌਮੀ ਸੰਘਰਸ਼ ਦੀ ਗੂੰਜ ਪਈ ਹੈ ਤਾਂ ਇਹ ਉਨ੍ਹਾਂ ਸੈਂਕੜੇ ਚੇਤਨ ਤੇ ਜੁਝਾਰੂ ਕਾਰਕੁੰਨਾਂ ਦੀ ਮਿਹਨਤ ਦਾ ਸਿੱਟਾ ਹੈ ਜਿਨ੍ਹਾਂ ਨੇ ਕਸ਼ਮੀਰ ਦੀ ਹਕੀਕਤ ਪੰਜਾਬੀ ਲੋਕਾਂ ਤਕ ਪਹੁੰਚਾਈ ਹੈ, ਪਰ ਕਸ਼ਮੀਰੀ ਕੌਮ ਦੀ ਹਾਲਤ ਬਾਰੇ, ਉਨ੍ਹਾਂ 'ਤੇ ਜ਼ੁਲਮਾਂ, ਉਨ੍ਹਾਂ ਦੀ ਵਿਰੋਧ-ਲਹਿਰ ਤੇ ਮੰਗਾਂ ਬਾਰੇ, ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਰੋਲ ਬਾਰੇ ਜਿੰਨੀ ਵਿਸਥਾਰੀ ਤੇ ਬਹੁਪਰਤੀ ਚਰਚਾ ਘਰਾਂ ਤੇ ਸੱਥਾਂ 'ਚ ਚੱਲੀ ਹੈ, ਇਹ ਲੋਕਾਂ ਦੀ ਸਮਾਜੀ ਸਿਆਸੀ ਸਰੋਕਾਰਾਂ ਪ੍ਰਤੀ ਜਾਗ ਰਹੀ ਦਿਲਚਸਪੀ ਕਾਰਨ ਹੀ ਸੰਭਵ ਹੋ ਸਕਿਆ ਹੈ। ਇਹ ਵਰਤਾਰਾ ਉਨ੍ਹਾਂ ਹਲਕਿਆਂ ਲਈ ਸ਼ੀਸ਼ਾ ਬਣਨਾ ਚਾਹੀਦਾ ਹੈ ਜਿਹੜੇ ਪੰਜਾਬ ਦੇ ਲੋਕਾਂ ਦੇ ਅਜਿਹੇ ਸਰੋਕਾਰਾਂ ਤੋਂ ਮੁੱਖ ਮੋੜ ਚੁੱਕੇ ਹੋਣ ਬਾਰੇ ਅਣਜਾਣੇ 'ਚ ਹੀ ਫਤਵੇ ਜਾਰੀ ਕਰ ਦਿੰਦੇ ਹਨ।

ਪੰਜਾਬ ਅੰਦਰ ਕਸ਼ਮੀਰੀ ਲੋਕਾਂ ਦੇ ਹੱਕਾਂ ਲਈ ਹੋਈ ਇਹ ਵਿਆਪਕ ਸਰਗਰਮੀ ਸਿਰਫ਼ ਕਸ਼ਮੀਰੀ ਲੋਕਾਂ 'ਤੇ ਜ਼ੁਲਮਾਂ ਖਿਲਾਫ਼ ਹਾਅ ਦਾ ਨਾਅਰਾ ਹੀ ਨਹੀਂ ਹੈ ਨਾ ਹੀ ਇਹ ਕੇਂਦਰ ਦੀ ਸਰਕਾਰ ਵੱਲੋਂ ਕੀਤੇ ਗਏ ਹੁਣ ਦੇ ਨਵੇਂ ਕਸ਼ਮੀਰ ਵਿਰੋਧੀ ਫ਼ੈਸਲਿਆਂ ਤਕ ਸੀਮਤ ਹੈ, ਸਗੋਂ ਇਸ ਸਮੁੱਚੀ ਸਰਗਰਮੀ ਦੌਰਾਨ ਕਸ਼ਮੀਰੀ ਲੋਕਾਂ ਦੇ ਸਵੈ ਨਿਰਣੇ ਦੇ ਬੁਨਿਆਦੀ ਜਮਹੂਰੀ ਹੱਕ ਨੂੰ ਬੁਲੰਦ ਕੀਤਾ ਗਿਆ ਹੈ। ਪੰਜਾਬ ਦੀ ਧਰਤੀ ਤੋਂ ਇਹ ਆਵਾਜ਼ ਉੱਠਣਾ ਬਹੁਤ ਸੁਲੱਖਣਾ ਵਰਤਾਰਾ ਹੈ। ਇਸ ਵਰਤਾਰੇ ਦਾ ਕਸ਼ਮੀਰੀ ਲੋਕਾਂ ਦੀ ਲਹਿਰ ਲਈ ਮਹੱਤਵ ਤਾਂ ਹੈ ਹੀ, ਪਰ ਪੰਜਾਬੀ ਲੋਕਾਂ ਲਈ ਇਸਤੋਂ ਵੀ ਜ਼ਿਆਦਾ ਹੈ। ਪੰਜਾਬ ਅੰਦਰ ਲੋਕਾਂ ਵੱਲੋਂ ਇਸ ਧੜੱਲੇ ਤੇ ਸਪੱਸ਼ਟਤਾ ਨਾਲ ਉਨ੍ਹਾਂ ਦੇ ਹੱਕ 'ਚ ਨਿੱਤਰਨਾ ਇਹ ਬੁੱਝਣ ਲਈ ਕਾਫ਼ੀ ਹੈ ਕਿ ਪੰਜਾਬੀ ਕਿਰਤੀ ਲੋਕਾਂ ਨੂੰ ਨਿਰਾਸ਼ਾ ਤੇ ਬੇਵਸੀ ਦੇ ਆਲਮ 'ਚੋਂ ਕੱਢ ਸਕਣ ਵਾਲੀਆਂ ਚਿਣਗਾਂ ਏਸ ਧਰਤੀ 'ਤੇ ਸੁਲਘ ਰਹੀਆਂ ਹਨ। ਇਨ੍ਹਾਂ ਮਘਦੀਆਂ ਚਿਣਗਾਂ 'ਚ ਹੀ ਪੰਜਾਬੀਆਂ ਦਾ ਭਵਿੱਖ ਮੌਜੂਦ ਹੈ।

**-ਪਾਵੇਲ ਕੁੱਸਾ**

## ਟਿੱਕ ਟੌਕ ਬਣ ਗਈ ਜ਼ਿੰਦਗੀ

ਅੱਜ ਅਸੀਂ ਬੇਗਾਨਿਆਂ ਨੂੰ ਪ੍ਰਭਾਵਿਤ ਕਰਨ ਖਾਤਿਰ ਆਪਣਿਆਂ ਨੂੰ ਅਣਗੌਲਿਆ ਕਰ ਰਹੇ ਹਾਂ। ਵਟਸਐਪ ਉੱਤੇ ਤਕਰੀਬਨ ਰੋਜ਼ਾਨਾ ਮੈਸੇਜ ਭੇਜਣ ਵਾਲੇ ਕੋਲੋਂ ਦੀ ਇਸ ਤਰ੍ਹਾਂ ਲੰਘ ਜਾਂਦੇ ਹਨ ਜਿਵੇਂ ਜਾਣਦੇ ਵੀ ਨਾ ਹੋਣ। ਅੰਗਰੇਜ਼ੀ ਦੀ ਇੱਕ ਕਹਾਵਤ ਦੇ ਮਤਲਬ ਅਨੁਸਾਰ 'ਬਹੁਤਾਤ ਹਰ ਇੱਕ ਚੀਜ਼ ਦੀ ਮਾੜੀ ਹੁੰਦੀ ਹੈ' ਪਰ ਅਸੀਂ ਤਾਂ ਅੱਜ ਬਹੁਤਾਤ ਤੋਂ ਵੀ ਅੱਗੇ ਲੰਘ ਗਏ ਹਾਂ। ਛੇ ਮਹੀਨੇ ਦਾ ਬੱਚਾ ਵੀ ਮੋਬਾਇਲ ਨੂੰ ਸਾਡੇ ਹੱਥਾਂ ਵਿੱਚੋਂ ਖੋਹਣ ਲੱਗਦਾ ਹੈ ਕਿਉਂਕਿ ਉਹ ਦੇਖਦਾ ਹੈ ਕਿ ਅਸੀਂ ਹਰ ਵਕਤ ਉਸ ਵਿੱਚ ਕੀ ਦੇਖਦੇ ਹਾਂ।

ਕੋਈ ਸਮਾਂ ਸੀ ਜਦੋਂ ਸਾਡੇ ਬਜੁਰਗ ਸਿਨੇਮਾ ਦੇਖਣਾ ਵੀ ਮਾੜਾ ਸਮਝਦੇ ਸਨ। ਫਿਰ ਹੌਲੀ ਹੌਲੀ ਹਰ ਘਰ, ਫਿਰ ਹਰ ਕਮਰੇ ਵਿੱਚ ਟੀ.ਵੀ ਆ ਗਏ। ਸ਼ਰਮ ਦੀਆਂ ਕੰਧਾਂ ਢਹਿਣ ਲੱਗ ਪਈਆਂ। ਕੋਈ ਅਜਿਹਾ ਸੀਨ ਜੋ ਪਰਿਵਾਰ ਵਿੱਚ ਬੈਠ ਕੇ ਨਾ ਦੇਖਿਆ ਜਾ ਸਕਦਾ ਹੋਵੇ, ਉਹ ਟੀ.ਵੀ ਉੱਤੇ ਆਉਣ ਸਮੇਂ ਬੇਚਾਰਾ ਬਜ਼ੁਰਗ ਹੀ ਪਾਸਾ ਵੱਟ ਕੇ ਇੱਧਰ-ਉੱਧਰ ਟਲ ਜਾਂਦਾ ਸੀ ਪਰ ਹੁਣ ਜਦੋਂ ਅੱਜ ਉਹ ਉਪਕਰਨ ਜੋ ਤੁਹਾਨੂੰ ਉਹ ਸਭ ਕੁਝ ਦਿਖਾ ਸਕਦਾ ਹੈ,ਤੁਸੀਂ ਸੋਚਦੇ ਹੋ ਉਸਦਾ ਨਾਮ ਹੈ ਮੋਬਾਇਲ ਤੇ ਅੱਜ ਤਕਰੀਬਨ ਹਰ ਸ਼ਖਸ ਕੋਲ ਹੈ ਤਾਂ ਸ਼ਰਮ-ਲਾਜ ਕਿੱਥੇ ਰਹਿ ਗਈ।

ਫਲੱਸ਼ ਦੇ ਬਟਨ ਨਾਲੋਂ ਕਈ ਗੁਣਾਂ ਵੱਧ ਜਰਮ ਮੋਬਾਇਲ ਦੀ ਸਕਰੀਨ ਉੱਤੇ ਹੁੰਦੇ ਹਨ ਜਿਸ ਨੂੰ ਅਸੀਂ ਹਰ ਵਕਤ ਟੱਚ ਕਰਦੇ ਹਾਂ ਤੇ ਕਦੇ ਸਾਫ ਕਰਨ ਦੀ ਜ਼ਰੂਰਤ ਵੀ ਨਹੀਂ ਸਮਝਦੇ। ਤਾਂ ਕੀ ਅਸੀਂ ਬੀਮਾਰੀਆਂ ਨੂੰ ਖੁਦ ਸੱਦਾ ਨਹੀਂ ਦੇ ਰਹੇ? ਉਹ ਹਸਪਤਾਲ ਜਿੱਥੇ ਕਦੇ ਰੋਜਾਨਾ 40 ਮਰੀਜ਼ ਵੀ ਨਹੀਂ ਹੁੰਦੇ ਸਨ ਅੱਜ 400 ਮਰੀਜ਼ ਰੋਜਾਨਾ ਦੇ ਹਨ। ਮੋਬਾਇਲ ਫੋਨ ਦੀ ਜ਼ਿਆਦਾ ਵਰਤੋਂ ਦਿਮਾਗ ਉੱਤੇ ਬਹੁਤ ਅਸਰ ਕਰਦੀ ਹੈ।ਜੇਕਰ ਹੋ ਸਕੇ ਤਾਂ ਲੰਬੇ ਸਮੇਂ ਦੀ ਗੱਲਬਾਤ ਲਈ ਲੈਂਡ ਲਾਈਨ ਫੋਨ ਦੀ ਵਰਤੋਂ ਕਰਨੀ ਚਾਹੀਦੀ ਹੈ।

ਆਖਿਰ ਸੱਚ ਤਾਂ ਇਹ ਹੈ ਕਿ ਇਸ ਤਰ੍ਹਾਂ ਹਰ ਵਕਤ ਹਰ ਕਿਸੇ ਦੇ ਹੱਥਾਂ ਵਿੱਚ, ਸਾਡੇ ਆਪਣੇ ਹੱਥਾਂ ਦੀ ਕਠਪੁਤਲੀ ਬਣਨ ਦੀ ਬਜਾਏ ਸਾਨੂੰ ਹੀ ਆਪਣੀਆਂ ਉਂਗਲੀਆਂ ਤੇ ਨਚਾਉਣ ਵਾਲਾ ਮੋਬਾਇਲ ਨਾਮ ਦਾ ਇਹ ਖਿਡੌਣਾ ਤਕਰੀਬਨ ਹਰ ਪੱਖੋਂ ਖਤਰਨਾਕ ਹੈ। ਇਸਦਾ ਘੱਟ ਤੋਂ ਘੱਟ ਇਸਤੇਮਾਲ ਕਰੋ। ਇਹ ਨਾ ਹੋਵੇ ਕਿ ਜਿਵੇਂ ਇਸ ਰਾਹੀਂ ਕਿਸੇ ਵੀ 5-7 ਮਿੰਟ ਦੇ ਗਾਣੇ ਨੂੰ 15 ਸਕਿੰਟਾਂ ਵਿੱਚ ਬਦਲ ਕੇ ਟਿੱਕ ਟੌਕ ਦਾ ਨਾਮ ਦੇ ਦਿੱਤਾ ਹੈ, ਕਿਤੇ ਸਾਡੀ ਜ਼ਿੰਦਗੀ ਦਾ ਰਾਗ ਵੀ ਇਉਂ ਟਿੱਕ ਟੌਕ ਨਾ ਹੋ ਜਾਵੇ।

**-ਨਰੇਸ਼ ਗੁਪਤਾ**

# ਪੁਲਿਸ ਬਨਾਮ ਸੁਪਰਮੈਨ

**ਬਲਰਾਜ ਸਿੰਘ ਸਿੱਧੂ**

ਇਹਨੀਂ ਦਿਨੀਂ ਪੰਜਾਬ ਪੁਲਿਸ ਕਈ ਤਰ੍ਹਾਂ ਦੀਆਂ ਮੁਸੀਬਤਾਂ ਨਾਲ ਘਿਰੀ ਹੋਈ ਹੈ, ਗ੍ਰਹਿ ਦਸ਼ਾ ਠੀਕ ਨਹੀਂ ਚੱਲ ਰਹੀ। ਜੇ ਕੋਈ ਜਵਾਬੀ ਕਾਰਵਾਈ ਕਰਦਾ ਹੈ ਤਾਂ ਮਰਦਾ, ਜੇ ਨਹੀਂ ਕਰਦਾ ਤਾਂ ਮਰਦਾ। ਲੋਕਾਂ ਦੁਆਰਾ ਪੁਲਿਸ ਪਾਰਟੀਆਂ ਉੱਤੇ ਹਿੰਸਕ ਹਮਲੇ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ। ਹਫਤੇ ਦਸਾਂ ਦਿਨ ਬਾਅਦ ਕੋਈ ਨਾ ਕੋਈ ਅਜਿਹੀ ਖਬਰ ਸਾਹਮਣੇ ਆ ਹੀ ਜਾਂਦੀ ਹੈ। ਅਸਲ ਵਿੱਚ ਪੁਲਿਸ ਦੀ ਨੌਕਰੀ ਇੰਨੀ ਸੌਖੀ ਨਹੀਂ ਰਹੀ, ਜਿੰਨੀ ਵੇਖਣ ਨੂੰ ਲੱਗਦੀ ਹੈ। ਅਖਬਾਰਾਂ ਜਾਂ ਸੋਸ਼ਲ ਮੀਡੀਆ ਰਾਹੀਂ ਪਬਲਿਕ ਤੱਕ ਪੁਲਿਸ ਦੀ ਸਿਰਫ ਲਾਠੀ ਚਾਰਜ ਕਰਦਿਆਂ ਜਾਂ ਸ਼ਰਾਬੀ ਹੋਇਆਂ ਦੀ ਨਕਾਰਾਤਮਕ ਤਸਵੀਰ ਹੀ ਪਹੁੰਚਦੀ ਹੈ। ਪੁਲਿਸ ਦੁਆਰਾ ਕੀਤੇ ਚੰਗੇ ਕੰਮਾਂ ਦੀ ਕੋਈ ਰਿਪੋਰਟਿੰਗ ਨਹੀਂ ਕਰਦਾ। ਅਨੇਕਾਂ ਵਾਰ ਦੰਗਈ ਨੇ ਪੁਲਿਸ ਮੁਲਾਜ਼ਮਾਂ ਨਾਲ ਹੱਥੋਪਾਈ ਕਰਦੇ ਹਨ, ਪਰ ਪੁਲਿਸ ਵਾਲਾ ਕਿਸੇ ਨੂੰ ਚੁਪੇੜ ਵੀ ਮਾਰ ਦੇਵੇ ਤਾਂ ਵੀਡੀਓ ਬਣਾਉਣ ਲਈ ਪਤਾ ਨਹੀਂ ਕਿੱਥੋਂ ਸੈਂਕੜੇ ਕੈਮਰੇ ਨਿਕਲ ਆਉਂਦੇ ਹਨ ? ਨਿਊਜ਼ ਚੈਨਲ ਉਦੋਂ ਤੱਕ ਖਬਰ ਰੀਕਾਸਟ ਕਰੀ ਜਾਂਦੇ ਹਨ, ਜਦ ਤੱਕ ਉਹ ਸਸਪੈਂਡ ਜਾਂ ਬਰਖਾਸਤ ਨਹੀਂ ਹੋ ਜਾਂਦਾ। ਬਾਕੀ ਸਰਕਾਰੀ ਮਹਿਕਮਿਆਂ ਦੇ ਕਰਮਚਾਰੀ ਆਮ ਤੌਰ ਉੱਤੇ ਉਹੀ ਕੰਮ ਕਰਦੇ ਹਨ, ਜਿਸ ਲਈ ਉਹਨਾਂ ਨੂੰ ਭਰਤੀ ਕੀਤਾ ਜਾਂਦਾ ਹੈ। ਮਾਸਟਰ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਂਦਾ ਹੈ, ਰੋਡਵੇਜ਼ ਦਾ ਡਰਾਈਵਰ ਬੱਸ ਚਲਾਉਂਦਾ ਹੈ, ਕੰਡਕਟਰ ਟਿਕਟਾਂ ਕੱਟਦਾ ਹੈ, ਤਹਿਸੀਲਦਾਰ ਰਜਿਸਟਰੀਆਂ ਕਰਦਾ ਹੈ ਤੇ ਬਿਜਲੀ ਬੋਰਡ ਵਾਲਾ ਬਿਜਲੀ ਸਬੰਧੀ ਕੰਮ ਕਰਦਾ ਹੈ। ਪਰ ਪੁਲਿਸ ਵਿੱਚ ਇਸ ਤਰ੍ਹਾਂ ਨਹੀਂ ਚੱਲਦਾ।



ਥਾਣੇਦਾਰ ਨੂੰ ਸਿਰਫ ਐੱਸ.ਐੱਚ.ਓ. ਹੀ ਨਹੀਂ ਲਗਾਇਆ ਜਾਂਦਾ, ਪੁਲਿਸ ਲਾਈਨ ਵਿੱਚ ਐੱਲ.ਓ. ਵੀ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਸੇ ਸ਼ੋਸ਼ੇਬਾਜ਼ ਦਾ ਗੰਨਮੈਨ, ਗਾਰਦ ਇੰਚਾਰਜ, ਅਦਾਲਤ ਵਿੱਚ ਮੁਲਜ਼ਮ ਭੁਗਤਾਉਣੇ, ਕੇਸਾਂ ਦੀ ਤਫਤੀਸ਼, ਟਰੈਫਿਕ ਕੰਟਰੋਲ, ਵੀ.ਆਈ.ਪੀ. ਸੁਰੱਖਿਆ, ਇਲੈਕਸ਼ਨ ਡਿਊਟੀ, ਪੀ.ਏ.ਪੀ., ਆਈ.ਆਰ.ਬੀ., ਕਮਾਂਡੋ ਅਤੇ ਦਫਤਰ ਆਦਿ ਕਿਸੇ ਵੀ ਡਿਊਟੀ ਉੱਤੇ ਤਾਇਨਾਤ ਕੀਤਾ ਜਾ ਸਕਦਾ ਹੈ। ਕਿਸੇ ਯੂਨੀਅਨ ਵੱਲੋਂ ਕੀਤਾ ਜਾ ਰਿਹਾ ਮੁਜ਼ਾਹਰਾ ਚਾਹੇ ਡੀ.ਸੀ., ਮਾਲ ਮਹਿਕਮੇ, ਨਹਿਰੀ ਵਿਭਾਗ, ਬਿਜਲੀ ਬੋਰਡ ਜਾਂ ਕਿਸੇ ਹੋਰ ਡਿਪਾਰਟਮੈਂਟ ਦੇ ਖਿਲਾਫ ਹੋਵੇ, ਆਖਰ ਵਿੱਚ ਪੁਲਿਸ ਦੇ ਗੱਲ ਦੀ ਹੱਡੀ ਹੀ ਬਣਦਾ ਹੈ। ਕਤਲ, ਬਲਾਤਕਾਰ ਜਾਂ ਅਗਵਾ ਕੋਈ ਬਸਮਾਸ਼ ਕਰਦਾ ਹੈ, ਪਰ ਕਾਰਵਾਈ ਨਾ ਕਰਨ ਦਾ ਇਲਜ਼ਾਮ ਲਗਾ ਕੇ ਗੱਡੀਆਂ ਪੁਲਿਸ ਦੀਆਂ ਫੂਕ ਦਿੱਤੀਆਂ ਜਾਂਦੀਆਂ ਹਨ। ਲੋਕਾਂ ਦੀਆਂ ਉਮੀਦਾਂ ਪੁਲਿਸ ਤੋਂ ਬਹੁਤ ਜ਼ਿਆਦਾ ਵਧ ਗਈਆਂ ਹਨ। ਉਹ ਬਾਕੀ ਮਹਿਕਮਿਆਂ ਦੇ ਕੰਮ ਵੀ ਪੁਲਿਸ ਤੋਂ ਹੀ ਕਰਵਾਉਣੇ ਚਾਹੁੰਦੇ ਹਨ। ਇਹ ਡਿਊਟੀਆਂ ਨਿਭਾਉਣ ਖਾਤਰ ਅੱਜ ਦੇ ਪੁਲਿਸ ਮੁਲਾਜ਼ਮ ਨੂੰ ਸੁਪਰਮੈਨ ਵਰਗਾ ਬਲਸ਼ਾਲੀ, ਸਖਤ ਤੇ ਤੇਜ਼ ਤਰਾਰ ਬਣਨਾ ਹੋਵੇਗਾ ਤੇ ਆਪਣੇ ਵਿੱਚ ਹੇਠ ਲਿਖੀਆਂ ਖਾਸੀਅਤਾਂ ਪੈਦਾ ਕਰਨੀਆਂ ਪੈਣਗੀਆਂ ਵਰਨਾ ਘਰ ਜਾਣ ਲਈ ਫਾਜ਼ਿਲਕਾ ਦੇ ਐੱਸ.ਐੱਚ.ਓ. ਵਾਂਗ ਜੁੱਲੀ ਬਿਸਤਰਾ ਬੰਨ੍ਹ ਕੇ ਰੱਖੇ। ਉਸ ਨੂੰ ਕਾਨੂੰਨ ਦੀ ਹਰ ਬਰੀਕੀ ਦਾ ਗਿਆਨ ਹੋਣਾ ਚਾਹੀਦਾ ਹੈ। ਆਈ.ਪੀ.ਸੀ., ਸੀ.ਆਰ.ਪੀ.ਸੀ. ਅਤੇ ਸਾਰੇ ਐਕਟ, ਇੱਥੋਂ ਤੱਕ ਕਿ ਪਾਕਿਸਤਾਨ, ਸ੍ਰੀ ਲੰਕਾ, ਨੇਪਾਲ ਅਤੇ ਬੰਗਲਾ ਦੇਸ਼ ਵਰਗੇ ਗੁਆਂਢੀ ਦੇਸ਼ਾਂ ਦੇ ਕਾਨੂੰਨ ਵੀ ਤੋਤੇ ਵਾਂਗ ਰਟੇ ਹੋਣੇ ਚਾਹੀਦੇ ਹਨ। ਕੰਪਿਊਟਰ, ਲੈਪਟਾਪ, ਇੰਟਰਨੈੱਟ ਅਤੇ ਹਰ ਪ੍ਰਕਾਰ ਦਾ ਵਹੀਕਲ (ਸਮੇਤ ਹੈਲੀਕਾਪਟਰ ਅਤੇ ਜਹਾਜ਼) ਚਲਾਉਣੇ ਆਉਣੇ ਚਾਹੀਦੇ ਹਨ, ਕਦੇ ਵੀ ਜ਼ਰੂਰਤ ਪੈ ਸਕਦੀ ਹੈ। ਵਾਰਦਾਤ ਹੁੰਦੇ ਸਾਰ ਸ਼ਕਤੀਮਾਨ ਵਾਂਗ ਉੱਡ ਕੇ ਮਿੰਟਾਂ-ਸਕਿੰਟਾਂ ਵਿੱਚ ਮੌਕਾ ਏ ਵਾਰਦਾਤ ਉੱਤੇ ਪਹੁੰਚਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਚੋਰੀ, ਡਾਕਾ, ਕਤਲ ਆਦਿ ਹੁੰਦੇ ਸਾਰ ਅੱਖਾਂ ਮੀਟ ਕੇ ਮੁਲਜ਼ਮ ਦਾ ਹੁਲੀਆ ਕਾਗਜ਼ ਉੱਤੇ ਉਤਾਰਨ ਅਤੇ ਇੱਕ ਘੰਟੇ ਦੇ ਅੰਦਰ ਅੰਦਰ ਗ੍ਰਿਫਤਾਰ ਕਰਨ ਦੀ ਅਲੌਕਿਕ ਸ਼ਕਤੀ ਹੋਣੀ ਚਾਹੀਦੀ ਹੈ। ਗੁਲੇਲ ਤੋਂ ਲੈ ਕੇ ਤੋਪ, ਟੈਂਕ, ਹਰੇਕ ਹਥਿਆਰ ਦੀਆਂ ਬਰੀਕੀਆਂ ਦਾ ਪਤਾ ਹੋਣਾ ਚਾਹੀਦਾ ਹੈ। ਹਾਈ ਕੋਰਟ, ਸੁਪਰੀਮ ਕੋਰਟ, ਆਰ.ਟੀ.ਆਈ., ਪਾਰਲੀਮੈਂਟ ਅਤੇ ਅਸੈਂਬਲੀ ਵਿੱਚ ਦਾਇਰ ਕੇਸਾਂ-ਰਿਟਾਂ ਦੇ ਜਵਾਬ ਤਿਆਰ ਕਰਨੇ ਅਤੇ ਪੱਲਿਉਂ ਕਿਰਾਇਆ ਖਰਚ ਕੇ ਪੇਸ਼ੀਆਂ ਭੁਗਤਣੀਆਂ ਆਉਣੀਆਂ ਚਾਹੀਦੀਆਂ ਹਨ। ਚੰਗਾ ਹੋਵੇਗਾ ਜੇ ਵਕਾਲਤ ਦਾ ਇਮਤਿਹਾਨ ਵੀ ਪਾਸ ਕਰ ਹੀ ਲਵੇ। ਰਾਤ ਭਰ ਉੱਲੂ ਵਾਂਗ ਬਿਨਾਂ ਪਲਕ ਝਪਕਾਏ ਜਾਗਣ ਦੀ ਕਾਬਲੀਅਤ ਹੋਣੀ ਚਾਹੀਦੀ ਹੈ। ਵੈਸੇ ਪੁਲਿਸ ਵਿੱਚ ਬਹੁਤੇ ਮੁਲਾਜ਼ਮ ਉਨੀਂਦਰੇ ਦੀ ਬਿਮਾਰੀ ਦੇ ਮਰੀਜ਼ ਭਰਤੀ ਕਰਨੇ ਚਾਹੀਦੇ ਹਨ ਤਾਂ ਜੋ ਚੈਕਿੰਗ ਦੀ ਜ਼ਰੂਰਤ ਹੀ ਨਾ ਪਵੇ। ਅੱਤਵਾਦੀਆਂ ਦੀਆਂ ਯੋਜਨਾਵਾਂ ਬਾਰੇ ਪਹਿਲਾਂ ਹੀ ਇਲਮ ਹੋਵੇ ਤੇ ਹਮਲਾ ਹੋਣ ਤੋਂ ਪਹਿਲਾਂ ਹੀ ਬੈਟਮੈਨ ਵਾਂਗ ਐਂਟਰੀ ਮਾਰ ਜਾਵੇ। ਸਿਰਫ ਸੁੰਘ ਕੇ ਵੱਡੇ ਤੋਂ ਵੱਡੇ ਅਪਰਾਧੀ ਦਾ ਪਤਾ ਲਗਾਉਣਾ ਆਉਣਾ ਚਾਹੀਦਾ ਹੈ। ਲਾਸ਼ਾਂ ਦਾ ਪੋਸਟ ਮਾਰਟਮ ਅਤੇ ਅੰਤਿਮ ਸੰਸਕਾਰ ਦੇ ਅਰਦਾਸ-ਮੰਤਰ ਵੀ ਸਿੱਖ ਲਵੇ ਤਾਂ ਸ਼ਾਇਦ ਜਨਤਾ ਪੁਲਿਸ ਤੋਂ ਥੋੜ੍ਹੀ ਬਹੁਤ ਖੁਸ਼ ਹੋ ਜਾਵੇ। ਇਲਾਕੇ ਦੀਆਂ ਸਾਰੀਆਂ ਲਵ ਸਟੋਰੀਆਂ ਬਾਰੇ ਪੁਲਿਸ ਮੁਲਾਜ਼ਮ ਨੂੰ ਗਿਆਨ ਹੋਣਾ ਬਹੁਤ ਹੀ ਜ਼ਰੂਰੀ ਹੈ। ਕਿਸ ਦੀ ਲੜਕੀ ਕਿਸ ਨਾਲ ਭੱਜਣੀ ਹੈ ਤੇ ਜੇ ਭੱਜ ਜਾਵੇ ਤਾਂ ਕਿੱਥੇ ਛਿਪੀ ਹੋਈ ਹੈ, ਪਹਿਲਾਂ ਹੀ ਪਤਾ ਹੋਣਾ ਚਾਹੀਦੀ ਹੈ। ਨਹੀਂ ਤਾਂ ਲੋਕ ਥਾਣੇ ਨੂੰ ਫੂਕਣ ਲੱਗਿਆਂ ਮਿੰਟ ਲਗਾਉਂਦੇ ਹਨ। ਟਰੈਫਿਕ ਜਾਮ ਕਿੱਥੇ ਲੱਗਣਾ ਹੈ ਤੇ ਜੇ ਲੱਗ ਜਾਵੇ ਤਾਂ ਟਰੈਫਿਕ ਕਿਸ ਚੋਰ ਰਸਤੇ ਤੋਂ ਲੰਘਾਉਣੀ ਹੈ, ਉਂਗਲਾਂ ਦੇ ਪੋਟਿਆਂ ਉੱਤੇ ਹੋਵੇ। ਨੋ ਐਂਟਰੀ ਵਿੱਚ ਕਿਸ ਨੂੰ ਘੁਸਣ ਦੇਣਾ ਹੈ ਤੇ ਕਿਸ ਨੂੰ ਨਹੀਂ, ਦੀ ਜਾਣਕਾਰੀ ਤੋਂ ਇਲਾਵਾ ਸ਼ਹਿਰ ਦੇ ਹਰੇਕ ਚੰਗੇ ਮੰਦੇ ਵਿਅਕਤੀ ਦੀ ਪਹਿਚਾਣ ਹੋਵੇ, ਨਹੀਂ ਤਾਂ ਬਠਿੰਡੇ ਵਾਂਗ ਪੰਗਾ ਪੈ ਸਕਦਾ ਹੈ। ਬਰੂਸ ਲੀ, ਜੈਕੀ ਚੈਨ ਅਤੇ ਰੈਂਬੋ ਵਾਂਗ ਫਾਈਟ ਕਰਨੀ ਆਉਣੀ ਚਾਹੀਦੀ ਹੈ, ਨਹੀਂ ਚੌਗਾਵੇਂ ਵਾਲੀ ਹਾਲਤ ਹੋ ਸਕਦੀ ਹੈ। ਪੈਂਦੀਆਂ ਵਿੱਚ ਕੋਈ ਨਹੀਂ ਖੜ੍ਹਦਾ, ਆਪਣੀ ਪਈ ਆਪ ਹੀ ਭੁਗਤਣੀ ਪੈਂਦੀ ਹੈ। ਘਰ ਬਾਰ, ਰਿਸ਼ਤੇਦਾਰਾਂ ਤੇ ਬੱਚਿਆਂ ਦਾ ਮੋਹ ਤਿਆਗ ਕੇ 24 ਘੰਟੇ ਟੈਨਸ਼ਨ ਭਰੀ ਡਿਊਟੀ ਕਰਨ ਤੋਂ ਬਾਅਦ ਵੀ ਡੌਲੇ ਤੇ ਚੁਸਤੀ ਫੁਰਤੀ ਸਲਮਾਨ ਖਾਨ ਦੀ ਫਿਲਮ ਦਬੰਗ ਵਰਗੀ ਹੋਣੀ ਚਾਹੀਦੀ ਹੈ। ਹਰੇਕ ਚੋਰ ਉਚੱਕੇ, ਜ਼ੇਬਕਤਰੇ, ਸਮਗਲਰ, ਗੁੰਡੇ, ਬਦਮਾਸ਼ ਅਤੇ ਟਟਪੂੰਜੀਏ ਨੇਤਾ ਨੂੰ ਸਰ-ਪਲੀਜ਼ ਕਹਿ ਕੇ ਗੱਲ ਕਰਨੀ ਆਉਣੀ ਚਾਹੀਦੀ ਹੈ। ਥੋੜ੍ਹੇ ਦਿਨ ਪਹਿਲਾਂ ਭਾਰਤ ਦਾ ਚੰਦਰ ਯਾਨ ਮਿਸ਼ਨ ਅਸਫਲ ਹੋ ਗਿਆ ਸੀ। ਕਿਸੇ ਨੇ ਵੀ ਇਸਰੋ ਦੇ ਚੀਫ ਦੀ ਕੋਈ ਨੁਕਤਾਚੀਨੀ ਨਹੀਂ ਕੀਤੀ। ਸਗੋਂ ਪ੍ਰਧਾਨ ਮੰਤਰੀ ਨੇ ਜੱਫੀ ਪਾ ਕੇ ਉਸ ਦਾ ਹੌਸਲਾ ਵਧਾਇਆ। ਪਰ ਜੇ ਕਿਤੇ ਇਸਰੋ ਪੁਲਿਸ ਦੇ ਅੰਡਰ ਹੁੰਦਾ ਤਾਂ ਹੁਣ ਤੱਕ 10-15 ਕਰਮਚਾਰੀ ਸਸਪੈਂਡ ਹੋ ਚੁੱਕੇ ਹੋਣੇ ਸੀ ਤੇ ਵਿਚਾਰੇ ਕੰਪਿਊਟਰ ਵਾਲੇ ਤਾਂ ਡਿਸਮਿਸ ਹੀ ਹੋ ਜਾਂਦੇ।



# ਨਜ਼ਰੀਆ ਬਦਲੀਏ, ਜ਼ਿੰਦਗੀ ਬਦਲੀਏ !

**ਇਕਵਾਕ ਸਿੰਘ ਪੱਟੀ**



ਕਿਹਾ ਜਾਂਦਾ ਹੈ ਵਿਅਕਤੀ ਜੋ ਸੋਚਦਾ ਹੈ ਜਾਂ ਜਿਸ ਬਾਰੇ ਸੋਚਦਾ ਹੈ, ਉਹੀ ਹੁੰਦਾ ਹੈ। ਜੀਵਨ ਵਿੱਚ ਬਹੁਤ ਕੁੱਝ ਜੋ ਵਾਪਰ ਰਿਹਾ ਹੈ, ਉਸ ਵਿੱਚ ਸਾਡੀ ਸੋਚ ਸਮਝ ਦਾ ਵੀ ਕਾਫੀ ਪ੍ਰਭਾਵ ਹੁੰਦਾ ਹੈ। ਜੋ ਵਿਅਕਤੀ ਜਿੰਦਗੀ ਪ੍ਰਤੀ ਹਾਂ-ਪੱਖੀ ਨਜ਼ਰੀਏ ਤੋਂ ਸੋਚਦਾ ਹੈ, ਉਹ ਖੁਸ਼ ਰਹਿੰਦਾ ਹੈ, ਸਹਿਜ ਵਿੱਚ ਰਹਿ ਜਾਂਦਾ ਹੈ ਜਦਕਿ ਨਾਂ-ਪੱਖੀ ਜਾਂ ਨਕਾਰਾਤਮਕ ਸੋਚ ਸੋਚਣ ਵਾਲਾ ਵਿਅਕਤੀ ਹਮੇਸ਼ਾਂ ਨਿਰਾਸ਼ ਜਿਹਾ ਰਹਿੰਦਾ ਹੈ ਅਤੇ ਤਨਾਅ ਉਸਦੀ ਸਿਹਤ ਅਤੇ ਖੁਸ਼ੀਆਂ ਨੂੰ ਨਿਗਲ ਜਾਂਦਾ ਹੈ।

ਯਾਦ ਰੱਖਣ ਵਾਲੀ ਗੱਲ ਹੈ ਚੰਗਾ ਜਾਂ ਬੁਰਾ ਜੋ ਦਿੱਸ ਰਿਹਾ ਹੈ ਸਿਰਫ ਉਹੀ ਨਹੀਂ ਹੁੰਦਾ, ਬਲਕਿ ਅਸੀਂ ਕਿਸ ਨੂੰ ਚੰਗਾ ਜਾਂ ਬੁਰਾ ਸਮਝਦੇ ਹਾਂ ਉੱਤੇ ਵੀ ਨਿਰਭਰ ਕਰਦਾ ਹੈ। ਇਸ ਲਈ ਜ਼ਰੂਰੀ ਹੈ ਮੁਸ਼ਕਿਲ ਭਰੇ ਸਮੇਂ ਵਿੱਚ ਵੀ ਚੰਗਾ ਸੋਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਵਾਸਤੇ ਸਾਨੂੰ ਅਭਿਆਸ ਵੀ ਕਰਨਾ ਪਵੇਗਾ। ਮਿਸਾਲ ਦੇ ਤੌਰ ਤੇ ਕਈ ਵਾਰ ਟਰੈਫਿਕ ਜਾਮ ਵਿੱਚ ਫਸੇ ਅਸੀਂ ਖਿਝਦੇ ਹਾਂ, ਬੁੜਬੜਾਉਂਦੇ ਹਾਂ, ਮਾੜਾ ਚੰਗਾ ਬੋਲਦੇ ਹਾਂ, ਬੇਲੋੜਾ ਹਾਰਨ ਵਜਾਉਂਦੇ ਹਾਂ, ਜਦਕਿ ਸਾਫ਼ ਦਿੱਸ ਰਿਹਾ ਹੁੰਦਾ ਹੈ ਕਿ ਸੜਕੀ ਜਾਮ ਅੱਗੇ ਤੋਂ ਅੱਗੇ ਫੈਲਿਆ ਹੋਇਆ ਹੈ ਅਤੇ ਇਸ ਨੂੰ ਸਾਫ਼ ਹੋਣ ਵਿੱਚ ਸਮਾਂ ਤਾਂ ਹੁਣ ਲੱਗਣਾ ਹੀ ਹੈ, ਸਾਡੇ ਬੜਬੁੜਾਉਣ ਨਾਲ, ਬੇਲੋੜਾ ਹਾਰਨ ਵਜਾਉਣ ਨਾਲ, ਖਿੱਝਣ ਨਾਲ ਜਾਂ ਮਨ ਨੂੰ ਕਲਪਾਉਣ ਨਾਲ ਜਾਮ ਦਾ ਰਸਤਾ ਸਾਫ਼ ਤਾਂ ਹੋਣਾ ਨਹੀਂ। ਸੋ, ਕਿਉਂ ਨਾ ਅਜਿਹੀ ਸਥਿਤੀ ਵਿੱਚ ਧੀਰਜ ਤੋਂ ਕੰਮ ਲਈਏ। ਆਪਣੇ ਆਲੇ-ਦੁਆਲੇ ਨਜ਼ਰ ਮਾਰੀਏ, ਆਲੇ ਦੁਆਲੇ ਦੇ ਮਾਹੌਲ ਨੂੰ ਸਮਝਣ ਦਾ ਜਤਨ ਕਰੀਏ ਜੇ ਕਾਰ/ਮੋਟਰਗੱਡੀ ਵਿੱਚ ਹਾਂ ਤਾਂ ਹਲਕੀ ਅਵਾਜ਼ ਵਿੱਚ ਸੰਗੀਤ ਵੀ ਸੁਣ ਸਕਦੇ ਹਾਂ। ਇਸ ਤਰ੍ਹਾਂ ਦੀ ਸਥਿਤੀ ਹੋਰ ਵੀ ਕਈ ਥਾਵਾਂ ਤੇ ਬਣ ਸਕਦੀ ਹੈ, ਜਿੱਥੇ ਤੁਹਾਨੂੰ ਸਕਾਰਾਤਮਕ ਸੋਚ ਸੋਚਣ ਦੇ ਮੌਕੇ ਮਿਲ ਸਕਦੇ ਹਨ। ਆਪਣੇ ਆਪ ਨੂੰ ਸ਼ਾਂਤ ਰੱਖਣ ਲਈ ਆਪਣੇ ਆਪ ਬਾਰੇ ਸੋਚਣਾ, ਚੰਗਾ ਸੋਚਣਾ ਅਤੇ ਦੂਜਿਆਂ ਦੇ ਭਲੇ ਲਈ ਸੋਚਣਾ, ਕਿਸੇ ਨੂੰ ਇੱਕਦਮ ਬੁਰਾ ਭਲਾ ਕਹਿਣ ਤੋਂ ਪ੍ਰਹੇਜ਼ ਕਰਨਾ ਆਦਿ ਸਫ਼ਲ ਜਤਨਾਂ ਵਿੱਚ ਆਉਂਦਾ ਹੈ।

ਇਸੇ ਤਰ੍ਹਾਂ ਦਿਲ ਦਿਮਾਗ ਵਿੱਚ ਬੁਰੇ ਖਿਆਲਾਤਾਂ ਨੂੰ ਆਉਣ ਤੋਂ ਰੋਕਣਾ ਚਾਹੀਦਾ ਹੈ। ਜਦਕਿ ਇਹ ਵੀ ਇੱਕ ਸੱਚਾਈ ਹੈ ਕਿ ਸਾਡਾ ਦਿਮਾਗ ਨਾਕਾਰਾਤਮਕ ਸੋਚ ਜਾਂ ਵਿਚਾਰਾਂ ਲਈ ਤੇਜ਼ੀ ਨਾਲ ਪ੍ਰਤੀਕਿਰਿਆ ਦਿੰਦਾ ਹੈ। ਚੰਗੀ ਖ਼ਬਰ ਨਾਲੋਂ ਬੁਰੀ ਖ਼ਬਰ ਸਾਡੇ ਦਿਮਾਗ ਤੇ ਜਿਆਦਾ ਅਤੇ ਜਲਦੀ ਅਸਰ ਕਰਦੀ ਹੈ। ਪਰ ਜੇਕਰ ਅਸੀਂ ਸਕਾਰਾਤਮਕ ਸੋਚਾਂਗੇ ਤਾਂ ਸਾਡਾ ਦਿਮਾਗ ਵੀ ਇਹ ਗੱਲ ਮੰਨਣ ਲਈ ਤਿਆਰ ਹੋ ਜਾਂਦਾ ਹੈ ਸਾਰਾ ਕੁੱਝ ਜਾਂ ਬਣੀ ਹੋਈ ਸਥਿਤੀ ਸਾਡੇ ਕਾਬੂ ਵਿੱਚ ਹੈ। ਬੱਸ ਇੰਨਾ ਕੁ ਸਮਝਣ ਦੀ ਲੋੜ ਹੁੰਦੀ ਹੈ ਕਿ ਅਸੀਂ ਪੈਦਾ ਹੋਈ ਸਮੱਸਿਆ ਦੇ ਹੱਲ ਲੱਭਣ ਅਤੇ ਸਮੱਸਿਆਂ ਨੂੰ ਸੁਲਝਾਉਣ ਲਈ ਤਿਆਰ ਹੋ ਸਕਦੇ ਹਾਂ। ਜਦਕਿ ਸਾਡਾ ਗੁੱਸਾ, ਨਾਂ-ਪੱਖੀ ਵਿਚਾਰ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੰਦੇ ਹਾਂ। ਜੋ ਸਾਡੇ ਲਈ ਜਾਂ ਸਾਡੇ ਪਰਿਵਾਰਕ ਮੈਂਬਰਾਂ ਲਈ ਵੀ ਚਿੰਤਾ ਵਿੱਚ ਵਾਧਾ ਕਰਦਾ ਹੈ ਅਤੇ ਮਾਹੌਲ ਤਨਾਅਪੂਰਨ ਬਣਿਆ ਰਹਿੰਦਾ ਹੈ।

ਇਹ ਗੱਲ ਵਿਗਿਆਨਕ ਤੌਰ ਤੇ ਵੀ ਸਿੱਧ ਹੋ ਚੁੱਕੀ ਹੈ ਕਿ ਸਕਾਰਾਤਮਕ ਸੋਚ ਅਤੇ ਸਾਡਾ ਹਾਂ-ਪੱਖੀ ਨਜ਼ਰੀਆ ਹੋਣ ਦੇ ਨਾਲ ਸਾਡੀ ਜਿਊਣ ਦੇ ਸਾਲਾਂ ਵਿੱਚ ਵੀ ਵਾਧਾ ਹੋ ਜਾਂਦਾ ਹੈ ਭਾਵ ਲੰਮੀ ਉਮਰ ਲਈ ਜਿੰਦਗੀ ਪ੍ਰਤੀ ਆਸ਼ਾਵਾਦੀ ਨਜ਼ਰੀਆ ਰੱਖਣਾ ਅਤੇ ਹਾਂ-ਪੱਖੀ ਵਿਚਾਰਾਂ ਨੂੰ ਪ੍ਰਮੁੱਖਤਾ ਦੇਣੀ ਬਹੁਤ ਜ਼ਰੂਰੀ ਹੈ। ਇੱਕ ਅਧਿਐਨ ਦੀ ਮੰਨੀਏ ਤਾਂ ਸਕਾਰਤਮਕ ਸੋਚ ਲੈ ਕੇ ਅਤੇ ਜ਼ਿੰਦਗੀ ਨੂੰ ਜਿੰਦਾਦਿਲੀ ਨਾਲ ਜਿਊਣ ਵਾਲਿਆ ਦੀ ਔਸਤਨ ਉਮਰ 85 ਸਾਲਾਂ ਤੋਂ ਵੀ ਵੱਧ ਹੁੰਦੀ ਹੈ। ਇਸ ਸਬੰਧੀ ਹੋਏ ਸਰਵੇਖਣ ਨੈਸ਼ਨਲ ਅਕੈਡਮੀ ਆਫ ਸਾਇੰਸ ਦੇ ਜਰਨਲ ਵਿੱਚ ਪ੍ਰਕਾਸ਼ਿਤ ਹੋਏ ਹਨ। ਜਿਸ ਵਿੱਚ ਬੋਸਟਨ ਯੂਨੀਵਰਸਿਟੀ ਦੇ ਸਕੂਲ ਆਫ ਮੈਡੀਸਨ ਦੀ ਲੇਵਿਨਾ ਲੀਅ ਦੱਸਦੀ ਹੈ ਕਿ, 'ਅਸੀਂ ਮੰਨਦੇ ਹਾਂ ਕਿ ਲੰਮੀ ਉਮਰ ਦਾ ਰਾਜ਼ ਤੰਦਰੁਸਤ ਸਿਹਤ ਵਿੱਚ ਛੁਪਿਆ ਹੁੰਦਾ ਹੈ, ਪਰ ਇਹ ਵੀ ਸੱਚ ਹੈ ਕਿ ਸਿਰਫ ਆਪਣਾ ਨਜ਼ਰੀਆ ਬਦਲ ਕੇ ਵੀ ਅਸੀਂ ਚੰਗੀ ਸਿਹਤ ਅਤੇ ਲੰਮੀ ਉਮਰ ਪ੍ਰਾਪਤ ਕਰ ਸਕਦੇ ਹਾਂ।' ਲੇਵਿਨਾ ਲੀਅ ਦੀ ਸਹਿਯੋਗੀ ਲਾਰਾ ਕੁਬਜਾਂਸਕੀ ਨੇ ਉਪਰਕਤ ਅਧਿਐਨ ਤੋਂ ਆਪਣੇ ਤਜ਼ੁਰਬੇ ਸਾਂਝੇ ਕਰਦੇ ਦੱਸਿਆ ਕਿ, 'ਜਿਆਦਾ ਆਸ਼ਾਵਾਦੀ ਲੋਕ ਆਪਣੀਆਂ ਭਾਵਨਾਵਾਂ ਅਤੇ ਵਿਹਾਰ ਨੂੰ ਵਧੀਆ ਢੰਗ ਨਾਲ ਮੈਨੇਜ਼ ਕਰਦੇ ਹਨ ਅਤੇ ਆਪਣੇ ਤਨਾਅ ਅਤੇ ਮੁਸ਼ਕਿਲਾਂ ਦਾ ਹੱਲ ਖੁਦ ਕੱਢ ਲੈਂਦੇ ਹਨ।'

ਇਸ ਲਈ ਜ਼ਰੂਰੀ ਹੈ ਕਿ ਹਰ ਖੁਸ਼ੀ ਗਮੀ ਦੇ ਮੌਕੇ ਤੇ ਸਕਾਰਾਤਮਕ ਸੋਚ ਦੇ ਨਾਲ ਵਿਚਰਣ ਦਾ ਜਤਨ ਕਰੀਏ। ਹਰ ਕੰਮ ਨੂੰ ਖੁਸ਼ੀ ਅਤੇ ਲਗਨ ਨਾਲ ਸ਼ੁਰੂ ਕਰੀਏ। ਕਾਰੋਬਾਰ ਦੇ ਘਾਟੇ-ਵਾਧੇ ਮੌਕੇ ਸਾਡੀ ਮਾਨਸਕ ਦਸ਼ਾ ਇੱਕੋ ਜਿਹੀ ਰਹੇ। ਹਰ ਨਿੱਜੀ ਜਾਂ ਕਾਰੋਬਾਰ ਨਾਲ ਜੁੜੇ ਮੁੱਦਿਆਂ ਬਾਰੇ ਪਰਿਵਾਰ ਨਾਲ ਥੋੜੀ ਬਹੁਤ ਸਾਂਝ ਜ਼ਰੂਰ ਪਾ ਕੇ ਰੱਖੀਏ। ਪਰਿਵਾਰਕ ਮੈਂਬਰਾਂ ਨੂੰ ਵੀ ਸੱਭ ਕੁੱਝ ਠੀਕ ਹੋ ਜਾਣ ਦਾ ਭਰੋਸੇ ਦਿੰਦੇ ਰਹੀਏ। ਕਿਉਂਕਿ ਸਮਾਂ ਵੀ ਹਰ ਜ਼ਖਮ ਨੂੰ ਭਰਨ ਦੀ ਇੱਕੋ ਇੱਕ ਵਾਹਦ ਦਵਾ ਹੈ।

ਸੋ ਜਿੰਦਗੀ ਵਿੱਚ ਜਦ ਕਿਸੇ ਕਾਰਜ ਵਿੱਚ ਅਸਫਲਤਾ ਮਿਲੇ ਤਾਂ ਉੱਥੇ ਵੀ ਅਸਫਲਤਾ ਵਿੱਚ ਮਿਲਣ ਵਾਲੀ ਸਿੱਖਿਆ ਨੂੰ ਹਮੇਸ਼ਾਂ ਯਾਦ ਰੱਖੀਏ ਜੋ ਸਫਲਤਾ ਲਈ ਕੀਤੇ ਜਾਣ ਵਾਲੇ ਕਾਰਜਾਂ ਵਿੱਚ ਸਾਡਾ ਬੇਹੱਦ ਸਾਥ ਦੇਵੇਗੀ। ਆਪਣੇ ਦੋਸਤ ਆਪ ਬਣੀਏ। ਆਪਣੀ ਗੱਲ ਪਹਿਲਾਂ ਆਪਣੇ ਆਪ ਨਾਲ ਕਰਕੇ, ਆਪਣੇ ਆਪ ਉਸਦੇ ਹਾਂ-ਪੱਖੀ ਅਤੇ ਨਾਂ-ਪੱਖੀ ਪੱਖਾਂ ਬਾਰੇ ਚਰਚਾ ਕਰੀਏ ਫਿਰ ਆਪਣੇ ਕਰੀਬੀ ਨਾਲ ਉਸ ਮਸਲੇ ਤੇ ਗੱਲਬਾਤ ਕਰੀਏ। ਸਾਡੀ ਸੋਚ ਬਦਲਣ ਨਾਲ ਹੀ ਸਾਡੀ ਜਿੰਦਗੀ ਬਦਲ ਸਕਦੀ ਹੈ। ਆਪਣੇ ਬਾਰੇ ਸੱਭ ਤੋਂ ਵਧੀਆ ਅਸੀਂ ਆਪ ਹੀ ਸੋਚ ਸਕਦੇ ਹਾਂ।

# ਐਲਕ ਗਰੋਵ ਸਕੂਲ ਬੋਰਡ ਵੱਲੋਂ ਅਮਰੀਕਨ ਸਿੱਖ ਜਾਗਰੂਕਤਾ ਮਹੀਨਾ ਮਨਾਉਣ ਦਾ ਮਤਾ ਪਾਸ

**ਸੈਕਰਾਮੈਂਟੋ/ਏਟੀ ਨਿਊਜ਼ :** ਕੈਲੀਫੋਰਨੀਆ ਦੇ ਸ਼ਹਿਰ ਐਲਕ ਗਰੋਵ ਵਿਖੇ ਸਥਾਨਕ ਸਕੂਲ ਡਿਸਟ੍ਰਿਕ ਬੋਰਡ ਵੱਲੋਂ ਅਮਰੀਕਨ ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨਾ ਮਨਾਉਣ ਦਾ ਮਤਾ ਪਾਸ ਕੀਤਾ ਗਿਆ। ਬੌਬੀ ਸਿੰਘ ਐਲਨ ਵੱਲੋਂ ਪੇਸ਼ ਕੀਤੇ ਇਸ ਮਤੇ ਨੰਬਰ 17, 2019-2020 ਨੂੰ ਸਮੂਹ ਬੋਰਡ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਮਾਨਤਾ ਦੇ ਦਿੱਤੀ ਗਈ। ਇਹ ਮਤਾ ਸੈਕਟਰੀ ਬੋਰਡ ਆਫ ਐਜੂਕੇਸ਼ਨ ਕ੍ਰਿਸਟੋਫਰ ਓਫਮੈਨ ਨੇ ਪੜ੍ਹ ਕੇ ਸੁਣਾਇਆ।



ਇਸ ਮਤੇ ਦੇ ਪੇਸ਼ ਹੋਣ ਮੌਕੇ ਐਲਕ ਗਰੋਵ ਸਿਟੀ ਦੇ ਕਮਿਸ਼ਨਰ ਅਤੇ ਸੈਕਟਰੀ ਆਫ ਸਟੇਟ ਦੇ ਸਲਾਹਕਾਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਸਿੱਖਾਂ ਲਈ ਇਹ ਮਹੀਨਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ ਕਿਉਂਕਿ ਇਸ ਮਹੀਨੇ ਵਿਸ਼ਵ ਭਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਅਵਤਾਰ ਪੁਰਬ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਬਾਬਾ ਨਾਨਕ ਦੀਆਂ ਸਿੱਖਿਆਵਾਂ ਬਾਰੇ ਅਮਰੀਕਨ ਆਗੂਆਂ ਨੂੰ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ। ਇਸ ਦੌਰਾਨ ਸ. ਰੰਧਾਵਾ ਨੇ ਹਿਊਸਟਨ ਵਿਖੇ ਮਾਰੇ ਗਏ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਬਾਰੇ ਬੋਲਦਿਆਂ ਕਿਹਾ ਕਿ ਉਸ ਨੇ ਆਪਣੀ ਡਿਊਟੀ ਦੌਰਾਨ ਕੁਰਬਾਨੀ ਦਿੱਤੀ ਹੈ। ਅਮਰੀਕਾ ਵਿਚ ਅਜਿਹੇ ਨਫਰਤੀ ਹਮਲੇ ਦੀਆਂ ਪਹਿਲਾਂ ਵੀ ਘਟਨਾਵਾਂ ਵਾਪਰਦੀਆਂ ਰਹੀਆਂ ਹਨ, ਜਿਸ ਦੌਰਾਨ ਕਈ ਸਿੱਖ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਸੰਦੀਪ ਸਿੰਘ ਧਾਲੀਵਾਲ ਦਸਤਾਰਧਾਰੀ ਅਤੇ ਸਾਬਤ-ਸੂਰਤ ਹੋ ਕੇ ਪੁਲਿਸ ਸੇਵਾ ਨਿਭਾਉਣ ਕਾਰਨ ਪੂਰੇ ਭਾਈਚਾਰੇ ਵਿਚ ਬਹੁਤ ਸਤਿਕਾਰਿਆ ਜਾਂਦਾ ਸੀ। ਸ. ਰੰਧਾਵਾ ਨੇ ਸੰਦੀਪ ਸਿੰਘ ਵੱਲੋਂ ਪੁਲਿਸ ਵਿਭਾਗ ਦੀ ਸੇਵਾ ਤੋਂ ਇਲਾਵਾ ਅਮਰੀਕੀ ਸਮਾਜ ਲਈ ਕੀਤੇ ਨਿਸ਼ਕਾਮ ਕੰਮਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਿਹਾ ਕਿ ਸਾਡੀ ਕੌਮ ਉਸ 'ਤੇ ਹਮੇਸ਼ਾ ਫ਼ਖ਼ਰ ਕਰੇਗੀ।

ਸ. ਰੰਧਾਵਾ ਨੇ ਐਲਕ ਗਰੋਵ ਸਕੂਲ ਬੋਰਡ ਵੱਲੋਂ ਇਸ ਮਤੇ ਨੂੰ ਪਾਸ ਕਰਨ ਲਈ ਡਾਇਰੈਕਟਰ ਬੌਬੀ ਐਲਨ ਅਤੇ ਸਮੁੱਚੇ ਸਕੂਲ ਬੋਰਡ ਦਾ ਧੰਨਵਾਦ ਕੀਤਾ।

# ਖੰਡਰ ਹੋ ਰਹੀ ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ

**ਜਸਵੰਤ ਜੱਸ**



12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਦੀ ਚਰਨ ਛੋਹ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੁਣੇ ਹੀ ਪਈ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸਕ ਸੀ ਅਤੇ ਉਨ੍ਹਾਂ ਨੇ ਬਾਬਾ ਫ਼ਰੀਦ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਂ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਈਸਵੀ 16 ਸਦੀ ਵਿੱਚ ਇਸ 'ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ 'ਤੇ ਕਬਜ਼ਾ ਰਿਹਾ।

ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਛਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਢੇ 'ਤੇ ਸਥਾਪਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜ ਭਾਗ ਦੀ ਸਮਾਪਤੀ ਤੋਂ ਬਾਅਦ ਸੰਨ 1827 ਵਿੱਚ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜ਼ਾ ਹੋ ਗਿਆ। ਜੋ ਮੁਗ਼ਲ ਸ਼ਹਿਨਸ਼ਾਹ ਅਕਬਰ ਦੇ ਸਭ ਤੋਂ ਖਾਸ ਸਾਥੀਆਂ ਵਿੱਚੋਂ ਮੰਨੇ ਜਾਂਦੇ ਸਨ। ਸੰਨ 1849 ਵਿੱਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜ਼ੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ 'ਤੇ ਰਾਜ ਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਨ੍ਹਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਦੂਜਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜ਼ੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜੀ ਜਵਾਨ ਵੀ ਭੇਜੇ ਜਿਸ ਤੋਂ ਉਨ੍ਹਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸ ਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ ਸੰਨ 1918 ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉੱਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ, ਬਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ। ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖ਼ੂਬਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖ਼ੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖ਼ੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਸਨ।

ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਨ੍ਹਾਂ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸ ਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜ ਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਅੱਜ-ਕੱਲ੍ਹ ਇਹੀ ਟਰੱਸਟ ਫ਼ਰੀਦਕੋਟ ਰਿਆਸਤ ਦੀ ਵਿਰਾਸਤ ਨੂੰ ਸਾਂਭ ਰਿਹਾ ਹੈ। ਭਾਰਤ ਸਰਕਾਰ ਨੇ 15 ਜੁਲਾਈ, 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਨ੍ਹਾਂ ਦਾ 16 ਅਕਤੂਬਰ, 1989 ਨੂੰ ਦੇਹਾਂਤ ਹੋ ਗਿਆ ਸੀ। ਹੁਣ ਉਨ੍ਹਾਂ ਦੀ ਇਕਲੌਤੀ ਪੁੱਤਰੀ ਮਹਾਰਾਣੀ ਦੀਪਇੰਦਰ ਕੌਰ ਜੋ ਵਰਧਮਾਨ ਦੇ ਰਾਜਾ ਸਦਾ ਸਿੰਘ ਮਹਿਤਾਬ ਨਾਲ ਵਿਆਹੀ ਹੋਈ ਹੈ, ਜੀਵਤ ਹੈ।

## ਸੂਫੀ ਸੰਤ ਬਾਬਾ ਸ਼ੇਖ ਫਰੀਦ-

ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲ੍ਹਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖ਼ੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲ੍ਹੇ ਦੇ ਤੋਸ਼ਾਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਨ੍ਹਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਹਾਲ ਹੀ ਵਿੱਚ ਸਿੱਖ ਰਿਆਸਤ ਦੀ ਭਵਨ ਕਲਾ ਬਾਰੇ ਕਿਤਾਬ ਲਿਖੀ ਹੈ ਜਿਸ ਨੂੰ ਆਰੀਅਨ ਪਬਲੀਕੇਸ਼ਨ ਵੱਲੋਂ ਛਾਪਿਆ ਗਿਆ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜ਼ੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸ ਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇੱਥੇ ਆਉਂਦੇ ਹਨ ਅਤੇ ਉਨ੍ਹਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ, ਪਰ ਵਿਰਾਸਤ ਨੂੰ ਸੰਭਾਲਣ ਲਈ ਕੁਝ ਨਹੀਂ ਕੀਤਾ।

**ਵਿਰਾਸਤ ਨੂੰ ਸਾਂਭਣ ਲਈ ਸਰਕਾਰ ਨੇ ਨਹੀਂ ਦਿਖਾਈ ਗੰਭੀਰਤਾ:-** ਪੰਜਾਬ ਸਰਕਾਰ ਨੇ ਫ਼ਰੀਦਕੋਟ ਸਿੱਖ ਰਿਆਸਤ ਦੀ ਅਰਬਾਂ ਰੁਪਏ ਦੀ ਜਾਇਦਾਦ ਅਤੇ ਇਮਾਰਤਾਂ ਨੂੰ ਸਰਪਲਸ ਕਾਨੂੰਨ ਤਹਿਤ ਆਪਣੇ ਕਬਜ਼ੇ ਵਿੱਚ ਲੈ ਲਿਆ, ਜਿੱਥੇ ਹੁਣ ਪੰਜਾਬ ਸਰਕਾਰ ਦੇ ਸਰਕਾਰੀ ਦਫ਼ਤਰ ਚੱਲ ਰਹੇ ਹਨ। ਰਿਆਸਤ ਦੀਆਂ ਜਾਇਦਾਦਾਂ ਨੂੰ ਹਥਿਆਉਣ ਵੇਲੇ ਸਰਕਾਰ ਨੇ ਤਰਕ ਦਿੱਤਾ ਸੀ ਕਿ ਹਥਿਆਏ ਗਏ ਆਰਥਿਕ ਸੋਮਿਆਂ ਨੂੰ ਉਸੇ ਇਲਾਕੇ ਦੀ ਸਾਂਭ ਸੰਭਾਲ 'ਤੇ ਖਰਚਿਆ ਜਾਵੇਗਾ ਪਰੰਤੂ 60 ਸਾਲਾਂ ਦੇ ਇਤਿਹਾਸ ਵਿੱਚ ਸੂਬੇ ਦੀ ਕਿਸੇ ਵੀ ਸਰਕਾਰ ਨੇ ਰਿਆਸਤ ਦੀ ਅਮੀਰ ਵਿਰਾਸਤ ਨੂੰ ਸਾਂਭਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਸ਼ਾਹੀ ਕਿਲ੍ਹੇ ਸਾਹਮਣੇ ਸਥਿਤ ਚਾਰ ਦਰਵਾਜ਼ੇ ਪੂਰੀ ਤਰ੍ਹਾਂ ਖਤਮ ਹੋ ਚੁੱਕੇ ਹਨ। ਇਸੇ ਤਰ੍ਹਾਂ ਵਿਕਟੋਰੀਆ ਟਾਵਰ ਸਾਹਮਣੇ ਬਣੇ ਆਲੀਸ਼ਾਨ ਗੁੰਬਦ ਨਗਰ ਕੌਂਸਲ ਨੇ ਵੇਚ ਦਿੱਤੇ ਜਿੱਥੇ ਹੁਣ ਬੇਤਰਤੀਬੀਆਂ ਦੁਕਾਨਾਂ ਤੇ ਹੋਟਲ ਬਣੇ ਹੋਏ ਹਨ। ਰਾਜ ਮਹਿਲ ਅਤੇ ਵਿਕਟੋਰੀਆ ਟਾਵਰ ਦੇ ਰਸਤੇ ਵਿੱਚ ਬਣਿਆ ਸ਼ਾਹੀ ਫੁਹਾਰਾ ਵੀ ਨਗਰ ਕੌਂਸਲ ਨੇ ਵੇਚ ਦਿੱਤਾ ਹੈ। ਪੈਸੇ ਅਤੇ ਅਣਦੇਖੀ ਦੀ ਘਾਟ ਕਾਰਨ ਫ਼ਰੀਦਕੋਟ ਰਿਆਸਤ ਦੀਆਂ ਇੱਕ ਦਰਜਨ ਇਮਾਰਤਾਂ ਢਹਿ-ਢੇਰੀ ਹੋ ਚੁੱਕੀਆਂ ਹਨ ਅਤੇ ਇੱਥੇ ਹੁਣ ਸੀਮਿੰਟ ਨਾਲ ਆਧੁਨਿਕ ਇਮਾਰਤਾਂ ਉਸਾਰ ਦਿੱਤੀਆਂ ਗਈਆਂ ਹਨ। ਫ਼ਰੀਦਕੋਟ ਪ੍ਰਸ਼ਾਸਨ ਨੇ ਰਿਆਸਤ ਦੀਆਂ 52 ਇਤਿਹਾਸਕ ਇਮਾਰਤਾਂ ਨੂੰ ਸਾਂਭਣ ਲਈ ਪੁਰਾਤੱਤਵ ਵਿਭਾਗ ਤੋਂ 52 ਕਰੋੜ ਰੁਪਏ ਦੀ ਮੰਗ ਕੀਤੀ ਸੀ। ਪ੍ਰਸ਼ਾਸਨ ਨੂੰ ਇਹ ਪੈਸੇ ਅੱਜ ਤੱਕ ਨਹੀਂ ਮਿਲੇ ਜਿਸ ਕਾਰਨ ਫ਼ਰੀਦਕੋਟ ਰਿਆਸਤ ਦੀਆਂ ਅਹਿਮ ਵਿਰਾਸਤੀ ਇਮਾਰਤਾਂ ਖੰਡਰ ਬਣਦੀਆਂ ਜਾ ਰਹੀਆਂ ਹਨ।

**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਾਹੜੀ ਕਿੱਕਰ ਦੇ ਕੁਝ ਦਰੱਖ਼ਤ ਹੀ ਬਾਕੀ ਰਹਿ ਗਏ ਹਨ।

## ਇਤਿਹਾਸਕਾਰਾਂ ਦੀ ਨਜ਼ਰ 'ਚ

ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਜਿਨ੍ਹਾਂ ਨੇ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਵਿਸ਼ੇਸ਼ ਖੋਜ ਕਾਰਜ ਕੀਤੇ ਹਨ ਅਤੇ ਇਸ ਰਿਆਸਤ ਨਾਲ ਜੁੜੇ ਹਰ ਦਸਤਾਵੇਜ਼ ਅਤੇ ਸਬੂਤਾਂ ਨੂੰ ਇਕੱਤਰ ਕਰਕੇ ਸਿੱਖ ਰਿਆਸਤ ਬਾਰੇ ਪੁਸਤਕ ਛਾਪੀ ਹੈ, ਨੇ ਦੱਸਿਆ ਕਿ ਦੇਸ਼ ਭਰ ਵਿੱਚ ਪੰਜ ਸੌ ਤੋਂ ਵੱਧ ਰਿਆਸਤਾਂ ਹਨ, ਪਰੰਤੂ ਫ਼ਰੀਦਕੋਟ ਰਿਆਸਤ ਦੇ ਰਾਜਿਆਂ ਨੇ ਸਿੱਖਿਆ ਨੂੰ ਸਭ ਤੋਂ ਵੱਧ ਅਹਿਮੀਅਤ ਦਿੱਤੀ। ਉਨ੍ਹਾਂ ਕਿਹਾ ਕਿ ਪਿਸ਼ਾਵਰ, ਲਾਹੌਰ ਅਤੇ ਦਿੱਲੀ ਨਾਲੋਂ ਵੀ ਫ਼ਰੀਦਕੋਟ ਵਿੱਚ ਸਿੱਖਿਆ ਦੇ ਪ੍ਰਬੰਧ ਕਿਤੇ ਚੰਗੇ ਸਨ।

**ਚਸ਼ਮਦੀਦਾਂ ਦੀ ਜ਼ੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ 90 ਸਾਲਾ ਬਜ਼ੁਰਗ ਵਕੀਲ ਦੇਵ ਕੁਮਾਰ ਬੇਦੀ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ ਅਤੇ ਪੜ੍ਹੇ-ਲਿਖੇ ਅਗਾਂਹ ਵਧੂ ਸ਼ਾਸਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ। ਸ਼ਾਹੀ ਸਮਾਧਾਂ ਦੇ ਹੱਕ ਨੂੰ ਲੈ ਕੇ ਰਾਜ ਘਰਾਣੇ ਦੇ ਮਹੰਤ ਬਲਦੇਵ ਦਾਸ ਅਤੇ ਰਿਆਸਤ ਦੀ ਸਾਂਭ ਸੰਭਾਲ ਕਰ ਰਹੇ ਟਰੱਸਟ ਦਰਮਿਆਨ ਕਾਨੂੰਨੀ ਲੜਾਈ ਚੱਲ ਰਹੀ ਹੈ। ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

# ਡਰੱਗ ਸਮੱਗਲਰਾਂ ਦੀ ਸੂਚੀ ਸੋਸ਼ਲ ਮੀਡੀਆ 'ਤੇ ਵਾਇਰਲ

**ਤਰਨ ਤਾਰਨ/ਏਟੀ ਨਿਊਜ਼ :** ਥਾਣਾ ਝਬਾਲ ਅਧੀਨ ਆਉਂਦੇ ਪਿੰਡ ਸੋਹਲ ਅਤੇ ਪਿੰਡ ਸੈਣ ਭਗਤ ਸੋਹਲ ਦੇ 37 ਜਣਿਆਂ ਖ਼ਿਲਾਫ਼ ਨਸ਼ਿਆਂ ਦਾ ਕਾਰੋਬਾਰ ਕਰਨ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਕਰਨ ਦੀ ਦੋ ਪੰਨਿਆਂ ਦੀ ਸੂਚੀ ਲੋਕਾਂ ਅੰਦਰ ਵੰਡੀ ਗਈ ਜਿਸ ਕਾਰਨ ਇਲਾਕੇ ਅੰਦਰ ਤਰਥੱਲੀ ਮਚ ਗਈ। ਇਹ ਸੂਚੀ ਜਾਰੀ ਹੁੰਦਿਆਂ ਹੀ ਪੁਲੀਸ ਨੇ ਲੋਕਾਂ ਦੇ ਘਰਾਂ ਅੰਦਰ ਛਾਪੇ ਮਾਰੇ। ਇਸ ਸੂਚੀ ਵਿਚ ਪਿੰਡ ਦੇ ਮੋਹਤਬਰਾਂ ਦੇ ਲੜਕਿਆਂ ਅਤੇ ਰਿਸ਼ਤੇਦਾਰਾਂ ਦੇ ਨਾਂ ਹੋਣ ਕਰਕੇ ਸੂਚੀ ਜਾਰੀ ਕਰਨ ਵਾਲੇ ਦੀ ਭਾਲ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸੂਚੀ ਵਿਚ ਦੋਹਾਂ ਪਿੰਡਾਂ ਦੇ 37 ਵਿਅਕਤੀਆਂ ਵਲੋਂ ਸਮੈਕ, ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ, ਲੁੱਟਾਂ ਖੋਹਾਂ ਆਦਿ ਵਾਰਦਾਤਾਂ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਇਹ ਸੂਚੀ ਜਿੱਥੇ ਪਿੰਡਾਂ ਵਿਚ ਵੱਡੇ ਪੱਧਰ 'ਤੇ ਵੰਡੀ ਗਈ ਉਥੇ ਇਸ ਨੂੰ ਸ਼ੋਸ਼ਲ ਮੀਡੀਆ 'ਤੇ ਵੀ ਅਪਲੋਡ ਕੀਤਾ ਗਿਆ ਜਿਸ ਕਾਰਨ ਸਭ ਪਾਸੇ ਚਰਚਾ ਛਿੜ ਗਈ। ਸੋਹਲ ਪਿੰਡ ਦੀ ਸਰਪੰਚ ਬੀਬੀ ਪਰਮਜੀਤ ਕੌਰ ਦੇ ਪਤੀ ਸੰਤੋਖ ਸਿੰਘ ਨੇ ਕਿਹਾ ਕਿ ਇਹ ਸੂਚੀ ਕਿਸੇ ਸ਼ਰਾਰਤੀ ਵਲੋਂ ਲਿਖਵਾ ਕੇ ਵੰਡੀ ਗਈ ਹੈ। ਉਨ੍ਹਾਂ ਮੰਨਿਆ ਕਿ ਇਸ ਸੂਚੀ ਵਿਚ ਭਾਵੇਂ 12 ਦੇ ਕਰੀਬ ਵਿਅਕਤੀ ਸਮੈਕ ਸਮੇਤ ਹੋਰ ਨਸ਼ੀਲੇ ਪਦਾਰਥ ਵੇਚਣ ਅਤੇ ਖਾਣ-ਪੀਣ ਦਾ ਕੰਮ ਕਰਦੇ ਹਨ ਪਰ ਵਧੇਰੇ ਨਾਂ ਮੰਦਭਾਵਨਾ ਨਾਲ ਲਿਖੇ ਗਏ ਹਨ। ਪੁਲੀਸ ਨੇ ਵੀ ਪਿੰਡ ਦੇ ਦੋ ਜਣਿਆਂ ਨੂੰ ਪੁੱਛਗਿੱਛ ਕਰਨ ਲਈ ਹਿਰਾਸਤ ਵਿਚ ਲਿਆ ਹੈ। ਅਕਾਲੀ ਆਗੂ ਅਤੇ ਮਾਰਕੀਟ ਕਮੇਟੀ ਝਬਾਲ ਦੇ ਸਾਬਕਾ ਚੇਅਰਮੈਨ ਤੇਗਾ ਸਿੰਘ ਸੋਹਲ ਨੇ ਵੀ ਮੰਨਿਆ ਕਿ ਪਿੰਡ ਅੰਦਰ ਨਸ਼ਿਆਂ ਦਾ ਰੁਝਾਨ ਵੱਧ ਗਿਆ ਹੈ। ਇਸ ਦੇ ਐਨ ਉਲਟ ਪਿੰਡ ਦੇ ਇਕ ਹੋਰ ਮੋਹਤਬਰ ਹਰਸ਼ਰਨ ਸਿੰਘ ਮੱਲ੍ਹਾ ਨੇ ਸੂਚੀ ਵਿਚਲੇ ਸਾਰੇ ਨਾਵਾਂ ਨੂੰ ਨਸ਼ਿਆਂ ਆਦਿ ਦੇ ਧੰਦੇ ਕਰਨ ਵਾਲੇ ਆਖਿਆ ਹੈ। ਡੀਐਸਪੀ ਸੁੱਚਾ ਸਿੰਘ ਬੱਲ ਨੇ ਕਿਹਾ ਕਿ ਉਨ੍ਹਾਂ ਨੇ ਪੁਲੀਸ ਅਤੇ ਸੀਆਈਏ ਸਟਾਫ਼ ਦੀਆਂ ਟੀਮਾਂ ਨੂੰ ਮਾਮਲੇ ਦੀ ਜਾਂਚ ਕਰਨ ਲਈ ਰਵਾਨਾ ਕੀਤਾ ਹੈ।



**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸ੍ਰੀ ਗੁਰੂ ਨਾਨਕ ਦੀ ਆਧੁਨਿਕਤਾ ਨੂੰ ਦੇਣ

**ਸ. ਗੁਰਤੇਜ ਸਿੰਘ**




ਗੁਰੂ ਨਾਨਕ (੧੪੬੯-੧੫੩੯) ਦਾ ਜੀਵਨ-ਕਾਲ ਕਈ ਪੱਖਾਂ ਤੋਂ ਮੱਧਕਾਲ ਅਤੇ ਆਧੁਨਿਕ ਕਾਲ ਨੂੰ ਨਿਖੇੜਨ ਵਾਲੀ ਇੱਕ ਚਾਨਣ-ਵੰਡਦੀ ਲੀਕ ਦਾ ਪ੍ਰਤੀਕ ਜਾਣਿਆ ਜਾ ਸਕਦਾ ਹੈ।ਅਜੋਕੇ ਸਮਿਆਂ ਦੇ ਮਨੁੱਖੀ ਸਰੋਕਾਰ, ਜਿਨ੍ਹਾਂ ਦੀ ਪਿੱਠ ਉੱਤੇ ਮੌਜੂਦਾ ਸਮਾਜਕ, ਆਰਥਕ ਅਤੇ ਸਿਆਸੀ ਢਾਂਚੇ ਉਸਰੇ ਹੋਏ ਹਨ, ਦੀਆਂ ਜੜ੍ਹਾਂ ਲੱਭਣ ਲਈ ਸਾਨੂੰ ਗੁਰੂ ਨਾਨਕ ਦੇ ਜੀਵਨ-ਕਾਲ ਤੱਕ ਪਹੁੰਚ ਕਰਨ ਦੀ ਲੋੜ ਪੈਂਦੀ ਹੈ।ਮਨੁੱਖ ਦਾ ਬੌਧਿਕ ਵਿਕਾਸ ਆਦਿ ਕਾਲ ਤੋਂ ਨਿਰੰਤਰ ਜਾਰੀ ਹੈ ਪਰ ਗੁਰੂ ਤੋਂ ਪਹਿਲਾਂ ਦੀਆਂ ਪ੍ਰਸਥਿਤੀਆਂ ਦੀ ਆਧੁਨਿਕ ਸਮਿਆਂ ਲਈ ਉਸਾਰੂ ਪ੍ਰਸੰਗਕਤਾ ਸਥਾਪਤ ਕਰਨਾ ਬਹੁਤਾ ਲਾਹੇਵੰਦ ਸਾਬਤ ਹੁੰਦਾ ਨਹੀਂ ਜਾਪਦਾ। ਅੱਜ ਦੀ ਮਨੁੱਖਤਾ ਨੂੰ ਟੁੰਬਣ ਵਾਲੇ ਅਤੇ ਆਪਣੇ ਗਰਭ ਵਿੱਚ ਮਨੁੱਖੀ ਵਿਕਾਸ ਦੀ ਚਰਮ-ਸੀਮਾ ਨੂੰ ਪਹੁੰਚਾਉਣ ਵਾਲੇ ਤੱਥਾਂ ਨੂੰ ਪਾਲ਼ ਰਹੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਲਈ ਸਾਨੂੰ ਗੁਰੂ ਵੱਲ ਹੀ ਪਰਤਣਾ ਪਵੇਗਾ।ਸਮੁੱਚੇ ਮਨੁੱਖੀ ਭਾਈਚਾਰੇ ਦੇ ਪਰਮ-ਸੁੱਖ ਦੀ ਤੀਬਰ ਚਾਹ ਲੈ ਕੇ ਜੋ।। ਬਲਿਓ ਚਰਾਗੁ ਅੰਧਕਾਰ ਮਹਿ।। ਉਹ ਗੁਰੂ ਨਾਨਕ ਹੀ ਸੀ ਜਿਸ ਦੇ ਸਰਬ-ਸਾਂਝੇ 'ਨਾਮ-ਧਰਮ' ਨੇ ਮਨੁੱਖਤਾ ਨੂੰ ਆਪਣੇ-ਆਪ ਨੂੰ ਆਪਣੀ ਜੁੱਤੀ ਦੀ ਨੋਕ ਤੋਂ ਫੜ ਕੇ ਉੱਚਾ ਚੁੱਕਣ ਦਾ ਰਾਹ ਉਜਾਗਰ ਕੀਤਾ (ਸਭ ਕਲਿ ਉਧਰੀ ਇਕ ਨਾਮ ਧਰਮ ॥- ਗੁਰੂ ਗ੍ਰੰਥ, ੧੩੯੭)।

੨. ਮਨੁੱਖੀ ਜੀਵਨ ਦੀ ਨੁਹਾਰ, ਪ੍ਰਮਾਤਮਾ ਦੇ ਮਨੁੱਖੀ ਇਤਿਹਾਸ ਨਾਲ ਰਿਸ਼ਤੇ ਦੇ ਰਹੱਸ ਬਾਰੇ ਵਿਚਾਰਾਂ ਦੀ ਘਾਟ ਨਹੀਂ।ਜਾਪਦਾ ਹੈ ਕਿ ਮੁਕੰਮਲ ਰਹੱਸ ਨੂੰ ਗੁਰੂ ਨਾਨਕ ਨੇ ਸਭ ਤੋਂ ਪਹਿਲਾਂ ਜਾਣਿਆ ਅਤੇ ਪ੍ਰਚਾਰਿਆ। ਭਾਈ ਗੁਰਦਾਸ ਦਾ ਬਚਨ ਪਹਿਲਾਂ ਬਾਬੇ ਪਾਯਾ ਬਖਸ਼ ਦਰ ਏਸ ਸਥਿਤੀ ਵੱਲ ਇਸ਼ਾਰਾ ਕਰਦਾ ਹੈ।ਗੁਰੂ ਨੇ ਆਪਣੀ ਬਾਣੀ ਵਿੱਚ ਕਈ ਇਸ਼ਾਰੇ ਏਸ ਹਾਲਤ ਨੂੰ ਸਮਝਾਉਣ ਲਈ ਕੀਤੇ ਹਨ:ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥(ਗੁਰੂ ਗ੍ਰੰਥ, ੭੬੩)।ਏਸ ਬਚਨ ਵਿੱਚ ਉਹ ਨਿਰੋਲ ਪ੍ਰਮਾਤਮਾ ਦੇ ਹੁਕਮਾਂ ਦੀਆਂ ਸੀਮਾਵਾਂ ਅੰਦਰ ਰਹਿਣ ਦੇ ਆਪਣੇ ਨਿਸ਼ਚੇ ਨੂੰ ਵੀ ਦ੍ਰਿੜਾਉਂਦੇ ਹਨ। ਅਤਿਅੰਤ ਸ਼ੁਕਰਾਨੇ ਦੇ ਘਰ ਵਿੱਚ ਨਿਵਾਸ ਕਰਦੇ ਹੋਏ ਗੁਰੂ ਨੇ ਅਤਿ ਦੀ ਹਲੀਮੀ ਨਾਲ ਏਸ ਦਾਤ ਨੂੰ ਸਵੀਕਾਰ ਕੀਤਾ ਜਦੋਂ ਉਨ੍ਹਾਂ ਫੁਰਮਾਇਆ,ਹਉ ਢਾਢੀ ਵੇਕਾਰੁ ਕਾਰੈ ਲਾਇਆ ॥(ਗੁਰੂ ਗ੍ਰੰਥ, ੧੫੦)। ਗੁਰੂ ਨਾਨਕ ਬਾਣੀ ਤੋਂ ਲੈ ਕੇ ਸਾਹਿਬ ਦਸਵੇਂ ਪਾਤਸ਼ਾਹ ਦੇ ਬਹਾਦਰ ਸ਼ਾਹ ਦੇ ਕਾਜ਼ੀ ਨਾਲ ਹੋਏ ਸੰਵਾਦ ਤੱਕ ਇਹ ਉਪਦੇਸ ਨਿਰੰਤਰ ਮਿਲਦੇ ਹਨ ਕਿ ਏਸ ਪਾਵੇ ਨੂੰ ਪ੍ਰਾਪਤ ਕਰਨ ਲਈ ਮਨੁੱਖ ਯਤਨ ਤਾਂ ਕਰ ਸਕਦਾ ਹੈ, ਵੱਡੀਆਂ ਕਠਨ ਘਾਲਣਾਵਾਂ ਵੀ ਘਾਲ ਸਕਦਾ ਹੈ ਪ੍ਰੰਤੂ ਇਹ ਯਕੀਨੀ ਨਹੀਂ ਬਣਾ ਸਕਦਾ ਕਿ ਉਨ੍ਹਾਂ ਦਾ ਨਤੀਜਾ ਪ੍ਰਮਾਤਮਾ ਦੇ ਦਰ ਉੱਤੇ ਅਜਿਹੀ ਪ੍ਰਵਾਨਗੀ ਅਤੇ ਬਖ਼ਸ਼ਿਸ਼ ਵਿੱਚ ਹੀ ਨਿਕਲੇਗਾ:ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥ (ਗੁਰੂ ਗ੍ਰੰਥ, ੯੩੫)। ਜਿਨ੍ਹਾਂ ਨੇ ਭਾਰੀ ਤਪੱਸਿਆਵਾਂ ਕੀਤੀਆਂ, ਬਾਲਣ ਵਾਂਗ ਆਪਣੇ ਹੱਡ ਬਾਲੇ, ਚਿਲ਼ੇ ਕੱਟੇ ਅਤੇ ਇਹ ਪ੍ਰਾਪਤੀ ਨ ਕਰ ਸਕੇ ਉਨ੍ਹਾਂ ਵਿੱਚੋਂ ਇੱਕ ਸਨ ਨੀਮ-ਨਾਸਤਕ ਸੋਚ ਵਾਲੇ ਮਹਾਤਮਾ ਬੁੱਧ ਜੀ।ਅਨੇਕਾਂ ਕਸ਼ਟਾਂ, ਭੁੱਖਾਂ ਨੇ ਉਨ੍ਹਾਂ ਦੇ ਸਰੀਰ ਨੂੰ ਕੇਵਲ ਨਾਸ਼ ਹੋਣ ਦੇ ਕੰਢੇ ਹੀ ਲਿਆ ਖੜ੍ਹਾ ਕੀਤਾ। ਪ੍ਰਮਾਤਮਾ ਦੇ ਅਨੁਭਵ ਤੋਂ ਸੱਖਣੇ ਮਹਾਤਮਾ ਜੀ ਨੂੰ ਆਖ਼ਰ ਸੋਝੀ ਹੋਈ ਕਿ ਮਨੁੱਖ ਦੀ ਗਤੀ ਨੂੰ ਸਮਝਣ ਲਈ, ਜੀਵਨ ਦੇ ਪਰਮ-ਸੱਤ ਨੂੰ ਜਾਣਨ ਲਈ ਸਾਧਿਆ ਬੌਧਿਕ ਚਿੰਤਨ ਹੀ ਸਭ ਤੋਂ ਵੱਧ ਕਾਰਗਰ ਸਾਬਤ ਹੋ ਸਕਦਾ ਹੈ। ਭਾਈ ਸਾਹਿਬ ਕਹਿੰਦੇ ਜਾਪਦੇ ਹਨ ਕਿ ਗੁਰੂ ਨਾਨਕ ਨੇ ਪਹਿਲਾਂ ਆਪਣੀਅ ਮਨੋ-ਬਿਰਤੀਆਂ, ਮਨੋਵੇਗਾਂ ਨੂੰ ਸਾਕਾਰਾਤਮਕ ਲੀਹਾਂ ਉੱਤੇ ਤੋਰ ਕੇ ਆਪਣੇ-ਆਪ ਨੂੰ ਪਰਮ-ਸੱਚ ਨੂੰ ਜਾਣਨ ਦੇ ਵੱਧ ਤੋਂ ਵੱਧ ਕਾਬਲ ਬਣਾਇਆ। ਅੰਤ ਰੱਬੀ ਮਿਹਰ ਸਦਕਾ ਅਜਿਹੇ ਰੁਤਬੇ ਨੂੰ ਹਾਸਲ ਕੀਤਾ। ਗੁਰੂ ਨਾਨਕ ਦੇ ਫ਼ਲਸਫ਼ੇ ਵਿੱਚ ਪ੍ਰਮਾਤਮਾ ਦੇ ਹੁਕਮ ਅਤੇ ਮਿਹਰ ਨੂੰ ਸਾਰਥਕਤਾ ਦਾ ਮੂਲ ਜਾਣਨਾ ਮਨੁੱਖੀ ਕਲਿਆਣ ਦਾ ਅਮਿੱਟ ਧੁਰਾ ਬਣਿਆ। ਏਸ ਸਮੁੱਚੇ ਅਨੁਭਵ ਨੂੰ ਆਪਣੇ-ਆਪ ਵਿੱਚ ਬੌਧਿਕ ਅਤੇ ਪਰਾ-ਬੌਧਿਕ ਦਾ ਸਿਖ਼ਰ ਵੀ ਆਖ ਸਕਦੇ ਹਾਂ।ਏਹੋ ਗੁਰੂ ਨਾਨਕ ਦੀ ਆਧੁਨਿਕਤਾ ਨੂੰ ਪਹਿਲੀ ਦੇਣ ਸੀ।ਏਸ ਪਹਿਲੂ ਦੀ ਅਣਹੋਂਦ ਹੀ ਸ਼ਾਇਦ ਨਾਸਤਿਕਤਾ ਦੀ ਛੂਹ ਪ੍ਰਾਪਤ ਫ਼ਲਸਫ਼ੇ ਦੇ ਆਧਾਰ ਉੱਤੇ ਉਸਰੇ ਸੋਵੀਅਤ ਸਾਮਰਾਜ ਅਤੇ ਸਮਾਜ ਦੇ ਰੇਤ ਦੇ ਮਹਿਲ ਵਾਂਗ ਢਹਿ-ਢੇਰੀ ਹੋ ਜਾਣ ਦਾ ਮੂਲ ਕਾਰਣ ਹੈ।

੩. ਪਰਮ-ਸੱਤ ਦੀ ਗਤੀ ਅਤੇ ਉਸ ਦੇ ਹੁਕਮ ਅੰਦਰ ਰਹਿਣ ਦੀਆਂ ਸੀਮਾਵਾਂ ਨੂੰ ਜਾਣਨ ਤੋਂ ਬਾਅਦ ਗੁਰੂ ਨਾਨਕ ਨੇ ਸਾਰੇ ਜੱਗ ਦੀਆਂ ਸਮੱਸਿਆਵਾਂ ਦਾ ਜਾਤੀ ਅਨੁਭਵ ਕਰਨ ਲਈ ਇੱਕ ਵੱਡਾ ਹੰਭਲਾ ਮਾਰਿਆ ਜਿਸ ਨੂੰ ਭਾਈ ਗੁਰਦਾਸ 'ਪਿਛੋਂ ਦੇ ਫਿਰ ਘਾਲ ਕਮਾਈ' ਦੇ ਸ਼ਬਦਾਂ ਵਿੱਚ ਦੱਸਦੇ ਹਨ।ਏਸ ਮਹਾਂਯੱਗ, ਸੰਸਾਰ-ਮੰਥਨ ਦਾ ਵਿਸਥਾਰ ਨਾਲ ਕੀਤਾ ਯਤਨ ਜਨਮ ਸਾਖੀਆਂ ਵਿੱਚ ਮਿਲਦਾ ਹੈ ਜਿਸ ਨੂੰ ਨਾ ਸਮਝਣ ਦੀ ਹੈਂਕੜ ਨਾਲ ਜੂਝ ਰਹੇ ਕੁਝ ਪੱਛਮੀ ਵਿਦਵਾਨਾਂ ਨੇ ਏਸ ਵਰਤਾਰੇ ਨੂੰ 'ਇਤਿਹਸ ਦੀ ਜ਼ੱਦ ਤੋਂ ਬਾਹਰ' (ਹ□ਗਿਗਰ□ਪਹੇ) ਦੀ ਸੰਗਿਆ ਦਿੱਤੀ ਹੈ।ਇਨ੍ਹਾਂ ਘਾਲਣਾਵਾਂ ਦਾ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਭਰਪੂਰ ਜ਼ਿਕਰ ਮਿਲਦਾ ਹੈ।ਇਹ ਅਭਿਯਾਨ ਗੁਰੂ ਨਾਨਕ ਨੂੰ ਸਾਰੇ ਸੰਸਾਰ ਦੇ ਦੌਰੇ ਉੱਤੇ ਲੈ ਗਿਆ : 'ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ॥' ਉਨ੍ਹਾਂ ਤੋਂ ਪਹਿਲਾਂ ਹੋਏ ਸਾਰੇ ਪੈਗੰਬਰਾਂ, ਅਵਤਾਰਾਂ ਨੇ ਰਲ ਕੇ ਏਨਾਂ ਭ੍ਰਮਣ ਮਨੁੱਖ-ਮਾਤਰ ਦੀਆਂ ਸਮੱਸਿਆਵਾਂ ਜਾਣਨ ਅਤੇ ਉਨ੍ਹਾਂ ਦਾ ਹੱਲ ਸੁਝਾਉਣ ਲਈ ਨਹੀਂ ਕੀਤਾ ਜਿੰਨਾਂ ਗੁਰੂ ਨਾਨਕ ਨੇ (ਚੜ੍ਹਿਆ ਸੋਧਨ ਧਰਤ ਲੁਕਾਈ - ਭਾਈ ਗੁਰਦਾਸ, ਵਾਰ ੧-੨੪-੮)। ਗੁਰੂ ਨੇ ਇੱਕ ਆਧੁਨਿਕ ਤੱਤ-ਵੇਤਾ ਵਿਗਿਆਨੀ ਅਥਵਾ ਸਮਾਜਕ ਖੋਜੀ ਦੀ ਰੀਤ ਚਲਾਈ।ਸੰਸਾਰ ਦੇ ਵੱਧ ਤੋਂ ਵੱਧ ਜਾਗਦੇ ਮਨੁੱਖਾਂ ਨਾਲ ਸੰਪਰਕ ਕਰ ਕੇ ਉਨ੍ਹਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸਮਾਧਾਨ ਲਈ ਆਪਣੇ ਸੁਝਾਅ ਪੇਸ਼ ਕੀਤੇ।ਵੱਡੇ-ਵੱਡੇ ਧਰਮ ਦੇ ਠੇਕੇਦਾਰਾਂ ਨਾਲ ਤੁਹਾਡੀਆਂ ਸੈਮੀਨਾਰਾਂ ਦੀ ਤਰਜ਼ ਉੱਤੇ ਗੋਸ਼ਟੀਆਂ ਰਚਾਈਆਂ ਅਤੇ ਲਾਹੇਵੰਦ ਨਿਸ਼ਕਰਸ਼ ਕੱਢਣ ਦੇ ਢੰਗ-ਤਰੀਕੇ ਈਜਾਦ ਕੀਤੇ।ਪੁਰਾਤਨ ਅਵਤਾਰਾਂ, ਪੈਗੰਬਰਾਂ ਦੀ ਇੱਕ-ਤਰਫ਼ੇ ਪ੍ਰਵਚਨ ਕਰਨ ਦੀ ਰੀਤ ਨੂੰ ਤਜ ਕੇ ਸੰਵਾਦ (ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥- ਗੁਰੂ ਗ੍ਰੰਥ, ੬੬੧) ਦੇ ਨਵੇਂ ਸਾਧਨ, ਮਿਆਰ ਅਤੇ ਹੱਦਾਂ-ਬੰਨੇ ਸਿਰਜੇ (ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥- ਗੁਰੂ ਗ੍ਰੰਥ, ੨੨)।ਵੱਧ ਤੋਂ ਵੱਧ ਆਮ ਲੋਕਾਂ ਨਾਲ ਸੰਪਰਕ ਕਰ ਕੇ ਨਵੇਂ ਨਿਆਰੇ ਢੰਗ-ਤਰੀਕਿਆਂ ਨਾਲ ਉਹਨਾਂ ਦੇ ਅੰਤਰ-ਮਨਾਂ ਤੱਕ ਪਹੁੰਚ ਕੀਤੀ ਜਿਵੇਂ ਕਿ ਅੱਜ ਦੀਆਂ ਸੰਚਾਰ ਪੱਧਤੀਆਂ ਕਰ ਰਹੀਆਂ ਹਨ।ਵਾਰਤਾਲਾਪ ਵਿੱਚ ਸੁਣਨ ਦੀ ਪ੍ਰਕਿਰਿਆ, ਕਹਿਣ ਅਤੇ ਮੰਨਣ ਦੇ ਮਹੱਤਵ ਦੀ ਵਿਸਥਾਰ ਨਾਲ ਵਿਆਖਿਆ ਕੀਤੀ।ਦੈਵੀ ਕਾਬਲੀਅਤ ਨਾਲ ਉਹਨਾਂ ਸੰਚਾਰ ਪੱਧਤੀ ਅਤੇ ਸਿੱਖਿਆ ਪ੍ਰਣਾਲੀ ਦੇ ਮੁੱਢਲੇ ਨੇਮਾਂ ਨੂੰ ਲਾਗੂ ਕੀਤਾ। ਇਸ ਦਾ ਵਿਸ਼ਲੇਸ਼ਣ ਕਰੀਏ ਤਾਂ ਜਾਣਾਂਗੇ ਕਿ ਉਹਨਾਂ ਦੇ ਭ੍ਰਮਣ ਨੇ ਹੈਰਾਨੀਜਨਕ ਹੱਦ ਤੱਕ ਅਚੇਤ ਮਨੁੱਖੀ-ਮਨਾਂ ਨੂੰ ਟੁੰਬਿਆ:ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

੪. ਏਸੇ ਨਵੀਂ ਵਿਕਸਤ ਕੀਤੀ ਸੋਚ-ਪੱਧਤੀ ਦਾ ਇੱਕ ਅਹਿਮ ਅੰਗ ਸੀ ਲੋਕਾਂ ਦੀ ਆਪਣੀ ਬੋਲੀ ਨੂੰ ਫ਼ਲਸਫ਼ੇ, ਕੋਮਲ-ਕਲਾਵਾਂ, ਇਤਿਹਾਸ, ਸਾਹਿਤ, ਪ੍ਰਬੰਧਕੀ ਮਸਲਿਆਂ, ਤਕਨੀਕੀ ਬਾਰੀਕੀਆਂ ਆਦਿ ਨੂੰ ਬਿਆਨ ਕਰਨ ਦਾ ਇੱਕ ਵਧੀਆ ਜ਼ਰੀਆ ਬਣਾਉਣਾ।ਇਸ ਮਕਸਦ ਲਈ ਗੁਰੂ ਨੇ ਸਭ ਤੋਂ ਪੁਰਾਤਨ ਬੋਲੀ ਪੰਜਾਬੀ ਦੀ ਪਹਿਲਾਂ ਲਿਪੀ ਬਣਾਈ।ਲਿਪੀ ਵੀ ਐਸੀ ਕਿ ਹਰ ਕਿਸਮ ਦੀ ਆਵਾਜ਼ ਨੂੰ ਲਿਖਤ ਵਿੱਚ ਢਾਲਣ ਦੇ ਸਮਰੱਥ ਹੋਵੇ।ਉਹਨਾਂ ਆਪਣੇ ਗੂੜੇ ਵੈਣੁ (ਬਚਨ) ਅਪਾਰੁ ਵੀ ਏਸੇ ਬੋਲੀ ਵਿੱਚ ਏਹੋ ਲਿਪੀ ਵਰਤ ਕੇ ਲਿਖੇ। ਲਿਖਣ-ਪ੍ਰਬੰਧ ਇਸ ਪ੍ਰਕਾਰ ਦਾ ਕੀਤਾ ਕਿ ਨਾ ਓਸ ਵਿੱਚ ਅੱਖਰ, ਲਗ, ਮਾਤ੍ਰਾ ਦਾ ਵਾਧਾ ਕੀਤਾ ਜਾ ਸਕੇ ਨਾ ਘਾਟਾ।ਨਿਸਚੇ ਹੀ ਉਹਨਾਂ ਦੇ ਸਾਹਮਣੇ ਅਨੇਕਾਂ ਨਜ਼ੀਰਾਂ ਸਨ ਜੋ ਦੱਸਦੀਆਂ ਸਨ ਕਿ ਲਿਖਤਾਂ ਦਾ ਮੁਹਾਂਦਰਾ ਵਿਗਾੜਨ ਵਿੱਚ ਆਖੇਪਕਾਰਾਂ ਨੇ ਵੱਡੀਆਂ ਮੱਲਾਂ ਮਾਰੀਆਂ ਸਨ।ਮਹਾਤਮਾ ਬੁੱਧ ਦਾ ਇੱਕ ਵੀ ਪ੍ਰਵਚਨ ਉਸੇ ਰੂਪ ਵਿੱਚ ਨਹੀਂ ਮਿਲਦਾ ਜਿਸ ਰੂਪ ਵਿੱਚ ਉਹਨਾਂ ਕਦੇ ਉਚਾਰਿਆ ਹੋਵੇਗਾ।ਪੈਗੰਬਰਾਂ ਦੇ ਕਹੇ ਲਫ਼ਜ਼ ਦੀਵਾ ਲੈ ਕੇ ਭਾਲਿਆਂ ਵੀ ਅੰਜੀਲ ਵਿੱਚ ਨਹੀਂ ਲੱਭਦੇ।ਮਹਿਜ਼ ਅਠਾਰਾਂ ਸਲੋਕਾਂ ਤੋਂ ਵਧ ਕੇ ਸ੍ਰੀ ਮਦ ਭਗਵਤ ਗੀਤਾ ਅਠਾਰਾਂ ਅਧਿਆਇ ਬਣ ਚੁੱਕੀ ਹੈ।ਅਸੀਂ ਜਾਣਦੇ ਹਾਂ ਕਿ ਕਬੀਰ ਬੀਜਕ ਵਿੱਚ ਅਸਾਧਾਰਣ ਵਾਧਾ ਹੋਇਆ ਹੈ ਜਿਸ ਨੇ ਏਸ ਨੂੰ ਭੀਮਕਾਯ ਗ੍ਰੰਥ ਬਣਾ ਦਿੱਤਾ ਹੈ।ਨਾ ਜਾਣੇ ਕਿੰਨੇ ਮਹਾਂ-ਪੁਰਖਾਂ ਦੇ ਮਨੁੱਖਤਾ ਨੂੰ ਸੇਧ ਦੇਣ ਲਈ ਉਚਾਰੇ ਕੀਮਤੀ ਬੋਲ ਆਖੇਪਕਾਰਾਂ ਦੇ ਢਹੇ ਚੜ੍ਹ ਕੇ ਘੱਟੇ ਵਿੱਚ ਰੁਲ ਗਏ ਹੋਣਗੇ।ਇਹ ਕਹਿਣਾ ਵੀ ਸੰਭਵ ਨਹੀਂ ਕਿ ਕਿੰਨੇ ਹੀਰੇ, ਰਤਨ ਆਖੇਪਕਾਰਾਂ ਨੇ ਕੌਡੀਆਂ ਵਿੱਚ ਜੜ ਦਿੱਤੇ ਹੋਣਗੇ। ਗੁਰੂ ਨਾਨਕ ਮਹਾਂ-ਪਰੋਪਕਾਰੀ ਨੇ ਆਪਣੇ ਜਗਤ-ਕਲਿਆਣਕਾਰੀ ਬੋਲਾਂ ਨੂੰ ਸਾਂਭਣ ਦਾ ਅਜਿਹਾ ਨਿੱਗਰ ਉਪਰਾਲਾ ਕੀਤਾ ਕਿ ਅੱਜ ਵੀ ਉਹ ਸਾਨੂੰ ਉਸੇ ਰੂਪ ਵਿੱਚ ਓਹੋ ਨਿਰਮਲ ਆਭਾ ਪ੍ਰਸਾਰਦੇ ਨਜ਼ਰ ਆ ਰਹੇ ਹਨ।ਉਹਨਾਂ ਦਾ ਪੰਜਾਬੀ ਬੋਲੀ ਨੂੰ ਅਦੁੱਤੀ ਬਲ਼ ਬਖ਼ਸ਼ਣ ਦਾ ਕਾਰਨਾਮਾ ਇੰਨਾ ਮਹਾਨ ਹੈ ਕਿ ਉਹਨਾਂ ਨੂੰ ਹਰ ਆਉਣ ਵਾਲੇ ਯੁੱਗ ਦੇ ਹਾਣ ਦਾ ਸਥਾਪਤ ਕਰਨ ਲਈ ਕਾਫ਼ੀ ਹੈ।

੫. ਗੁਰੂ ਨੇ ਇੱਕ ਬੇਹੱਦ ਸਾਧੇ ਮਨ ਵਾਲੇ ਓਸ ਵਿਗਿਆਨੀ ਵਾਂਗ, ਜਿਹੜਾ ਆਪਣੇ ਪ੍ਰਬਲ ਮਨੋ-ਵੇਗਾਂ ਉੱਤੇ ਕਾਬੂ ਪਾ ਕੇ, ਖੰਡਿਤ ਬਿਰਤੀਆਂ ਨੂੰ ਇਕਾਗਰ ਕਰ ਕੇ ਆਪਣੀ ਸਾਧਨਾ ਦੇ ਕੇਂਦਰ ਉੱਤੇ ਆਪਣਾ ਧਿਆਨ ਟਿਕਾ ਕੇ 'ਜੋ ਵੇਖਿਦਾ ਸੋ ਆਖਦਾ' ਹੈ ਦੇ ਪ੍ਰਮਾਣ ਅਨੁਸਾਰ ਅਕਾਲ ਪੁਰਖ ਦੇ ਗੁਣਾਂ ਦਾ ਨਿਰੂਪਣ ਕੀਤਾ।ਏਸ ਵਿਰਾਟ ਵਿਧੀ ਰਾਹੀਂ ਉਹਨਾਂ ਨੇ ਅਕਾਲ ਪੁਰਖ ਨੂੰ 'ਆਦਿ ਤੋਂ ਸਥਾਪਤ, ਜੁਗਾਂ ਦੇ ਗੇੜਾਂ ਵਿੱਚ ਅਟੱਲ, ਹੁਣ ਭੀ ਸੱਚ ਅਤੇ ਸਦ-ਰਹਿਣਾ' ਮਨਮੋਹਣਾ ਸੱਤ-ਸਰੂਪ ਪਰਗਟ ਕੀਤਾ। ਆਪਣੀਆਂ ਮਹੱਤਵਾਕਾਂਖਿਆਵਾਂ ਲਈ ਸੂਈ ਦੇ ਨੱਕੇ ਜਿੰਨੀ ਵੀ ਥਾਂ ਨਾ ਰੱਖੀ।ਇਹ ਐਸਾ ਕਾਰਨਾਮਾ ਹੈ ਜੋ ਵੱਡੇ-ਵੱਡੇ ਵਲੀ, ਅਵਤਾਰ, ਪੈਗੰਬਰ ਵੀ ਨਾ ਕਰ ਸਕੇ; ਨਾ ਹੀ ਪਰਬਤਾਂ ਦੀਆਂ ਟੀਸੀਆਂ ਦੇ ਹਾਣ ਦੇ ਵਿਗਿਆਨੀ। ਆਪਣੇ ਵਿਚਾਰਾਂ ਦੀ ਮਹੱਤਤਾ ਸਥਾਪਤ ਕਰਨ ਲਈ ਕਈਆਂ ਨੇ ਪ੍ਰਮਾਤਮਾ ਤੋਂ ਬੇਕਾਬੂ ਬੁਰਾਈ ਦੇ ਸੰਕਲਪ ਨੂੰ ਸਿਰਜਿਆ।ਨਾਸਤਕ ਬੁੱਧ ਧਰਮ ਨੂੰ ਵੀ 'ਮਾੜੇ' ਦੇ ਸੰਕਲਪ ਦੀ ਲੋੜ ਭਾਸੀ।ਵਿਗਿਆਨੀਆਂ ਵੱਲ ਆਈਏ ਤਾਂ ਇਸ ਪ੍ਰਵਿਰਤੀ ਨੂੰ ਹੋਰ ਬਲਵਾਨ ਹੁੰਦਾ ਵੇਖਾਂਗੇ। ਇੱਕ ਪ੍ਰਮੁੱਖ ਵਿਗਿਆਨੀ ਨੇ ਆਪਣੇ ਵੱਡੇ ਸਹਿਯੋਗੀ ਨੂੰ ਪੱਤਰ ਲਿਖਿਆ ਕਿ ਮਨੁੱਖ ਤਾਂ ਅਜੇ ਵੀ ਆਪਣੇ ਦਿਮਾਗ਼ ਦਾ ਛੋਟਾ ਜਿਹਾ ਹਿੱਸਾ ਵਰਤ ਰਿਹਾ ਹੈ; ਅਸੀਂ ਇਸ ਦੇ ਬਾਂਦਰਾਂ ਤੋਂ ਵਿਕਾਸ ਕਰ ਕੇ ਏਥੇ ਪਹੁੰਚਣ ਨੂੰ ਏਸ ਤੱਥ ਤੋਂ ਨਿਖੇੜ ਕੇ ਕਿਵੇਂ ਨੁੰਮ੍ਹਣਾ ਦੇ ਸਕਦੇ ਹਾਂ? ਓਸ ਨੂੰ ਚੁੱਪ ਰਹਿਣ ਦੀ ਹਿਦਾਇਤ ਕਰਦਿਆਂ ਸੰਖੇਪ ਜਵਾਬ ਦਿੱਤਾ ਗਿਆ,'ਆਪਣੇ ਬੱਚੇ ਨੂੰ ਆਪੇ ਨਾ ਮਾਰੋ।' ਗੁਰੂ ਨਾਨਕ ਪਾਤਸ਼ਾਹ ਨੇ ਐਸਾ ਕੁਈ ਹਰਬਾ ਨਾ ਵਰਤਿਆ ਅਤੇ ਹਰ ਕਿਸਮ ਦੀ ਸੰਗ, ਭਰਮ, ਦੁਬਿਧਾ ਦਾ ਤਿਆਗ ਕਰ ਕੇ ਹਰ ਹਾਲ ਨਿਰੋਲ ਸੱਚ ਦਾ ਪੱਲਾ ਫੜੀ ਰੱਖਿਆ।ਇਹ ਏਨੀਂ ਵੱਡੀ ਗੱਲ ਹੈ ਕਿ ਚੋਟੀ ਦੇ ਸੰਸਾਰੀ ਮਨੁੱਖਾਂ ਨੂੰ ਇਸ ਪੱਧਰ ਤੱਕ ਪੁੱਜਣ ਲਈ ਅਜੇ ਸਦੀਆਂ ਲੱਗ ਜਾਣਗੀਆਂ।'ਏਸ ਪ੍ਰਸਤਾਵ ਵਿੱਚ ਮੇਰੇ ਲਈ ਕੀ ਹੈ?' ਉੱਤੇ ਨਿਰੰਤਰ ਕਾਂ-ਅੱਖ ਰੱਖਣ ਵਾਲੇ ਲੋਕ ਗੁਰੂ ਨਾਨਕ ਨੂੰ ਕਿਵੇਂ ਸਮਝਣਗੇ?

੬. ਮਾੜੇ, ਸੇਟਨ, ਸ਼ੈਤਾਨ ਦੇ ਸੰਕਲਪ ਨੂੰ ਗੁਰੂ ਨੇ ਸਿਧਾਂਤਹੀਣ ਅਤੇ ਆਪੇ ਪਛਾਣੇ ਸੱਚ ਦੇ ਵਿਪਰੀਤ ਪਾਇਆ। ਅਜਿਹੇ ਸੰਕਲਪ ਨੂੰ ਤਿਆਗਣ ਲਈ ਉਹ ਇੱਕ ਪਲ਼ ਵੀ ਨਾ ਝਿਜਕੇ ਹਾਲਾਂਕਿ ਏਸ ਦਾ ਸਹਾਰਾ ਲੈ ਕੇ ਅਨੇਕਾਂ ਮਹਾਂਪੁਰਖਾਂ (ਜਾਂ ਉਹਨਾਂ ਦੇ ਚੇਲਿਆਂ) ਨੇ ਆਪਣੀਆਂ ਝੋਲੀਆਂ ਫ਼ੋਕੇ 'ਯਸ਼' ਨਾਲ ਭਰੀਆਂ।ਭਾਈ ਗੁਰਦਾਸ ਨੇ ਏਸ ਸਥਿਤੀ ਦੀ ਵਿਆਖਿਆ ਕਰਦਿਆਂ ਕਿਹਾ ਹੈ,ਹਉਮੈਂ ਅੰਦਰ ਸਭਕੋ ਡੁਬੇ ਗੁਰੂ ਸਣੇਂ ਬਹੁ ਚੇਲੇ॥ ਇਹ ਅੱਖਰ ਲਿਖਦਿਆਂ ਉਹਨਾਂ ਦੀ ਨਜ਼ਰ ਜਤੀ, ਸਤੀ, ਸਾਧਿਕ, ਸਿਧ, ਨਾਥ, ਦੇਵੀਆਂ, ਦੇਵ, ਰਿਖੀਸਰ, ਭੈਰਉ, ਖੇਤਰਪਾਲ, ਗਣ, ਗੰਧਰਬ, ਅਪਸਰਾ, ਕਿਨਰ, ਰਾਖਸ਼ ਕਈ ਕੌਮਾਂ ਦੇ ਪੀਰ ਪੈਕੰਬਰ ਆਦਿ ਸਭ ਸਨ। ਆਪਣੇ ਮਹੱਤਵ ਨੂੰ ਸਥਾਪਤ ਕਰਨ ਤੋਂ ਗ਼ੁਰੇਜ਼ ਕਰ ਕੇ ਨਿਰੋਲ ਸੱਚ ਦੇ ਲੜ ਲੱਗੇ ਰਹਿਣਾ ਕੇਵਲ ਗੁਰੂ ਨਾਨਕ ਦੇ ਹਿੱਸੇ ਹੀ ਆਇਆ ਹੈ। ਤਾਂ ਹੀ ਤਾਂ ਕਥਾ ਚੱਲੀ ਸੀ ਪ੍ਰਮਾਤਮਾ ਨੂੰ ਰਿਝਾ ਕੇ ਇੱਕ ਪਾਈਆ ਗਰੀਬੀ (ਹਲੀਮੀ) ਦਾ ਦਾਨ ਮੰਗਣ ਵਾਲੇ ਸਾਧਕ ਦੀ।ਅਕਾਲ ਪੁਰਖ ਦਾ ਜਵਾਬ ਸੀ, 'ਇਹ ਨਹੀਂ ਹੋ ਸਕਦਾ; ਮੇਰੇ ਘਰ ਇਹ ਵਸਤ ਹੈ ਨਹੀਂ।ਕੁੱਲ ਗਰੀਬੀ ਇੱਕ ਸੇਰ ਸੀ;ਓਸ ਵਿੱਚੋਂ ਇਕੱਲਾ ਨਾਨਕ ਤਿੰਨ ਪਾ ਲੈ ਗਿਆ; ਅੱਧਾ ਪਾਈਆ ਸਾਰੇ ਸੰਸਾਰ ਵਿੱਚ ਵੰਡੀ ਹੋਈ ਹੈ।ਬਾਕੀ ਕੇਵਲ ਅੱਧਾ ਪਾ ਹੀ ਹੈ।'

੭. ਆਪਣੇ ਚੇਲੇ ਮੁੰਨਣ ਦੀ ਥਾਂਵੇਂ, ਆਪਣੇ ਵਾੜੇ ਵਿੱਚ ਭੇਡਾਂ ਇਕੱਠੀਆਂ ਕਰਨ ਦੀ ਬਜਾਏ ਜਗਤ-ਗੁਰੂ ਨਾਨਕ ਨੇ ਹਰ ਧਰਮ ਦੇ ਮਨੁੱਖ ਦੇ ਜੀਵਨ-ਮੁਕਤ ਹੋ ਕੇ, ਪ੍ਰਮਾਤਮਾ ਰੂਪ ਧਾਰ ਕੇ ਸੰਸਾਰ ਵਿੱਚ ਆਜ਼ਾਦੀ ਨਾਲ ਵਿਚਰਨ ਦਾ ਗਾਡੀ ਰਾਹ ਸਦਾ ਲਈ ਸਥਾਪਤ ਕੀਤਾ।ਮਰਨ ਤੋਂ ਬਾਅਦ ਮੁਕਤੀ ਦੇ ਭਰਮ ਨੂੰ ਤਿਆਗਿਆ, ਨਰਕ-ਸਵਰਗ ਦੇ ਲਾਰੇ ਤਿਆਗੇ ਅਤੇ ਪ੍ਰਮਾਤਮਾ ਦੇ ਗੁਣਾਂ ਨੂੰ ਸਹਿਜੇ-ਸਹਿਜੇ ਗ੍ਰਹਿਣ ਕਰਦਿਆਂ ਅਕਾਲ-ਰੂਪ ਹੋ ਸੰਸਾਰ ਉੱਤੇ ਜਿਊਣ ਦੀ ਜਾਚ ਦੱਸੀ।ਮੁਕਤੀ, ਨਿਰਵਾਣ ਜਾਂ ਪ੍ਰਮਾਤਮਾ ਦੀ ਪ੍ਰਾਪਤੀ, ਜੋ ਆਮ ਸਾਧਕਾਂ ਦੇ ਜੀਵਨ ਦਾ ਇੱਕੋ-ਇੱਕ ਨਿਸ਼ਾਨਾ ਹੈ, ਗੁਰੂ ਨਾਨਕ (ਜਿਸ ਨੇ 'ਪਹਿਲਾਂ ਬਖ਼ਸ਼ ਦਰ' ਪਾਇਆ ਸੀ- ਭਾਈ ਗੁਰਦਾਸ, ੧-੨੪-੧) ਨੂੰ ਗੁਰੂ ਮੰਨਣ ਵਾਲਿਆਂ ਲਈ ਇਹ ਅਧਿਆਤਮਕ ਜੀਵਨ ਦਾ ਪਹਿਲਾ ਕਦਮ ਹੈ।ਓਸ ਤੋਂ ਬਾਅਦ ਦਾ ਜੀਵਨ ਪ੍ਰਮਾਤਮਾ-ਰੂਪ ਹੋ ਕੇ ਸੰਸਾਰ ਦੇ ਭਲ਼ੇ ਹਿਤ, ਆਪਣੇ ਆਲੇ-ਦੁਆਲੇ ਨੂੰ ਸੰਭਾਲਦੇ-ਸੁਆਰਦੇ, ਆਪਣੀ ਘਾਲ-ਕਮਾਈ ਉੱਤੇ ਨਿਰਭਰ ਹੁੰਦਿਆਂ ਆਪਣੇ ਤੋਂ ਕਮਜ਼ੋਰਾਂ ਦੀ ਮਦਦ ਕਰਦੇ ਹੋਏ (ਘਾਲਿ ਖਾਇ ਕਿਛੁ ਹਥਹੁ ਦੇਇ॥- ਗੁਰੂ ਗ੍ਰੰਥ, ੧੨੪੫) ਗ੍ਰਹਿਸਥੀ ਜੀਵਨ ਜਿਊਣ ਦਾ ਹੀ ਗੁਰੂ ਦਾ ਉਪਦੇਸ਼ ਹੈ।ਆਧੁਨਿਕ ਸਮਿਆਂ ਵਿੱਚ ਹਰ ਉੱਤਮ ਨਿਸ਼ਠਾਵਾਨ ਮਨੁੱਖ, ਹਰ ਸੰਸਥਾ ਅਤੇ ਹਰ 'ਵੈਲਫ਼ੇਅਰ' ਰਾਜ ਆਪਣਾ ਏਹੋ ਨਿਸ਼ਾਨਾ ਜਾਣਦਾ ਹੈ।ਗੁਰੂ ਨਾਨਕ ਤੋਂ ਪਹਿਲਾਂ ਕਿਸੇ ਸਰਕਾਰ ਦਾ ਇਹ ਨਿਸ਼ਾਨਾ ਨਹੀਂ ਸੀ।'ਰਾਜੇ ਸੀਹ ਮੁਕਦਮ ਕੁਤੇ॥'(ਗੁਰੂ ਗ੍ਰੰਥ, ੧੨੮੮) ਦੀ ਪ੍ਰਵਿਰਤੀ ਪ੍ਰਧਾਨ ਸੀ।ਏਥੋਂ ਤੱਕ ਕਿ ਕਈ ਧਾਰਮਕ ਸੰਸਥਾਵਾਂ ਵੀ ਸਰਕਾਰ ਦੀ ਤਰਜ਼ ਉੱਤੇ ਲੋਕਾਂ ਦਾ ਸ਼ੋਸ਼ਣ ਕਰਦੀਆਂ ਸਨ।ਇਹ ਉਹਨਾਂ ਦੀਆਂ ਧਾਰਮਕ ਭਾਵਨਾਵਾਂ ਤੱਕ ਨੂੰ ਅਧਿਆਤਮਕ ਅਤੇ ਸਮਾਜਕ ਗ਼ੁਲਾਮੀ ਵਿੱਚ ਜਕੜਨ ਵੱਲ ਵਧਦੀਆਂ ਸਨ।ਯੂਰਪ ਵਿੱਚ ਰੋਮਨ ਕੈਥੋਲਿਕ ਚਰਚ ਤਕਰੀਬਨ ਰਾਜਿਆਂ ਜਿੰਨੀਆਂ ਜ਼ਮੀਨਾਂ ਉੱਤੇ ਕਾਬਜ ਸੀ ਅਤੇ ਉਸ ਦੇ ਮੁਜਾਰਿਆਂ ਦੀ ਹਾਲਤ ਸਰਕਾਰੀ ਮੁਜਾਰਿਆਂ ਨਾਲੋਂ ਬਦਤਰ ਸੀ। ਗ਼ੁਲਾਮ ਵੀ ਰੱਖਦਾ ਸੀ।ਹੋਰ ਨੇੜੇ ਆਈਏ ਤਾਂ ਅਮਰੀਕਨ ਸੰਵਿਧਾਨ ਵਿੱਚ ਅਜ਼ਾਦੀ ਦੇ ਸੋਹਲੇ ਗਾਉਣ ਵਾਲਾ ਅਮਰੀਕਾ ਦਾ ਪਹਿਲਾ ਸਦਰ ਜੌਰਜ ਵਸ਼ਿੰਗਟਨ ਵੀ ਆਪਣੇ ਖੇਤਾਂ ਵਿੱਚ ਗ਼ੁਲਾਮਾਂ ਦੀ ਮਦਦ ਨਾਲ ਖੇਤੀ ਕਰਦਾ ਸੀ।ਫ਼ਰਾਂਸ ਦੀ ਕ੍ਰਾਂਤੀ ਨਾਲ ਸਬੰਧਤ ਮਨੁੱਖੀ ਅਧਿਕਾਰਾਂ ਦਾ ਦਸਤਾਵੇਜ਼ ਵੀ ਗੁਰੂ ਨਾਨਕ ਤੋਂ ਢਾਈ ਸੌ ਸਾਲ ਬਾਅਦ ਲਿਖਿਆ ਗਿਆ।

**ਚਲਦਾ (ਬਾਕੀ ਅਗਲੇ ਹ.ਫਤੇ)**

# ਸਿੰਘ ਸਭਾ ਲਹਿਰ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

29 ਮਾਰਚ, 1849 ਨੂੰ ਪੰਜਾਬ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਯਾਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ, ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ ਪਰ ਗੁਰੂ ਡੰਮ ਦਾ ਜ਼ੋਰ ਹੋਣ ਕਰ ਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ, ਜਿਨ੍ਹਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14-15 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਕੁ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ-ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਨ੍ਹਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖ ਰਾਜ ਆਦਿ ਨੇ ਅੰਗਰੇਜ਼ੀ ਸ਼ਹਿ 'ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸ. ਅਮਰ ਸਿੰਘ ਮੀਤ ਸਕੱਤਰ, ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਉਨ੍ਹਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਯਾਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ। ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਸਭਾ ਪ੍ਰਚਾਰ ਦਾ ਕੰਮ ਤੁਰਿਆ ਪਰ ਇਸ ਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ਼ ਰੱਖਦੇ ਸਨ। ਸ. ਠਾਕੁਰ ਸਿੰਘ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਭੋਗਣ ਦੇ ਜ਼ੋਰ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ-ਮਾਤਰ ਜਿਹਾ ਹੋ ਗਿਆ।

ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਨ੍ਹਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ-

1. ਸਿੱਖ ਧਰਮ ਦੀ ਵਿਸਰੀ ਮਰਯਾਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ। ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3.ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ।
4. ਪੰਜਾਬੀ ਬੋਲੀ ਵਿਚ ਅਖ਼ਬਾਰ/ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਤੇ ਸਰਕਾਰੀ ਅਫ਼ਸਰਾਂ ਨੂੰ



ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ।
7. ਹਕੂਮਤ ਨਾਲ ਟਕਰਾਓ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿੱਥੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਤ ਕੀਤਾ। ਇਸ ਵਿਸ਼ੇ 'ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਤੇ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮਾਂ ਦਾ ਵੇਰਵਾ ਦਿੱਤਾ।
2. ਵਿਦਿਅਕ ਪੰਜਾਬ-ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ।
4. ਸੰਨ 1886 ਵਿਚ ਰਸਾਲਾ ਸੁਧਾਰਕ-ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਹੀ ਖ਼ਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ, ਛਾਪਿਆ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਵਿਖੇ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਸਥਾਪਤ ਹੋਣ ਲੱਗੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਈ. ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ, ਜਿਸ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ ਸਪਤਾਹਿਕ ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ 'ਚ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮੱਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1880 ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਵੀ ਸੀ ਜੋ ਮਰਯਾਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁ-ਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ ਸੀ, ਜੋ ਇਸ ਦੇ ਵਿਰੋਧੀ ਸਨ।

ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ ਜਿਸ ਦੇ ਵੀ ਕਾਰਗਾਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਇਸ ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ, ਜਿਨ੍ਹਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਦੇ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। ਸੰਨ 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ 'ਖ਼ਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਯਾਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖ਼ਾਲਸਾ ਦੀਵਾਨ, ਅਕਾਲੀ ਲਹਿਰ ਨੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ, ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਬਾ ਇਤਿਹਾਸ ਹੈ।

# ਥਾਪਿਆ ਲਹਿਣਾ ਜੀਵਦੇ....

**ਵਿਕਰਮਜੀਤ ਸਿੰਘ ਤਿਹਾੜਾ**
ਸੰਪਰਕ : +91 98555 34961

ਬਿਖੜੇ ਰਾਹਾਂ ਦਾ ਪਾਂਧੀ ਬਣਨਾ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨਾ ਗੁਰੂ ਨਾਨਕ ਦੇਵ ਜੀ ਦੇ ਹਿੱਸੇ ਆਇਆ। ਸੱਚਾਈ ਤੋਂ ਦੂਰ ਜਾ ਚੁੱਕੇ ਹੈਵਾਨ ਬਣੇ ਮਨੁੱਖ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣਾ ਹੀ ਗੁਰੂ ਨਾਨਕ ਦੇਵ ਜੀ ਦਾ ਧਰਮ ਸੀ। ਉਹਨਾਂ ਦੇ ਜੀਵਨ ਦਾ ਉਦੇਸ਼ ਅਤੇ ਉਦੇਸ਼ ਪ੍ਰਾਪਤੀ ਦਾ ਤਰੀਕਾ ਵੀ ਨਿਵੇਕਲਾ ਸੀ। ਉਹਨਾਂ ਫੋਕਟ ਪਰੰਪਰਾਵਾਂ ਨੂੰ ਵੰਗਾਰਿਆ ਅਤੇ ਨਵੀਆਂ ਪੈੜਾਂ ਨੂੰ ਉਲੀਕਿਆ। ਇਕ ਨਵਾਂ ਮਾਰਗ ਜਿਸ ਦੇ ਪਾਂਧੀ ਇਕ ਪ੍ਰਮੇਸ਼ਵਰ ਨੂੰ ਮੰਨਣ ਵਾਲੇ ਸੱਚ ਦੇ ਧਾਰਨੀ ਹੋਣ। ਇਕ ਐਸਾ ਆਦਰਸ਼ਿਕ ਮਨੁੱਖ ਸਿਰਜਿਆ, ਜੋ ਤੰਗ ਦਿਲੀਆਂ ਤੋਂ ਦੂਰ ਅਤੇ ਖੁੱਲੇ ਆਸਮਾਨ ਹੇਠ ਵਿਚਰਦਾ ਹੋਇਆ ਕੁਦਰਤੀ ਆਰਤੀ ਕਰਨ ਵਾਲਾ ਹੋਵੇ। ਜੋ ਕੁਦਰਤ ਨਾਲ ਇਕਸੁਰ, ਸਦ-ਗੁਣਾਂ ਦਾ ਧਾਰਨੀ ਅਤੇ ਸਿੱਖਣ ਦੀ ਪ੍ਰਵਿਰਤੀ ਵਾਲਾ ਸਿਖਾਂਦਰੂ ਹੋਵੇ। ਇਸ ਕਾਰਜ ਦੀ ਪੂਰਤੀ ਲਈ ਉਹਨਾਂ ਸਫ਼ਰ ਨੂੰ ਹੀ ਆਪਣੀ ਮੰਜ਼ਿਲ ਬਣਾ ਲਿਆ। ਚਾਰ ਉਦਾਸੀਆਂ, ਚੱਲਦੇ ਰਹਿਣਾ, ਹਰ ਘਰ ਤੱਕ ਸੱਚ ਦੀ ਆਵਾਜ਼ ਨੂੰ ਲੈ ਕੇ ਜਾਣਾ, ਲਿਤਾੜਿਆਂ ਦੀ ਗੱਲ ਕਰਨੀ ਅਤੇ ਉਹਨਾਂ ਨੂੰ ਉਪਰ ਉਠਾਉਣਾ ਗੁਰੂ ਨਾਨਕ ਸਾਹਿਬ ਦੀ ਮਹਾਨਤਾ ਹੈ।

ਕਰਤਾਰਪੁਰ ਦੀ ਧਰਤੀ, ਜਿੱਥੇ ਉਹਨਾਂ ਦੀ ਸੇਵਾ ਵਿੱਚ ਆ ਹਾਜ਼ਿਰ ਹੋਇਆ ਇਕ ਸੇਵਕ ਜੋ ਸੱਚਮੁੱਚ ਸੇਵਕ ਬਣਿਆ। ਗੁਰੂ ਨਾਨਕ ਸਾਹਿਬ ਦਾ ਹੁਕਮ ਮੰਨਦਾ ਹੋਇਆ ਉਹਨਾਂ ਦਾ ਹੀ ਰੂਪ ਹੋ ਗਿਆ। ਉਹ ਜਿਸ ਨੇ ਗੁਰੂ ਨਾਨਕ ਸਾਹਿਬ ਨੂੰ ਸਮਝਿਆ, ਉਹਨਾਂ ਦੇ ਉਦੇਸ਼ (ਮਿਸ਼ਨ) ਨੂੰ ਜਾਣਿਆ ਅਤੇ ਉਸ ਲਈ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ। ਕਈ ਪਰੀਖਿਆਵਾਂ ਵੀ ਹੋਈਆਂ ਪਰ ਉਹ ਸੂਰਾ ਸਫ਼ਲ ਹੋਇਆ। ਉਹ ਗੁਰੂ ਨਾਨਕ ਸਾਹਿਬ ਦਾ ਸੱਚਾ ਸੇਵਕ ਬਣਿਆ। ਗੁਰੂ ਜੀ ਨੇ ਜਾਣ ਲਿਆ ਕਿ ਇਹ ਸੇਵਕ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੈ। ਉਹਨਾਂ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣ ਵਾਲਾ ਹੈ। ਉਹਨਾਂ ਪਰੰਪਰਾ ਅਨੁਸਾਰ ਆਪਣਾ ਉੱਤਰਾਧਿਕਾਰੀ ਆਪਣੇ ਪੁੱਤਰ ਨੂੰ ਨਹੀਂ ਚੁਣਿਆ ਕਿਉਂਕਿ ਜੋ ਯੋਗ ਹੈ ਉਹ ਅਧਿਕਾਰੀ ਹੈ। ਇਹ ਚੱਲਦੇ ਵਹਾਅ ਦਾ ਰੁੱਖ ਮੋੜਨਾ ਸੀ। ਇਹੀ ਸਿੱਖੀ ਹੈ। ਇਹ ਗੁਰੂ ਨਾਨਕ ਸਾਹਿਬ ਦਾ ਧਰਮ ਹੈ ਕਿ ਤੋੜ ਦਿਓ ਬੰਧਨਾਂ ਨੂੰ ਅਤੇ ਤੋੜ ਦਿਓ ਪੈਰੀਂ ਪਈਆਂ ਉਹਨਾਂ ਜ਼ੰਜ਼ੀਰਾਂ ਨੂੰ ਜਿਨਾਂ ਨੇ ਮਨੁੱਖ ਨੂੰ ਮਨੁੱਖ ਤੋਂ ਦੂਰ ਕੀਤਾ ਹੋਇਆ ਹੈ। ਗੁਰੂ ਜੀ ਨੇ ਉਸ ਨੂੰ ਚੁਣਿਆ ਜੋ ਯੋਗ ਸੀ। ਜੋ ਹੱਕਦਾਰ ਸੀ ਅਤੇ ਲੈਣ ਵਾਲਾ ਸੀ। ਭਾਈ ਲਹਿਣਾ, ਜਿਨਾਂ ਨੂੰ ਗੁਰੂ ਨਾਨਕ ਸਾਹਿਬ ਨੇ ਗੁਰਿਆਈ ਦੇ ਕੇ ਗੁਰੂ ਅੰਗਦ ਬਣਾ ਦਿੱਤਾ। ਭਾਵ ਉਹਨਾਂ ਦਾ ਅੰਗ। ਸਰੀਰ ਬਦਲ ਗਿਆ, ਜੋਤ ਉਹੀ ਰਹੀ। ਉਦੇਸ਼ ਵੀ ਉਹੀ। ਭਾਈ ਲਹਿਣਾ ਤੋਂ ਗੁਰੂ ਅੰਗਦ ਬਣ ਗੁਰੂ ਨਾਨਕ ਸਾਹਿਬ ਹੀ ਵਿਚਰੇ। ਉਹਨਾਂ ਨੇ ਵੀ ਸਿੱਖੀ ਦੇ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਮਹਾਨ ਕਾਰਜਾਂ ਨੂੰ ਕੀਤਾ। ਸਾਨੂੰ ਸਾਡੇ ਅੱਖਰਾਂ ਵਿੱਚ ਸਮਝਾਇਆ। ਗੁਰਮੁਖੀ ਲਿੱਪੀ ਉਹਨਾਂ ਦੀ ਮਹਾਨ ਦੇਣ ਹੈ। ਜਿਨਾਂ ਨੂੰ ਤੁਸੀਂ ਹੁਣ ਪੜ ਰਹੇ ਹੋ ਇਹ ਉਹੀ ਅੱਖਰ ਨੇ। ਪਰੰਪਰਾ ਨੂੰ ਤੋੜ ਗਿਆਨ ਨੂੰ ਲੋਕ ਭਾਸ਼ਾ ਰਾਹੀਂ ਲੋਕਾਂ ਲਈ ਪ੍ਰਗਟ ਕਰ ਦਿੱਤਾ। ਸਿੱਖੀ ਜੋ ਲੋਕਾਈ ਲਈ ਹੈ, ਉਹ ਲੋਕਾਈ ਤੱਕ ਪਹੁੰਚਿਆ। ਗੁਰੂ ਅੰਗਦ ਦੇਵ ਜੀ 'ਬਾਲ ਬੋਧ' ਤਿਆਰ ਕਰ ਆਪ ਖਡੂਰ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮੁਖੀ ਦੀ ਵਿਦਿਆ ਦਿੰਦੇ। ਲੰਗਰ ਪ੍ਰਥਾ ਦਾ ਵਿਕਾਸ, ਮੱਲ ਅਖਾੜੇ ਦੀ ਸਥਾਪਨਾ, ਸਿੱਧਾਂ ਨਾਲ ਗੋਸ਼ਟਿ ਅਤੇ ਜਨਮ ਸਾਖੀ ਨੂੰ ਲਿਖਵਾਉਣਾ ਉਹਨਾਂ ਦੇ ਅਹਿਮ ਕਾਰਜ ਸਨ। ਇਹ ਗੁਰੂ ਅੰਗਦ ਸਾਹਿਬ ਦੀ ਕਰਾਮਾਤ ਸੀ ਕਿ ਖਡੂਰ ਸਾਹਿਬ ਦੀ ਧਰਤੀ 'ਤੇ ਕੁਦਰਤੀ ਨੂਰ ਵਰਸਣ ਲੱਗਾ।

ਅਸਲ ਵਿੱਚ ਗੁਰਿਆਈ ਪਰੰਪਰਾ ਹੀ ਸੀ ਜਿਸ ਨਾਲ ਸਿੱਖ ਧਰਮ ਆਪਣੇ ਨਿਸ਼ਾਨੇ 'ਤੇ ਅੱਪੜ ਸਕਿਆ। ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹੀ ਆਪਣਾ ਉਤਰਾਧਿਕਾਰੀ ਚੁਣ ਕੇ ਆਪਣੇ ਇਨਕਲਾਬੀ ਮਿਸ਼ਨ ਦੀ ਜ਼ਿੰਮੇਵਾਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ।

"ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥"
(ਵਾਰਾਂ ਭਾਈ ਗੁਰਦਾਸ ਜੀ)

# ਸਿੰਧ ਦੇ ਸਿੱਖਾਂ ਵੱਲੋਂ 550 ਵੇਂ ਪ੍ਰਕਾਸ਼ ਦਿਹਾੜੇ ਮੌਕੇ ਨਗਰ ਕੀਰਤਨ ਕੱਢਣ ਦਾ ਫੈਸਲਾ : ਰਮੇਸ਼ ਸਿੰਘ ਖਾਲਸਾ

**ਕਰਾਚੀ/ਏਟੀ ਨਿਊਜ਼ :**
ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਦੇ ਵਿਸ਼ਵ-ਵਿਆਪੀ ਉਤਸਵ ਦੇ ਹਿੱਸਾ ਬਣਨ ਦੀ ਇੱਛਾ ਨਾਲ ਸਿੰਧ ਪ੍ਰਾਂਤ ਵਿਚ ਵਸਦੇ ਸਿੱਖ ਭਾਈਚਾਰੇ ਨੇ ਇਕ ਵਿਸ਼ਾਲ ਸਮਾਗਮ ਦੀਆਂ ਤਿਆਰੀਆਂ ਤੇਜ਼ ਕਰ ਲਈਆਂ ਹਨ। ਇਸ ਸਬੰਧ ਵਿਚ ਪਾਕਿਸਤਾਨ ਸਿੱਖ ਕੌਂਸਲ, ਗੁਰੂ ਨਾਨਕ ਦਰਬਾਰ ਕਰਾਚੀ ਅਤੇ ਸਰਬੱਤ ਦਾ ਭਲਾ ਜਥਾ ਪਾਕਿਸਤਾਨ ਵੱਲੋਂ ਸਿੱਖ ਯਾਤਰੀ ਰੇਲਗੱਡੀ ਰਾਹੀਂ ਕਰਾਚੀ ਤੋਂ ਨਨਕਾਣਾ ਸਾਹਿਬ ਸ਼ਹਿਰ ਲਈ ਨਗਰ ਕੀਰਤਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਨਗਰ ਕੀਰਤਨ ਇਕ ਸਿੱਖ ਰੀਤੀ ਰਿਵਾਜ ਹੈ ਜਿਸ ਵਿਚ ਸਮੁੱਚੇ ਭਾਈਚਾਰੇ ਵੱਲੋਂ ਪਵਿੱਤਰ ਸ਼ਬਦ ਗਾਉਣਾ ਸ਼ਾਮਲ ਹੁੰਦਾ ਹੈ। ਗੁਰਦੁਆਰਾ ਨਨਕਾਣਾ ਸਾਹਿਬ, ਪੰਜਾਬ ਪ੍ਰਦੇਸ਼ ਦੇ ਨਨਕਾਣਾ ਸਾਹਿਬ ਜ਼ਿਲ੍ਹੇ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ।

ਪਾਕਿਸਤਾਨ ਸਿੱਖ ਕੌਂਸਲ ਦੇ ਮੁਖੀ ਸਰਦਾਰ ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ, ਸਿੱਖ ਕੌਮ ਲਈ ਇਹ ਇਤਿਹਾਸਕ ਦਿਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਵਸ 'ਤੇ ਵਿਸ਼ਵ ਭਰ ਵਿਚ ਵਸਦੇ ਭਾਈਚਾਰੇ ਦੇ ਲੋਕਾਂ ਲਈ ਇਸ ਤੋਂ ਵੱਡੀ ਖੁਸ਼ੀ ਹੋਰ ਕੋਈ ਨਹੀਂ ਹੋ ਸਕਦੀ।

ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਅਕਤੂਬਰ ਦੇ ਅੱਧ ਵਿਚ ਰੇਲ ਮਾਰਗ ਰਾਹੀਂ ਨਗਰ ਕੀਰਤਨ ਦਾ ਪ੍ਰਬੰਧ ਕਰਨ ਦਾ ਮੁੱਖ ਉਦੇਸ਼ ਸਦਭਾਵਨਾ ਦੇ ਸੰਦੇਸ਼ ਨੂੰ ਫੈਲਾਉਣਾ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਰਾ ਜੀਵਨ ਪੱਖਪਾਤ ਮੁਕਤ ਸਮਾਜ ਦੀ ਵਕਾਲਤ ਕਰਦਿਆਂ ਲੰਮਾ ਸਫਰ ਕੀਤਾ।

ਰਮੇਸ਼ ਸਿੰਘ ਖਾਲਸਾ ਪਹਿਲਾਂ ਹੀ ਫੈਡਰਲ ਰੇਲਵੇ ਮੰਤਰੀ ਸ਼ੇਖ ਰਸ਼ੀਦ ਅਹਿਮਦ, ਸੈਨੇਟ ਦੇ ਚੇਅਰਮੈਨ ਸਦੀਕ ਸੰਜਰਾਣੀ, ਧਾਰਮਿਕ ਮਾਮਲਿਆਂ ਅਤੇ ਅੰਤਰ-ਵਿਸ਼ਵਾਸ ਲਈ ਸੰਘੀ ਮੰਤਰੀ ਨੂਰੁਲ ਹਕ ਕਾਦਰੀ ਅਤੇ ਪਾਕਿਸਤਾਨ ਰੇਲਵੇ ਕਰਾਚੀ ਦੇ ਮੰਡਲ ਸੁਪਰਡੈਂਟ ਸਈਦ ਮਜ਼ਹਰ ਅਲੀ ਸ਼ਾਹ ਨਾਲ ਮਿਲ ਚੁੱਕੇ ਹਨ। ਪਾਕਿਸਤਾਨ ਸਿੱਖ ਕੌਂਸਲ ਦੇ ਮੁਖੀ ਨੇ ਕਿਹਾ ਕਿ ਇਹ ਸਾਰੇ ਰੇਲ ਜਲੂਸ ਦਾ ਪ੍ਰਬੰਧ ਕਰਨ ਵਿੱਚ ਸਹਾਇਤਾ ਕਰ ਰਹੇ ਹਨ।


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਸਿੱਖ ਇਤਿਹਾਸ ਵਿਚ ਕਾਰ-ਸੇਵਾ ਦਾ ਆਗਮਨ ਅਤੇ ਆਧੁਨਿਕ ਸਰੂਪ

ਦੀ ਰਚਨਾ ਵਿੱਚ ਸੰਗਤਾਂ ਵਲੋਂ ਬਿਨਾਂ ਇਵਜ਼ਾਨੇ ਦੇ ਵੱਡੀ ਗਿਣਤੀ ਵਿੱਚ ਸੇਵਾ ਕਰਨ ਲਈ ਪਹੁੰਚਣ ਪਿਛੇ ਲੰਮਾ ਇਤਿਹਾਸਕ ਅਮਲ ਕਾਰਜਸ਼ੀਲ ਹੈ।

ਜਦ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਆਰੰਭ ਕੀਤੀ ਤਾਂ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਆਪਣੇ ਹੱਥੀਂ ਟੱਕ ਲਾਇਆ। ਦਰਅਸਲ ਜਿਸ ਜਗ੍ਹਾ ਅੱਜ ਸ੍ਰੀ ਅੰਮ੍ਰਿਤਸਰ ਮੌਜੂਦ ਹੈ ਉਥੇ ਉਸ ਸਮੇਂ ਨਿਰਮਲ ਜਲ ਦੀ ਇੱਕ ਢਾਬ ਸੀ। ਪਹਿਲਾਂ ਗੁਰੂ ਸਾਹਿਬ ਨੇ ਉਸ ਢਾਬ ਦੀ ਗਾਰ ਕੱਢਣ ਦੀ ਸੇਵਾ ਲਾਈ। ਇਸੇ ਨੂੰ ਹੀ ਮਹਾਂਕਵੀ ਸੰਤੋਖ ਸਿੰਘ ਜੀ ਨੇ 'ਕਾਰ' ਆਖਿਆ ਹੈ। ਇਸ ਕਾਰ-ਸੇਵਾ ਦੌਰਾਨ ਗਾਰ ਕੱਢ ਕੇ ਇੱਕ ਪਾਸੇ ਸੁੱਟੀ ਗਈ ਜਿਥੇ ਇਕ ਉੱਚੀ ਠੇਗ੍ਹੀ ਬਣ ਗਈ। ਪੰਚਮ ਪਾਤਸ਼ਾਹ ਜੀ ਨੇ ਉਸੇ ਗਾਰ ਵਾਲੀ ਥਾਂ 'ਤੇ ਆਪਣੇ ਲਈ ਆਸਣ ਬਣਵਾਇਆ, ਜੋ ਕੋਠਾ ਸਾਹਿਬ ਕਰਕੇ ਜਾਣਿਆ ਗਿਆ। ਜਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਤਾਂ ਪੰਚਮ ਪਾਤਸ਼ਾਹ ਨੇ ਮਰਿਯਾਦਾ ਥਾਪੀ ਕਿ ਹਰ ਰੋਜ਼ ਰਾਤ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ/ਪੋਥੀ ਸਾਹਿਬ, ਕੋਠਾ ਸਾਹਿਬ ਵਿਖੇ ਸੁਖ-ਆਸਣ ਗ੍ਰਹਿਣ ਕਰਨਗੇ ਅਤੇ ਗੁਰੂ ਅਰਜਨ ਦੇਵ ਜੀ ਆਪ ਭੁੰਜੇ ਆਸਣ ਲਾਉਣ ਲੱਗੇ। ਇਸੇ ਮਰਿਆਦਾ ਅਨੁਸਾਰ ਅੱਜ ਵੀ ਕੋਠਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸੁਖਆਸਣ ਵਾਲੇ ਪਲੰਘ ਹੇਠਾਂ ਜਮੀਨ ਉੱਪਰ ਇੱਕ ਆਸਣ ਲਾਇਆ ਜਾਂਦਾ ਹੈ। ਇਸੇ ਜਗ੍ਹਾ ਤੇ ਛੇਵੇਂ ਸਤਿਗੁਰ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਰਚਨਾ ਕੀਤੀ। ਹਜ਼ੂਰ ਪਾਤਸ਼ਾਹ ਦੁਆਰਾ ਕਾਰ-ਸੇਵਾ ਦੁਆਰਾ ਕੱਢੀ ਗਾਰ ਨੂੰ ਇਤਨੀ ਮਹਾਨਤਾ ਦਾ ਦਰਜਾ ਦੇਣਾ ਅਵੱਸ਼ ਹੀ ਗੁੱਝੀ ਰਮਜ਼ ਹੈ। ਇਸ ਪ੍ਰਕਾਰ ਸਰੋਵਰ ਦੀ ਕਾਰ-ਸੇਵਾ ਰਾਹੀਂ ਇੱਕ ਮਹਾਨ ਪ੍ਰੰਪਰਾ ਦਾ ਆਰੰਭ ਹੋਇਆ ਜੋ ਅੱਜ ਤੱਕ ਨਿਰਵਿਘਨ ਜਾਰੀ ਹੈ।

ਕਾਰ-ਸੇਵਾ ਸੰਪ੍ਰਦਾਇ ਖਡੂਰ ਸਾਹਿਬ :- ਗੁਰੂ ਸਾਹਿਬਾਨ ਤੋਂ ਬਾਅਦ ਮਹਾਨ ਕਰਨੀ ਵਾਲੇ ਮਹਾਂ ਪੁਰਖਾਂ ਦੇ ਜੀਵਨ ਉਪਰ ਅਧਾਰਿਤ ਸੰਪ੍ਰਦਾਇ ਹੋਂਦ ਵਿੱਚ ਆਏ ਹਨ, ਜਿਵੇਂ ਬਾਬਾ ਹਰਨਾਮ ਸਿੰਘ ਭੁੱਚੋ ਮੰਡੀ ਵਾਲੇ, ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲੇ, ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲੇ ਅਤੇ ਸੰਤ ਤੇਜਾ ਸਿੰਘ ਜੀ ਬੜੂ ਸਾਹਿਬ ਵਾਲਿਆਂ ਦੇ ਜੀਵਨ ਅਮਲ ਨਾਲ ਹੋਂਦ ਵਿਚ ਆਏ ਸੰਪ੍ਰਦਾਇ ਆਦਿ। ਇਹ ਵੀ ਨਾਮ ਸਿਮਰਨ, ਕੀਰਤਨ, ਕਥਾ ਅਤੇ ਆਧੁਨਿਕ ਵਿਦਿਅਕ ਖੇਤਰ ਨਾਲ ਜੁੜੀਆਂ ਸੰਪ੍ਰਦਾਵਾਂ ਹਨ। ਇਸੇ ਤਰ੍ਹਾਂ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਤੋਂ ਆਰੰਭ ਹੋਈ ਕਾਰ-ਸੇਵਾ ਬ੍ਰਹਮ ਗਿਆਨੀ ਬਾਬਾ ਗੁਰਮੁਖ ਸਿੰਘ ਜੀ ਦੇ ਪਵਿੱਤਰ ਜੀਵਨ ਰਾਹੀਂ ਹੁਣ ਇੱਕ ਸੰਪ੍ਰਦਾਇ ਦੇ ਰੂਪ ਵਿੱਚ ਪੰਥ ਪ੍ਰਵਾਨਿਤ ਹੋ ਚੁੱਕੀ ਹੈ। ਬਾਬਾ ਗੁਰਮੁਖ ਸਿੰਘ ਜੀ ਜਦ ਪਿੰਡ ਬਧੌਸ਼ੀ ਜ਼ਿਲ੍ਹਾ ਪਟਿਆਲਾ ਤੋਂ ਬਾਬਾ ਬੀਰਮ ਦਾਸ ਜੀ ਦੀ ਆਗਿਆ ਨਾਲ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਉਹਨਾਂ ਨਾਲ ਬਾਬਾ ਸਾਧੂ ਸਿੰਘ ਜੀ ਅਤੇ ਬਾਬਾ ਨੰਦ ਸਿੰਘ ਜੀ (ਨਿਹੰਗ ਸਿੰਘ) ਵੀ ਆਏ ਸਨ। ਬਾਬਾ ਗੁਰਮੁਖ ਸਿੰਘ ਜੀ ਅਤੇ ਬਾਬਾ ਸਾਧੂ ਸਿੰਘ ਜੀ ਨੂੰ ਹੰਸਾਂ ਦੀ ਜੋੜੀ ਵੀ ਕਿਹਾ ਜਾਂਦਾ ਸੀ। ਬਾਬਾ ਸ਼ਾਮ ਸਿੰਘ ਆਟਾ ਮੰਡੀ ਵਾਲੇ ਬਾਬਾ ਗੁਰਮੁਖ ਸਿੰਘ ਦੀ ਆਤਮਕ ਉੱਚਤਾ ਨੂੰ ਪਛਾਣ ਗਏ ਅਤੇ ਉਹਨਾਂ ਨੇ ਬਾਬਾ ਜੀ ਨਾਲ ਮਿਲ ਕੇ ਅੰਮ੍ਰਿਤਸਰ ਵਿਚ ਨਾਮ ਬਾਣੀ ਦਾ ਪ੍ਰਵਾਹ ਫਿਰ ਤੋਂ ਜਾਰੀ ਕਰ ਦਿੱਤਾ। ਵਰਣਨਜੋਗ ਹੈ ਕਿ ਅੰਗ੍ਰੇਜ਼ੀ ਰਾਜ ਸਮੇਂ ਸ੍ਰੀ ਹਰਿਮੰਦਰ ਸਾਹਿਬ ਅਤੇ ਨਾਲ ਲਗਦੀਆਂ ਕਈ ਇਮਾਰਤਾਂ ਸਿੱਖ ਸਿਧਾਂਤਾਂ ਦੀ ਥਾਂ ਕੁਝ ਹੋਰ ਅਨਮਤਾਂ ਦੇ ਪਸਾਰ ਹੇਠ ਆ ਗਈਆਂ ਸਨ। ਅੰਮ੍ਰਿਤਸਰ ਦੇ ਲੋਕ ਇੰਨੇ ਨਾ-ਅਹਿਲ ਹੋ ਗਏ ਸਨ ਕਿ ਆਪਣੇ ਘਰਾਂ ਦਾ ਗੰਦਾ ਪਾਣੀ ਅਤੇ ਹੋਰ ਕੂੜਾ ਕਰਕਟ ਸੰਤੋਖਸਰ ਵਿਚ ਪਾ ਦਿੰਦੇ ਸਨ। ਸਰੋਵਰ ਬਦਬੂ ਮਾਰਨ ਲੱਗਾ ਸੀ। ਅੰਗਰੇਜ਼ ਮਿਊਂਸੀਪਲ ਅਫ਼ਸਰ ਨੇ ਮਹਾਂਮਾਰੀ ਫੈਲਣ ਦੇ ਡਰੋਂ ਮਜਬੂਰੀ ਵੱਸ ਸੰਤੋਖਸਰ ਸਰੋਵਰ ਨੂੰ ਪੂਰਨ ਦਾ ਮਤਾ ਪਾਸ ਕਰ ਦਿੱਤਾ। ਜਦ ਇਹ ਖ਼ਬਰ ਸ਼ਹੀਦ ਬੁੰਗੇ ਬਾਬਾ ਗੁਰਮੁਖ ਸਿੰਘ ਜੀ ਦੇ ਟਿਕਾਣੇ ਪਹੁੰਚੀ, ਉਸ ਵੇਲੇ ਬਾਬਾ ਸ਼ਾਮ ਸਿੰਘ ਅਤੇ ਬਾਬਾ ਗੁਰਮੁਖ ਸਿੰਘ ਜੀ ਪੰਥ ਦੀ ਨਿਘਰੀ ਹੋਈ ਹਾਲਤ ਬਾਰੇ ਹੀ ਵਿਚਾਰਾਂ ਕਰ ਰਹੇ ਸਨ। ਇਸ ਖ਼ਬਰ ਨਾਲ ਸਿੱਖ ਸੰਗਤਾਂ ਦੀ ਆਤਮਾ ਝੰਜੋੜੀ ਗਈ। ਬਾਬਾ ਗੁਰਮੁਖ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਿਆ ਕਰਦੇ ਸਨ। ਉਸੇ ਰਾਤ ਦੇ ਦੀਵਾਨ ਵਿਚ ਹੀ ਉਹਨਾਂ ਸੰਤੋਖਸਰ ਦੀ ਕਾਰ-ਸੇਵਾ ਆਰੰਭ ਕਰਨ ਦਾ ਐਲਾਨ ਕਰ ਦਿੱਤਾ।

ਬਾਬਾ ਗੁਰਮੁਖ ਸਿੰਘ ਜੀ ਦੀ ਆਤਮਕ ਉੱਚਤਾ ਕਾਰਨ ਪੰਥ ਦੀਆਂ ਬਹੁਤ ਹੀ ਸਨਮਾਨਜੋਗ ਹਸਤੀਆਂ ਉਹਨਾਂ ਨਾਲ ਜੁੜ ਗਈਆਂ। ਕਾਰਸੇਵਾ ਦੇ ਕਾਰਜਾਂ ਨੂੰ ਨਿਰਵਿਘਨ ਚਲਾਉਣ ਲਈ ਇਕ ਵਾਰ ਬਾਬਾ ਗੁਰਮੁਖ ਸਿੰਘ ਨੇ ਅਰਦਾਸ ਕੀਤੀ ਕਿ ਪੰਝੀ ਨੇਮੀ ਸਿੱਖ ਕਾਰਸੇਵਾ ਵਿਚ ਹਾਜ਼ਰ ਹੋਣ। ਹੌਲੀ ਹੌਲੀ ਇਹ 25 ਸੇਵਕ ਕਾਰਸੇਵਾ ਵਿਚ ਸ਼ਾਮਲ ਹੋਏ। ਇਹਨਾਂ ਵਿਚ ਸਮਕਾਲੀਆਂ ਵਜੋਂ ਬਾਬਾ ਸ਼ਾਮ ਸਿੰਘ ਆਟਾ ਮੰਡੀ ਵਾਲੇ, ਬਾਬਾ ਸਾਧੂ ਸਿੰਘ ਜੀ, ਬਾਬਾ ਝੰਡਾ ਸਿੰਘ ਜੀ, ਬਾਬਾ ਉੱਤਮ ਸਿੰਘ ਜੀ, ਬਾਬਾ ਗੁਰਦੇਵ ਸਿੰਘ, ਬਾਬਾ ਹਜਾਰਾ ਸਿੰਘ ਜੀ ਕਾਰ ਸੇਵਾ ਡੇਰਾ ਖਡੂਰ ਸਾਹਿਬ, ਬਾਬਾ ਖੜਕ ਸਿੰਘ ਜੀ ਬੀੜ ਸਾਹਿਬ ਵਾਲੇ, ਬਾਬਾ ਦਲੀਪ ਸਿੰਘ ਜੀ, ਬਾਬਾ ਜੀਵਨ ਸਿੰਘ ਜੀ ਡੇਰਾ ਤਰਨਤਾਰਨ ਸਾਹਿਬ, ਬਾਬਾ ਹਰਬੰਸ ਸਿੰਘ ਜੀ, ਬਾਬਾ ਕਰਨੈਲ ਸਿੰਘ ਜੀ, ਬਾਬਾ ਤਾਰਾ ਸਿੰਘ ਜੀ ਦਿੱਲੀ ਵਾਲੇ, ਬਾਬਾ ਅਮਰ ਸਿੰਘ ਜੀ ਨਨਕਾਣਾ ਸਾਹਿਬ, ਬਾਬਾ ਦਲੀਪ ਸਿੰਘ ਜੀ, ਬਾਬਾ ਖਜਾਨ ਸਿੰਘ ਜੀ ਛਾਬੜੀ ਸਾਹਿਬ, ਬਾਬਾ ਬਘੇਲ ਸਿੰਘ ਜੀ, ਬਾਬਾ ਪ੍ਰੀਤਮ ਸਿੰਘ ਜੀ, ਬਾਬਾ ਅਮਰ ਸਿੰਘ ਜੀ ਮੁਕਤਸਰ ਸਾਹਿਬ ਵਾਲੇ ਅਤੇ ਬਾਬਾ ਬਖਸੀਸ ਸਿੰਘ ਜੀ ਗੜ੍ਹੀ ਸਾਹਿਬ ਵਾਲੇ ਸ਼ਾਮਿਲ ਹਨ। ਇੱਥੇ ਵਰਣਿਤ ਪ੍ਰਮੁੱਖ ਡੇਰੇ ਹੁਣ ਪੂਰੇ ਭਾਰਤ, ਪਾਕਿਸਤਾਨ ਅਤੇ ਦੁਨੀਆ ਦੇ ਹਰ ਖਿੱਤੇ ਵਿਚ ਮੌਜੂਦ ਗੁਰਧਾਮਾਂ ਦੀ ਉਸਾਰੀ ਲਈ ਸੇਵਾ ਨਿਭਾਅ ਰਹੇ ਹਨ। ਇਸ ਤਰ੍ਹਾਂ ਬਾਬਾ ਗੁਰਮੁਖ ਸਿੰਘ ਜੀ ਰਾਹੀਂ ਕਾਰ-ਸੇਵਾ ਦੇ ਰੂਪ ਵਿਚ ਆਧੁਨਿਕ ਯੁੱਗ ਵਿਚ ਸਿੱਖਾਂ ਦੀ ਇਕ ਕੇਂਦਰੀ ਸੰਸਥਾ ਦਾ ਜਨਮ ਹੋਇਆ। ਕਾਰ ਸੇਵਾ ਦੁਆਰਾ ਕੀਤੇ ਜਾਣ ਵਾਲੇ ਪ੍ਰਮੁਖ ਕਾਰਜਾਂ ਵਿਚ ਸਰੋਵਰਾਂ ਦੀ ਸਫ਼ਾਈ, ਪੌੜ ਪੱਕੇ ਕਰਨਾ, ਪਰਿਕਰਮਾ ਦੀ ਸੇਵਾ, ਰਸਤਿਆਂ ਦੀ ਸੇਵਾ, ਹੰਸਲੀਆਂ ਪੱਕੀਆਂ ਕਰਨ ਦੀ ਸੇਵਾ, ਗੁਰਧਾਮਾਂ ਦੀ ਉਸਾਰੀ ਅਤੇ ਕਈ ਜਗ੍ਹਾ ਪੁਲ ਬਣਾਉਣ ਦੀ ਸੇਵਾ ਆਦਿ ਸ਼ਾਮਲ ਹਨ। ਬਾਬਾ ਜੀ ਨੇ ਇਸ ਸੰਸਥਾ ਦੇ ਕੁਝ ਨਿਯਮ ਥਾਪੇ ਜੋ ਅਚੇਤ ਰੂਪ ਵਿਚ ਅੱਜ ਵੀ ਉਸੇ ਤਰ੍ਹਾਂ ਨਿਰਵਿਘਨ ਜਾਰੀ ਹਨ। ਉਹਨਾਂ ਨੇ ਸੇਵਾਦਾਰਾਂ ਲਈ ਪੁਸ਼ਾਕ ਨਿਰਧਾਰਤ ਕੀਤੀ। ਰਾਜ ਭਾਗ ਪ੍ਰਾਪਤ ਹੋਣ ਨਾਲ ਸਿੱਖੀ ਵਿਚ ਦੋ ਕਿਸਮ ਦੀ ਪੁਸ਼ਾਕ ਪ੍ਰਚਲਤ ਹੋਈ ਸਾਹਿਬੀ ਅਤੇ ਸੇਵਕੀ। ਬਾਬਾ ਜੀ ਨੇ ਕਾਰ-ਸੇਵਾ ਦੇ ਸੇਵਾਦਾਰਾਂ ਲਈ ਸੇਵਕੀ ਪੁਸ਼ਾਕ ਨਿਰਧਾਰਤ ਕੀਤੀ ਤਾਂ ਕਿ ਸੇਵਾ ਵਿਚ ਕਿਸੇ ਕਿਸਮ ਦਾ ਸੰਕੋਚ, ਵਿਘਨ ਨਾ ਪਾਵੇ ਅਤੇ ਸੇਵਾਦਾਰ ਨਿਮਰਤਾ ਦਾ ਧਾਰਨੀ ਰਹੇ।ਬਾਬਾ ਜੀ ਹਰ ਰੋਜ਼ ਸੁਖਮਨੀ ਸਾਹਿਬ ਦੇ ਬਾਰਾਂ ਪਾਠ ਕਰਦੇ ਸਨ, ਮਗਰਲੀ ਉਮਰੇ ਉਹਨਾਂ ਨੇ ਪਾਠ ਸਰਵਣ ਕਰਨ ਦਾ ਨੇਮ ਬਣਾ ਲਿਆ ਪਰ ਪਾਠ ਬਾਰਾਂ ਹੀ ਰਹੇ। ਬਾਬਾ ਜੀ ਰੁਪਏ, ਪੈਸੇ ਆਦਿਕ ਮਾਇਆ ਨੂੰ ਹੱਥ ਨਹੀਂ ਸਨ ਲਾਉਂਦੇ ਪਰ ਕਾਰਜਾਂ ਵਾਸਤੇ ਮਾਇਆ ਲੋੜੀਂਦੀ ਸੀ, ਇਸ ਲਈ ਸੰਗਤਾਂ ਹਮੇਸ਼ਾ ਟੋਕਰੇ ਵਿਚ ਹੀ ਮਾਇਆ ਪਾਉਂਦੀਆਂ ਸਨ। ਪੁਰਾਣੇ ਸੇਵਾਦਾਰ ਦੱਸਦੇ ਹਨ ਕਿ ਬਾਬਾ ਗੁਰਮੁਖ ਸਿੰਘ ਜੀ ਨੇ ਕਦੇ ਮਾਇਆ ਗਿਣੀ ਨਹੀਂ ਸੀ।

ਉਹ ਅੰਮ੍ਰਿਤ ਛਕਣ ਲਈ ਪ੍ਰੇਰਦੇ ਸਨ ਪੂਰਨ ਰਹਿਤ ਮਰਿਆਦਾ ਦਾ ਪਹਿਰਾ ਰੱਖਦੇ ਸਨ ਅਤੇ ਸਤਿਨਾਮ ਵਾਹਿਗੁਰੂ ਦੇ ਮੰਤਰ ਜਾਪ ਵਿਚ ਅਥਾਹ ਬਰਕਤਾਂ ਹੋਣ ਬਾਰੇ ਦ੍ਰਿੜ ਸਨ। ਉਹ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਵਾਲੇ ਨੂੰ ਸੇਵਾਦਾਰਾਂ ਵਿਚ ਸ਼ਾਮਲ ਨਹੀਂ ਸਨ ਕਰਦੇ।ਸੰਤੋਖਸਰ ਦੀ ਕਾਰ ਸੇਵਾ ਸੰਪੂਰਨ ਹੋਣ ਤੋਂ ਬਾਅਦ ਬਾਬਾ ਗੁਰਮੁਖ ਸਿੰਘ ਜੀ ਨੇ ਖਡੂਰ ਸਾਹਿਬ ਦੀ ਪਵਿੱਤਰ ਧਰਤੀ ਤੇ ਕਾਰ ਸੇਵਾ ਆਰੰਭ ਕੀਤੀ ।ਫਿਰ ਡੇਰਾ ਖਡੂਰ ਸਾਹਿਬ ਨੂੰ ਹੀ ਆਪਣਾ ਮੁਕਾਮ ਬਣਾ ਲਿਆ ਅਤੇ ਇਥੋਂ ਹੀ ਨਨਕਾਣਾ ਸਾਹਿਬ ਆਦਿਕ ਸਥਾਨਾਂ ਦੀ ਕਾਰ ਸੇਵਾ ਲਈ ਜਾਂਦੇ ਰਹੇ।ਅੱਜ ਕਾਰ-ਸੇਵਾ ਡੇਰਾ ਖਡੂਰ ਸਾਹਿਬ ਨੇ ਪੰਥਕ ਸੇਵਾ ਵਿਚ ਵੱਡਾ ਮੁਕਾਮ ਹਾਸਿਲ ਕਰ ਲਿਆ ਹੈ। ਉਸਾਰੀ ਦੇ ਕਾਰਜਾਂ ਨਾਲ ਬਾਬਾ ਉਤਮ ਸਿੰਘ ਜੀ ਦੀ ਦੂਰਦ੍ਰਿਸ਼ਟੀ ਸਦਕਾ ਵਿਦਿਅਕ ਖੇਤਰ ਦੀਆਂ ਸੇਵਾਵਾਂ ਨੂੰ ਵੀ ਸ਼ਾਮਿਲ ਕਰ ਲਿਆ ਗਿਆ। ਹੁਣ ਬਾਬਾ ਸੇਵਾ ਸਿੰਘ ਜੀ ਨੇ ਵਾਤਾਵਰਨ ਦੇ ਨਾਲ-ਨਾਲ ਸਿੱਖ ਬੱਚਿਆਂ ਨੂੰ ਆਧੁਨਿਕ ਯੁੱਗ ਦੀਆਂ ਚੁਨੌਤੀਆਂ ਦੇ ਮੁਕਾਬਲੇ ਵਿਚ ਤਿਆਰ ਕਰਨ ਦਾ ਮਹਾਨ ਉਪਰਾਲਾ ਕੀਤਾ ਹੈ।

ਕਾਰ-ਸੇਵਾ ਸੰਪ੍ਰਦਾਇ ਪੰਥ ਦਾ ਸਭ ਤੋਂ ਵਧੇਰੇ ਕਾਰਜਸ਼ੀਲ ਅੰਗ ਹੈ। ਕਾਰ-ਸੇਵਾ ਸੰਪ੍ਰਦਾਇ ਦੇ ਸਰਬ-ਪ੍ਰਵਾਨਿਤ ਹੋਣ ਪਿੱਛੇ ਇਸ ਵਲੋਂ ਨਿਸ਼ਕਾਮ ਰੂਪ ਵਿਚ ਗੁਰਧਾਮਾਂ ਅਤੇ ਪੰਥਕ ਇਮਾਰਤਾਂ ਦੀ ਉਸਾਰੀ ਕਰਨਾ ਮਹੱਤਵਪੂਰਨ ਕਾਰਨ ਹੈ। ਅਸਲ ਵਿੱਚ ਕਾਰ-ਸੇਵਾ ਦੇ ਸਰਵ ਪ੍ਰਵਾਨਿਤ ਅਤੇ ਹਰਮਨ ਪਿਆਰਾ ਹੋਣ ਦਾ ਗੁਰ ਇਹ ਹੈ ਕਿ ਇਹ ਸੰਪ੍ਰਦਾਇ ਪੰਥਕ ਰਹਿਤ ਮਰਿਯਾਦਾ ਉੱਪਰ ਸਖ਼ਤੀ ਨਾਲ ਪਹਿਰਾ ਦਿੰਦੀ ਹੈ ਅਤੇ ਸੰਗਤਾਂ ਨੂੰ ਨਾਮ ਬਾਣੀ ਅਭਿਆਸ ਨਾਲ ਜੋੜਦਿਆਂ ਰਹਿਤ ਮਰਿਯਾਦਾ ਦ੍ਰਿੜ ਕਰਵਾਉਂਦੀ ਹੈ। ਇਸ ਸਮੇਂ ਵਿਸੇਸ਼ ਕਰਕੇ ਕਾਰ-ਸੇਵਾ ਡੇਰਾ ਖਡੂਰ ਸਾਹਿਬ ਨੇ ਕਾਰ-ਸੇਵਾ ਦਾ ਘੇਰਾ ਵਿਸ਼ਾਲ ਕਰਦਿਆਂ ਵਿਦਿਅਕ ਸੰਸਥਾਵਾਂ ਦੀ ਉਸਾਰੀ ਅਤੇ ਸੰਚਾਲਨ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਲਈ ਰੁੱਖ ਲਗਾਉਣ ਅਤੇ ਉਹਨਾਂ ਨੂੰ ਪਾਲਣ ਦੀ ਵੱਡੀ ਸੇਵਾ ਨਿਭਾਈ ਹੈ। ਖਡੂਰ ਸਾਹਿਬ ਵਿਖੇ ਹੀ ਨਿਸ਼ਾਨ-ਏ-ਸਿੱਖੀ ਨਾਂ ਦਾ ਅੱਠ ਮੰਜ਼ਿਲਾਂ ਖ਼ੂਬਸੂਰਤ ਅਤੇ ਅਤਿ ਆਧੁਨਿਕ ਸਹੂਲਤਾਂ ਵਾਲਾ ਬੁਰਜ ਬਣਾਕੇ ਸਿੱਖ ਪ੍ਰਤਿਭਾ ਪੈਦਾ ਕਰਨ ਦਾ ਭਵਿੱਖ ਮੁਖੀ ਉਪਰਾਲਾ ਕੀਤਾ ਹੈ।

ਕਾਰ-ਸੇਵਾ ਅਤੇ ਇਮਾਰਤਸਾਜ਼ੀ:-ਇਮਾਰਤਸਾਜ਼ੀ ਦਾ ਕੌਮੀ ਪੱਧਰ ਉੱਤੇ ਬਹੁਤ ਮਹੱਤਵ ਹੁੰਦਾ ਹੈ। ਇਮਾਰਤਾਂ ਕੇਵਲ ਵਰਤੋਂ ਲਈ ਹੀ ਨਹੀਂ ਬਣਾਈਆਂ ਜਾਂਦੀਆਂ , ਸਗੋਂ ਇਹਨਾਂ ਦਾ ਰੂਹਾਨੀ, ਇਤਿਹਾਸਕ ਅਤੇ ਸੱਭਿਆਚਰਕ ਮਹੱਤਵ ਬਹੁਤ ਵਡੇਰਾ ਹੁੰਦਾ ਹੈ।

ਗੁਰੂ ਮਹਾਰਾਜ ਨੇ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਪ੍ਰਗਟ ਕਰਨ ਲਈ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਰਚਨਾ ਕੀਤੀ।ਇਸਦਾ ਨਕਸ਼ਾ ਜੇਕਰ ਵਿਚਾਰਿਆ ਜਾਵੇ ਤਾਂ ਨਾਸਤਿਕਾਂ ਦਾ ਵੀ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ।ਇਲਾਹੀ ਨੂਰ ਦਾ ਮੁਜੱਸਮਾ ਇਹ ਇਮਾਰਤ ਸਿੱਖ ਕੌਮ ਲਈ ਭਵਿੱਖ ਵਿੱਚ ਬਣਨ ਵਾਲੀਆਂ ਸਮੂਹ ਇਮਾਰਤਾਂ ਲਈ ਚਾਨਣ ਦੀਆਂ ਰਿਸ਼ਮਾਂ ਬਿਖੇਰਦੀ ਹੈ।

ਜਦੋਂ ਸਤਿਗੁਰ ਸੱਚੇ ਪਾਤਸ਼ਾਹ ਨੇ ਹਰਿਮੰਦਰ ਦੀ ਰਚਨਾ ਕੀਤੀ ਤਾਂ ਇਸ ਵਿੱਚ ਦਾਖਲੇ ਲਈ ਇੱਕ ਪੁਲ ਬਣਾਇਆ ਗਿਆ ਜਿਸਦੀ ਲੰਬਾਈ ੮੪ ਕਦਮ ਰੱਖੀ ਗਈ। ਪੁਲ ਦੇ ਹੇਠਾਂ ਸਵ੍ਰਗਦੁਆਰੀਆਂ ਹਨ ਜੋ ਗਿਣਤੀ ਵਿੱਚ ੮੪ ਹਨ। ਅੰਦਰੋਂ ਹਰਿਮੰਦਰ ਖੁੱਲ੍ਹਾ ਹੈ ਅਤੇ ਇਸਦੇ ਚਾਰ ਦਿਸ਼ਾਵਾਂ ਵਿੱਚ ਚਾਰ ਦਰਵਾਜ਼ੇ ਹਨ ਤਾਂ ਕਿ ਸੰਗਤ ਦਾ ਸੰਕਲਪ ਪੂਰਾ ਹੋ ਸਕੇ, ਉਪਰ ਗੁੰਬਦ ਹੈ। ਗੁੰਬਦ ਦੇ ਉਪਰ ਕਮਲ ਦਾ ਫੁੱਲ ਹੈ। ਇਸ ਸਭ ਦੈਵੀ ਪ੍ਰਤੀਕ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਬਾਰੀਕ ਖ਼ੂਬੀਆਂ ਹਨ ਜੋ ਬਝਵੇਂ ਰੂਪ ਵਿਚ ਅਜੇ ਸਾਹਮਣੇ ਨਹੀਂ ਆ ਸਕੀਆਂ। ਸਿੱਖ ਇਮਾਰਤਸਾਜ਼ੀ ਦੇ ਪ੍ਰਤੀਕਾਂ ਦੀ ਵਿਆਖਿਆ ਅਕਾਦਮਿਕ ਜਗਤ ਦਾ ਧਿਆਨ ਮੰਗਦੀ ਹੈ। ਮਾਰਟਿਨ ਲਿੰਗਜ਼ ਲਿਖਦਾ ਹੈ ਕਿ ਆਧੁਨਿਕ ਮਨੁੱਖ ਦੀਆਂ ਬਹੁਤੀਆਂ ਸਮੱਸਿਆਵਾਂ ਇਸ ਕਰਕੇ ਉਪਜਦੀਆਂ ਹਨ ਕਿ ਉਸ ਨੂੰ ਪ੍ਰਤੀਕਾਂ ਦੀ ਵਿਆਖਿਆ ਨਹੀਂ ਕਰਨੀ ਆਉਂਦੀ। ਇਹ ਨਕਸ਼ਾ ਹਰਿਮੰਦਰ ਦੇ ਪ੍ਰਗਟ ਹੋਣ ਤੋਂ ਬਾਅਦ ਬਣਨ ਵਾਲੇ ਸਮੂਹ ਗੁਰੁਦਆਰਾ ਸਾਹਿਬਾਨ ਦੀਆਂ ਇਮਾਰਤਾਂ ਵਿੱਚ ਲਗਭਗ ਉਸੇ ਰੂਪ ਵਿੱਚ ਕਾਰਜਸ਼ੀਲ ਦਿਸਦਾ ਹੈ।

ਕਾਰ-ਸੇਵਾ ਰਾਹੀਂ ਉਸਾਰੀਆਂ ਗਈਆਂ ਇਮਾਰਤਾਂ ਵਿੱਚ ਗੁਰੂ ਸਾਹਿਬ ਦੁਆਰਾ ਹਰਿਮੰਦਰ ਸਾਹਿਬ ਨੂੰ ਪ੍ਰਗਟ ਕਰਨ ਸਮੇਂ ਵਰਤੀ ਗਈ ਉਸਾਰੀਕਲਾ ਦੀ ਦਿੱਬਤਾ ਨੂੰ ਲਗਭਗ ਲਗਾਤਾਰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ।ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਵਿੱਚ ਗੁੰਬਦ, ਡਾਟਾਂ, ਗੁੰਮਟੀਆਂ ਅਤੇ ਝਾਲਰਦਾਰ ਮਹਿਰਾਬਾਂ ਦੀ ਵਰਤੋਂ ਅੱਜ ਵੀ ਉਸੇ ਰੂਪ ਵਿੱਚ ਨਿਰਵਿਘਨ ਜਾਰੀ ਹੈ। ਗੁਰੂ ਸਹਿਬ ਤੋਂ ਬਾਅਦ ਉਸਾਰੀ ਦਾ ਇਹ ਕਾਰਜ ਸਰਕਾਰ ਖ਼ਾਲਸਾ ਵਲੋਂ ਵੀ ਕੀਤਾ ਗਿਆ।ਸਿੱਖ ਰਾਜ ਦੀਆਂ ਸ਼ਾਮਾਂ ਢਲਦਿਆਂ ਹੀ ਕੌਮ ਇਕ ਡੂੰਘੀ ਨੇਸਤੀ ਦਾ ਸ਼ਿਕਾਰ ਹੋ ਗਈ। ਆਰੀਆ ਸਮਾਜ ਅਤੇ ਇਸਾਈ ਮਿਸ਼ਨਰੀਆਂ ਦੇ ਪ੍ਰਭਾਵੀ ਹਮਲੇ ਨੇ ਕੌਮ ਨੂੰ ਝੰਜੋੜਿਆ ਤਾਂ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਆਦਿ ਸੰਸਥਾਵਾਂ ਹੋਂਦ ਵਿਚ ਆਈਆਂ। ਡਿਗਦੀ ਸਾਖ਼ ਨੂੰ ਬਚਾਉਣ ਲਈ ਪੰਥ ਨੂੰ ਅਨੇਕ ਮੋਰਚੇ ਲਾਉਣੇ ਪਏ। ਸਿੱਖਾਂ ਨੂੰ ਪਹਿਲੀ ਵਾਰ ਆਪਣੀ ਕੌਮੀ ਹੋਂਦ ਨੂੰ ਕੋਈ ਖਤਰਾ ਮਹਿਸੂਸ ਹੋਇਆ। ਇਸ ਖਤਰੇ ਵਿਚੋਂ ਹੀ ਇਕ ਕੇਂਦਰੀ ਉਸਾਰੀ-ਸੰਸਥਾ ਦੀ ਲੋੜ ਸ਼ਿੱਦਤ ਨਾਲ ਮਹਿਸੂਸ ਕੀਤੀ ਗਈ। ਬਾਬਾ ਗੁਰਮੁਖ ਸਿੰਘ ਜੀ ਰਾਹੀਂ ਪੰਥ ਦੀ ਇਸ ਲੋੜ ਦੀ ਅਰਦਾਸ ਨੂੰ ਫੁੱਲ ਲੱਗਾ।

ਉਸ ਤੋਂ ਬਾਅਦ ਉਸਾਰੀ ਦੀ ਸੇਵਾ ਮੁਕੰਮਲ ਰੂਪ ਵਿੱਚ ਕਾਰ-ਸੇਵਾ ਸੰਪ੍ਰਦਾਇ ਨਾਲ ਸਬੰਧਿਤ ਹੋ ਗਈ।ਇਸ ਤੋਂ ਪਹਿਲਾਂ ਬਹੁਤ ਸਾਰੇ ਗੁਰਧਾਮਾਂ ਦੀਆਂ ਬਹੁਤ ਛੋਟੀਆਂ ਇਮਾਰਤਾਂ ਸਨ ਜਾਂ ਕਈ ਥਾਂਈਂ ਕੇਵਲ ਥੜ੍ਹੇ ਅਤੇ ਰੁੱਖ ਹੀ ਸਨ ਪਰ ਗੁਰੂ ਮਹਾਰਾਜ ਦੀ ਕਿਰਪਾ ਨਾਲ ਅੱਜ ਉੱਥੇ ਆਲੀਸ਼ਾਨ ਇਮਾਰਤਾਂ ਹਨ।

ਇਮਾਰਤਾਂ ਵਿੱਚ ਵਰਤੀ ਗਈ ਜਿਉਮੈਟਰੀ/ਰੇਖਾਗਣਿਤ ਦੈਵੀ ਰੂਪ ਵਿੱਚ ਨਿਯੰਤਰਿਤ ਹੈ।ਇਸੇ ਕਰਕੇ ਇਮਾਰਤਾਂ ਦੀਆਂ ਗੋਲਾਈਆਂ, ਬੁਰਜ, ਬਣਤਰ ਤੇ ਨਕਸ਼ ਆਦਿ ਦੇਖਣ ਵਾਲੇ ਦੀ ਸੁਰਤਿ ਨੂੰ ਬੇਹੱਦ ਪ੍ਰਭਾਵਿਤ ਕਰਦੇ ਹਨ। ਇਹ ਅਸਲ ਵਿੱਚ ਕਿਸੇ ਕੌਮ ਦੀ ਸਪੇਸ ਦੀ ਸਮਝ ਨੂੰ ਦਰਸਾਉਂਦਾ ਹੈ। ਇਮਾਰਤ ਦਾ ਖਾਕਾ ਜਦ ਅਥਾਹ ਨੀਲੱਤਣ ਵਿੱਚ ਆਪਣਾ ਅਕਸ ਉਭਾਰਦਾ ਹੈ ਤਾਂ ਇਸਦੀਆਂ ਰੇਖਾਵਾਂ ਦੇ ਕਟਾਵ ਚੇਤਨਾ ਦੀਆਂ ਧੁਰ ਡੂੰਘਾਈਆਂ ਵਿੱਚ ਉਤਰ ਜਾਂਦੇ ਹਨ।ਸਦੀਆਂ ਦਾ ਇਤਿਹਾਸ ਬੋਲ ਉਠਦਾ ਹੈ ਕਿ ਇਹ ਇਮਾਰਤ ਕਿਸ ਰੂਹਾਨੀ ਮਰਕਜ਼ ਨਾਲ ਸਬੰਧਿਤ ਹੈ।ਕਾਰ-ਸੇਵਾ ਸ਼ਬਦ ਉੱਪਰ ਧਿਆਨ ਕੇਂਦ੍ਰਿਤ ਕੀਤਿਆਂ ਇਸਦੇ ਅਰਥਾਂ ਦੀਆਂ ਵਿਭਿੰਨ ਪਰਤਾਂ ਆਪਣੇ ਸੰਪੂਰਨ ਵਿਗਾਸ ਵਿੱਚ ਸਾਡੀ ਸੁਰਤ ਉੱਪਰ ਆਪਣਾ ਨਕਸ਼ ਉਕਰ ਦਿੰਦੀਆਂ ਹਨ। ਕੋਸ਼ਗਤ ਅਰਥਾਂ ਅਨੁਸਾਰ ਕਾਰ-ਸੇਵਾ ਸੰਗਤੀ ਰੂਪ ਵਿੱਚ ਧਰਮ ਅਰਥ ਅਰਪਿਤ ਕੀਤੇ ਦਸਵੰਧ ਨਾਲ ਕੀਤਾ ਜਾਣ ਵਾਲਾ ਕਾਰਜ ਹੈ। ਮਾਇਕ ਲੋੜਾਂ ਦੀ ਪੂਰਤੀ ਲਈ ਗੁਰੂ ਘਰ ਵਲੋਂ ਦਸਵੰਧ ਦੀ ਪ੍ਰਥਾ ਆਰੰਭ ਕੀਤੀ ਗਈ ਜਿਸਨੂੰ 'ਕਾਰ-ਭੇਂਟਾ' ਕਿਹਾ ਜਾਂਦਾ ਸੀ।ਗੁਰੂ ਸਾਹਿਬਾਨ ਨੇ ਸੰਗਤਾਂ ਦੀ ਲੋੜ ਅਤੇ ਕਿਸੇ ਰੂਹਾਨੀ ਮਕਸਦ ਹਿੱਤ ਵੀ ਬਾਉਲੀਆਂ ਲਗਵਾਈਆਂ, ਸਰੋਵਰਾਂ ਦੀ ਰਚਨਾ ਕੀਤੀ ਅਤੇ ਲੰਗਰ ਦੀ ਸੰਸਥਾ ਸਥਾਪਿਤ ਕੀਤੀ ਇਹ ਸਾਰੇ ਕਾਰਜ ਸੰਗਤਾਂ ਵਲੋਂ ਭੇਟ ਕੀਤੇ ਦਸਵੰਧ ਨਾਲ ਹੀ ਚਲਾਏ ਜਾਂਦੇ ਸਨ। ਜਦ ਅਕਬਰ ਨੇ ਵੱਡੀ ਰਕਮ ਲੰਗਰ ਲਈ ਭੇਟ ਕਰਨ ਦੀ ਇੱਛਾ ਜਾਹਰ ਕੀਤੀ ਤਾਂ ਹਜ਼ੂਰ ਪਾਤਸ਼ਾਹ ਨੇ ਮਨ੍ਹਾਂ ਕਰ ਦਿੱਤਾ ਸੀ। ਇਸ ਪਿੱਛੇ ਰਮਜ਼ ਇਹ ਹੈ ਕਿ ਸੰਗਤਾਂ ਦੇ ਦਿੱਤੇ ਦਾਨ ਵਿੱਚ ਬਰਕਤ ਹੁੰਦੀ ਹੈ। ਇਸ ਵਿੱਚ ਕੋਈ ਵਿਅਕਤੀ ਵਿਸ਼ੇਸ ਨਹੀਂ ਹੁੰਦਾ ਕੇਵਲ ਸੰਗਤ ਹੀ ਇੱਕ ਮਹਾਨ ਦੇਹ ਵਾਂਗ ਵਿਚਰਦੀ ਹੈ, ਜਿਸ ਵਿੱਚ ਸਮੂਹ ਅਲਪ ਦੇਹਾਂ ਸਮਾਅ ਜਾਂਦੀਆਂ ਹਨ।

ਜੇਕਰ ਕਾਰ-ਸੇਵਾ ਨੂੰ ਕਾਰਜ ਜਾਂ ਕੰਮ ਦੇ ਅਰਥਾਂ ਵਿੱਚ ਵਿਚਾਰਿਆ ਜਾਵੇ ਤਾਂ ਇਹ ਅਜਿਹਾ ਕਾਰਜ ਹੈ ਜਿਸਦੀ ਨੀਂਹ 'ਸਤਿਨਾਮ' ਉੱਪਰ ਰੱਖੀ ਜਾਂਦੀ ਹੈ। ਸੰਗਤਾਂ ਕਾਰ-ਸੇਵਾ ਕਰਦਿਆਂ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੀਆਂ ਹਨ।' ਸਤਿਨਾਮ' ਨੂੰ ਅਕਾਲ ਪੁਰਖ ਦਾ 'ਪਰਾ ਪੂਰਬਲਾ' ਨਾਮ ਆਖਿਆ ਗਿਆ ਹੈ। ਸਤਿਨਾਮ ਦਾ ਜਾਪ ਕਰਦੀਆਂ ਸੰਗਤਾਂ ਜਦ ਕਹੀ-ਟੋਕਰੇ ਦੀ ਸੇਵਾ ਕਰਦੀਆਂ ਹਨ ਤਾਂ ਇਹ ਦ੍ਰਿਸ਼ ਆਪਣੀ ਮਹਾਨ ਸਾਦਗੀ ਵਿੱਚ ਵਾਪਰ ਰਿਹਾ ਅਕਾਲੀ ਹੁਕਮ ਬਣ ਜਾਂਦਾ ਹੈ। ਇਹ ਅਜਿਹਾ ਕਾਰਜ ਹੈ ਜਿਸ ਵਿੱਚ ਕਿਸੇ ਦਾ ਵੀ ਨਿੱਜ ਜਾਂ ਮੈਂ ਸ਼ਾਮਿਲ ਨਹੀਂ ਹੈ। ਇਹ ਅਨਿੱਜ ਜਾਂ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ ਸਿੱਖ ਅਮੈਂ ਦੁਆਰਾ ਕੀਤਾ ਜਾਣ ਵਾਲਾ ਕਾਰਜ ਹੈ। ਇਸ ਵਿੱਚ ਸੰਗਤ ਹੀ 'ਅੰਤਮ ਹੈ' ਦੇ ਰੂਪ ਵਰਤਮਾਨ ਹੁੰਦੀ ਹੈ। ਇਸ ਕਾਰਨ ਇਸ ਕਾਰਜ ਨਾਲ ਸੰਸਾਰਕ ਕਾਰਜਾਂ ਵਾਂਗ ਲਾਭ-ਹਾਨੀ ਦੀਆਂ ਗਿਣਤੀਆਂ ਮਿਣਤੀਆਂ ਨੂੰ ਨਹੀਂ ਜੋੜਿਆ ਜਾਂਦਾ। ਸੰਗਤਾਂ ਨਾਮ ਦੇ ਆਸਰੇ ਹੀ ਔਖੇ ਤੋਂ ਔਖੇ ਹਾਲਾਤ ਵਿੱਚ ਕਾਰਜ ਸੰਪੂਰਨ ਕਰ ਦਿੰਦੀਆਂ ਹਨ। ਉਸ ਸਮੇਂ ਸੰਗਤ ਦੀ ਮਹਾਨ ਦੇਹ ਇੱਕ ਟਕਸਾਲ ਬਣ ਜਾਂਦੀ ਹੈ। ਜਿਸ ਵਿੱਚ ਸਿੱਖ ਦੀ ਸ਼ਖਸੀਅਤ, ਉਸਦਾ ਵਿਅਕਤੀਤਵ ਘੜਿਆ ਜਾਂਦਾ ਹੈ। ਸੰਗਤ ਵਿੱਚ ਵਿਚਰਦੇ ਸਮੇਂ ਸਿੱਖ ਦੀ ਸੁਰਤਿ ਸਿੱਖ ਸੱਭਿਆਚਾਰ ਨੂੰ ਸਹਿਜ ਰੂਪ ਵਿੱਚ ਹੀ ਆਪਣੇ ਅੰਦਰ ਉਤਾਰ ਲੈਂਦੀ ਹੈ। ਇਥੇ ਹੀ ਮਨੁੱਖਾ ਦੇਹੀ ਦੀ ਠੀਕ ਵਰਤੋਂ ਦਾ ਮੌਕਾ ਬਣਦਾ ਹੈ। ਵਰਤਮਾਨ ਦੁਨੀਆਂ ਦੀ ਜੀਵਨ ਜਾਚ ਵਿੱਚ ਦੇਹ ਰੂਪ ਵਿੱਚ ਕਿਸੇ ਦੈਵੀ ਕਾਰਜ ਨੂੰ ਕਰਨ ਦਾ ਸਬੱਬ ਨਹੀਂ ਬਣ ਸਕਦਾ। ਮਨੁੱਖ ਮਨ ਕਰਕੇ ਜੇ ਸੋਚੇ ਵੀ ਤਾਂ ਦੇਹ ਕਰਕੇ ਉਹ ਸੀਮਾ ਵਿੱਚ ਘਿਰ ਜਾਂਦਾ ਹੈ। ਕਾਲ ਵੀ ਦੇਹ ਨੂੰ ਗ੍ਰਸ ਲੈਣ ਵਾਲੀ ਮਹਾਨ ਸ਼ਕਤੀ ਹੈ। ਮਨੁੱਖ ਦਾ ਮਨ ਕਰਦਾ ਹੈ ਪਰ ਸਮੇਂ ਦੀ ਚਾਲ ਉਸਨੂੰ ਤਨ ਕਰਕੇ ਸੇਵਾ ਵਰਗੇ ਪ੍ਰਮਾਰਥੀ ਕਾਰਜ ਵਿੱਚ ਨਹੀਂ ਲੱਗਣ ਦਿੰਦੀ।ਜਦ ਸੰਗਤੀ ਰੂਪ ਵਿੱਚ ਮਨੁੱਖ ਕਾਰ-ਸੇਵਾ ਦਾ ਕਾਰਜ ਕਰਦਾ ਹੈ ਤਾਂ ਉਹ ਆਪਣੀ ਦੇਹ ਅਤੇ ਆਪਣਾ ਸਮਾਂ ਸਤਿਨਾਮ ਦੇ ਲੇਖੇ ਲਾਉਂਦਾ ਹੈ।

ਇਹ ਅਜਿਹਾ ਕਾਰਜ ਹੈ ਜਿਸ ਵਿਚ ਸਾਡੀ ਸਮੁੱਚੀ ਕੌਮ ਦੀ ਸਿਰਜਣਾਤਮਕ ਪ੍ਰਤਿਭਾ ਦਾ ਜਲਵਾ ਨੁਮਾਇਆ ਹੁੰਦਾ ਹੈ। ਕਾਰ ਸੇਵਾ ਰਾਹੀਂ ਉਸਾਰੀਆਂ ਗਈਆਂ ਇਮਾਰਤਾਂ ਵਿਚ ਜਿਸ ਪ੍ਰਕਾਰ ਦਾ ਸੁਹਜ ਅਤੇ ਸੁੰਦਰਤਾ ਪ੍ਰਗਟ ਹੁੰਦੀ ਹੈ ਉਹ ਯਕੀਨਲ ਲੋੜ ਦੀ ਮੁਥਾਜੀ ਅਤੇ ਨਿਰੋਲ ਸੁਹਜਾਤਮਕ ਸੁੰਦਰਤਾ ਵਜੋਂ ਬਣਾਈਆਂ ਗਈਆਂ ਇਮਾਰਤਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਲੰਮੀ ਉਮਰ ਵਾਲੀਆਂ ਹਨ। ਗੁਰਦੁਆਰਾ ਸਾਹਿਬਾਨ ਦੀਆਂ ਇਮਾਰਤਾਂ ਤੋਂ ਇਲਾਵਾ ਵੀ ਜੇਕਰ ਕੁਝ ਇਮਾਰਤਾਂ ਨੂੰ ਵਿਚਾਰਿਆ ਜਾਵੇ ਤਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਇਕ ਅਜਿਹੀ ਇਮਾਰਤ ਹੈ ਜਿਸ ਵਿਚ ਕਾਰ ਸੇਵਾ ਨੇ ਅਜਿਹੀ ਆਤਮਕ ਖਿੱਚ ਅਤੇ ਸ਼ਾਹੀ ਜਲੌਅ ਭਰ ਦਿੱਤਾ ਹੈ ਕਿ ਅੱਜ ਵੀ ਇਹ ਇਮਾਰਤ ਹਰ ਸਿੱਖ ਨੂੰ ਪ੍ਰਭਾਵਿਤ ਕਰਦੀ ਹੈ। ਕਹਿੰਦੇ ਹਨ ਕਿ ਖ਼ਾਲਸਾ ਕਾਲਜ ਦੀ ਉਸਾਰੇ ਵੇਲੇ ਜਦ ਕਾਰ ਸੇਵਾ ਲਾਈ ਗਈ ਤਾਂ ਪੰਥ ਦੇ ਵੱਡੇ ਆਗੂ ਵੀ ਝੋਲੀ ਅੱਡ ਕੇ ਦਾਨ ਮੰਗਦੇ ਸਨ ਤੇ ਹਰ ਕਿਸੇ ਦੀ ਹਰ ਇਕ ਭੇਟ ਸਵੀਕਾਰ ਕੀਤੀ ਗਈ, ਇਥੋਂ ਤੱਕ ਕਿ ਇਕ ਗਰੀਬ ਜੱਟ ਨੇ ਗਨੇਰੀਆਂ ਹੀ ਭੇਟ ਕਰ ਦਿੱਤੀਆ ਤਾਂ ਉਹ ਵੀ ਨੀਹਾਂ ਵਿਚ ਪਾ ਦਿੱਤੀਆਂ ਗਈਆਂ ਤਾਂ ਕਿ ਇਨ੍ਹਾਂ ਦੀ ਮਿਠਾਸ ਕਾਲ ਦੇ ਲੰਮੇ ਅੰਤਰਾਲ ਵਿਚ ਹਰੇਕ ਨੂੰ ਸਰਸ਼ਾਰ ਕਰਦੀ ਰਹੇ। ਕਾਰ ਸੇਵਾ ਰਾਹੀਂ ਹੀ ਅਸੀਂ ਆਪਣੀ ਕੌਮ ਦੇ ਸਿਰਜਣਾਤਮਕ ਪਸਾਰਾਂ ਨੂੰ ਪ੍ਰਗਟ ਹੋਇਆ ਦੇਖਦੇ ਹਾਂ। ਜੇਕਰ ਕਾਰ ਸੇਵਾ ਨੂੰ 'ਕਾਰ' ਅਕਵਾ ਲਕੀਰ ਦੇ ਅਰਥਾਂ ਵਿਚ ਵੇਖਿਆ ਜਾਵੇ ਤਾਂ ਇਹ ਸਿੱਖ ਰੇਖਾ ਗਣਿਤ ਜਾਂ ਜਿਉਮੈਟਰੀ ਦਾ ਮਹਾਨ ਜਲਵਾ ਪ੍ਰਗਟ ਕਰਨ ਵਾਲਾ ਮੁਜੱਸਮਾ ਬਣ ਜਾਂਦੀ ਹੈ।

ਕਾਰ (ਲਕੀਰ) ਜੇਕਰ ਅਨੁਪਾਤ ਦੀ ਰੂਹਾਨੀ ਅਧੀਨਗੀ ਵਿੱਚ ਵਿਚਰਦੀ ਹੈ ਤਾਂ ਦੈਵੀ ਇਮਾਰਤਾਂ ਦੇ ਨਕਸ਼ੇ ਧਰਤੀ ਤੇ ਉਲੀਕ ਦਿੰਦੀ ਹੈ।ਅਨੁਪਾਤ ਦੀ ਰੂਹਾਨੀ ਅਧੀਨਗੀ ਤੋਂ ਭਾਵ ਕਿ ਖ਼ੂਬਸੂਰਤੀ ਅਤੇ ਸੁਹਜ ਦੇ ਉੱਚੇ ਅਤੇ ਉਦਾਤਪੂਰਨ ਮਾਪਦੰਡਾਂ ਅਨੁਸਾਰ ਵਿਹਾਰ ਕਰਨਾ ਹੈ ਜਿਨ੍ਹਾਂ ਉਪਰ ਨਾਮ ਰਸ ਵਿੱਚ ਗੜੂੰਦ ਹੋਈ ਸੁਰਤਿ ਦਾ ਪਹਿਰਾ ਹੋਵੇ।ਖ਼ੂਬਸੂਤੀ ਵਿੱਚ ਅਨੁਪਾਤ ਦੀ ਵੱਡੀ ਮਹੱਤਤਾ ਹੁੰਦੀ ਹੈ।ਅਨੁਪਾਤ ਸੁਭਿਆਚਾਰਕ ਵਰਤਾਰਾ ਹੈ ਅਤੇ ਸੱਭਿਆਚਾਰ ਇਤਿਹਾਸਕ ਵਰਤਾਰਾ ਹੈ।ਇਤਿਹਾਸ ਵਿੱਚ ਜੇਕਰ ਪ੍ਰਭੂ ਪ੍ਰੀਤਮ ਦਾ ਡੇਰਾ ਨਾ ਹੋਵੇ ਤਾਂ ਇਹ ਨਿਰਾ ਹਉਮੈ ਦਾ ਪਾਸਾਰਾ ਬਣ ਜਾਂਦਾ ਹੈ।ਸਿੱਖ ਇਤਿਹਾਸ ਪਿੱਛੇ ਨਾਮ ਸਿਮਰਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਾਹਨ ਅਗਵਾਈ ਮੌਜੂਦ ਹੈ। ਇਸ ਲਈ ਸਿੱਖ ਸੱਭਿਆਚਾਰ ਵਿੱਚ ਗੁਰੂ ਜੋਤ ਹਰ ਸਮੇਂ ਪ੍ਰਕਾਸ਼ਮਾਨ ਰਹਿੰਦੀ ਹੈ। (ਯਾਦ ਰਹੇ ਕਿ ਸਿੱਖ ਸੱਭਿਆਚਾਰ ਦਾ ਅਰਥ ਪ੍ਰਚੱਲਤ ਪੰਜਾਬੀ ਸੱਭਿਆਚਾਰ ਨਹੀਂ ਹੈ)। ਇਸੇ ਕਰਕੇ ਸਿੱਖ ਇਮਾਰਤਸਾਜ਼ੀ ਵਿੱਚ ਦਿੱਬਤਾ ਦਾ ਝਲਕਾ ਵੱਜਦਾ ਰਹਿੰਦਾ ਹੈ।ਮਟੀਰੀਅਲ : ਕਾਰ-ਸੇਵਾ ਨਾਲ ਬਣੀਆਂ ਇਮਾਰਤਾਂ ਦਾ ਵੇਖਣ ਵਾਲੇ ਦੀ ਸੁਰਤ ਉਪਰ ਪਹਿਲਾ ਪ੍ਰਭਾਵ ਰੂਹਾਨੀ ਕਿਸਮ ਦੀ ਠੰਡਕ ਦਾ ਹੈ। ਵੱਡੇ ਬੁਰਜ, ਝਾਲਰਦਾਰ ਡਾਟਾਂ, ਮਹਿਰਾਬਾਂ, ਗੁੰਬਦ, ਗੁੰਮਟੀਆਂ ਤੇ ਪੱਥਰ ਉਪਰ ਕੀਤੀ ਵਿਸ਼ੇਸ਼ ਕਿਸਮ ਦੀ ਫੁੱਲਾਂ , ਫਲਾਂ ਤੇ ਵੇਲਬੂਟੀਆਂ ਵਾਲੀ ਕਲਾਕਾਰੀ ਸਮੁੱਚੀਆਂ ਧਾਰਮਿਕ ਇਮਾਰਤਾਂ ਨੂੰ ਮਹਾਨ ਏਕਤਾ ਪ੍ਰਦਾਨ ਕਰਦੀ ਹੈ। ਇਹਨਾਂ ਕੁਝ ਇੱਕ ਸਾਂਝੇ ਲੱਛਣਾਂ ਦੀ ਏਕਤਾ ਰਾਹੀਂ ਸਮੁੱਚਾ ਪੰਥ ਗੁਰੂ ਲਿਵ ਦੀ ਨੇੜਤਾ ਵਿੱਚ ਧੜਕਦਾ ਮਹਿਸੂਸ ਹੁੰਦਾ ਹੈ।ਕਾਰ ਸੇਵਾ ਵਿਚ ਪਹਿਲੇ ਸਮਿਆਂ ਦੌਰਾਨ ਦਰਿਆਈ ਰੋੜ ਪੀਹ ਕੇ ਅਤੇ ਵਿਚ ਕੁਝ ਹੋਰ ਮਸਾਲੇ ਪਾ ਕੇ ਜੋੜਨ ਵਾਲਾ ਮਟੀਰੀਅਲ ਤਿਆਰ ਕੀਤਾ ਜਾਂਦਾ ਸੀ। ਇੱਟਾਂ ਭੱਠਿਆਂ ਵਿਚ ਤਿਆਰ ਕੀਤੀਆਂ ਜਾਂਦੀਆਂ ਸਨ ਜੋ ਆਮ ਤੌਰ ਤੇ ਮੁੱਲ ਹੀ ਖ਼੍ਰੀਦੀਆਂ ਜਾਂਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਵਿਚ ਕਾਰਖਾਨਾ ਸੰਗਸਫੈਦ ਜਾਂ ਸੰਗਮਰਮਰ ਸਥਾਪਤ ਕੀਤਾ। ਇਸ ਨਾਲ ਹਰਿਮੰਦਰ ਸਾਹਿਬ ਵਿਚ ਲੱਗਣ ਵਾਲੇ ਸੰਗਮਰਮਰ ਦਾ ਕੰਮ ਇਸ ਕਾਰਖਾਨੇ ਰਾਹੀਂ ਹੁੰਦਾ ਰਿਹਾ। ਹੁਣ ਹਰੇਕ ਗੁਰੂ ਘਰ ਵਿਚ ਸੰਗਮਰਮਰ ਦੀ ਸੇਵਾ ਹੰਦੀ ਹੈ ਜੋ ਕਿ ਕਾਰ ਸੇਵਾ ਦੇ ਮਿਸਤਰੀ ਹੀ ਕਰਦੇ ਹਨ।ਇਸ ਤੋਂ ਇਲਾਵਾ ਸਰੀਆ ਸੀਮਿੰਟ ਵੀ ਵੱਡੀ ਮਾਤਰਾ ਵਿਚ ਵਰਤਿਆ ਜਾਂਦਾ ਹੈ।

ਕਾਰ-ਸੇਵਾ ਸੰਪ੍ਰਦਾਇ ਨੇ ਇੱਕ ਮਹਾਨ ਕਾਰਜ ਇਹ ਕੀਤਾ ਹੈ ਕਿ ਇਸ ਨਾਲ ਕੌਮੀ ਸ਼ਕਤੀ ਇਕਮੁੱਠ ਹੋਈ ਹੈ ਅਤੇ ਬਿਨਾ ਕੋਈ ਉਤੇਜਨਾ ਭਰਪੂਰ ਵਾਤਾਵਰਨ ਪੈਦਾ ਕੀਤਿਆਂ ਪੰਥਕ ਕੰਮਾਂ ਵਿੱਚ ਖਰਚ ਹੁੰਦੀ ਹੈ। ਸ਼ਕਤੀ ਬਾਰੇ ਵਿਗਿਆਨਕ ਤੱਥ ਇਹ ਹੈ ਕਿ ਸ਼ਕਤੀ ਗਤੀਮਾਨ ਹੋ ਜਾਂਦੀ ਹੈ ਅਤੇ ਗਤੀਮਾਨ ਸ਼ਕਤੀ ਜੇਕਰ ਖਰਚ ਨਾ ਹੋਵੇ ਤਾਂ ਉਹ ਆਪਣਾ ਰੂਪ ਪ੍ਰਵਰਤਿਤ ਕਰ ਲੈਂਦੀ ਹੈ। ਜਿਵੇਂ ਬਿਜਲਈ ਸ਼ਕਤੀ ਗਤੀਮਾਨ ਹੋ ਕੇ ਬਹੁਤ ਵੱਡਾ ਹਿੱਸਾ ਤਾਪ ਸ਼ਕਤੀ ਦੇ ਰੂਪ ਵਿੱਚ ਪ੍ਰਵਰਤਿਤ ਕਰ ਲੈਂਦੀ ਹੈ। ਕਾਰ-ਸੇਵਾ ਨੇ ਪੰਥਕ ਸ਼ਕਤੀ ਨੂੰ ਗੁਰਮਤਿ ਨਾਲ ਜੋੜੀ ਰੱਖਿਆ ਹੈ ਅਤੇ ਲਗਾਤਾਰ ਉਸਾਰੂ ਕੰਮਾਂ ਵਿੱਚ ਸੰਚਾਰਿਤ ਕੀਤਾ ਹੈ।

## Classified

**BRIDE WANTED**

Jatt sikh boy, Age 40 years, Single, Height-5”/11, Profession Dentist Doctor.

**Contact : 909 815 2797**


## ਪੰਜਾਬ ’ਚ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਿਆਸਤ ਗਰਮਾਈ

ਜ਼ਿਕਰਯੋਗ ਹੈ ਕਿ ਜਿੱਥੇ ਆਮ ਉਮਰ ਕੈਦੀਆਂ ਦੀ ਰਿਹਾਈ ਉਮਰ-ਕੈਦ ਦੀ ਮਿਆਦੀ ਸਜ਼ਾ 14 ਸਾਲ ਪੂਰੀ ਹੋਣ ਉੱਤੇ ਹੋ ਜਾਂਦੀ ਹੈ ਭਾਰਤ ਸਰਕਾਰ ਵੱਲੋਂ ਬੰਦੀ ਸਿੰਘ ਨੂੰ ਇਸ ਮਿਆਦੀ ਕੈਦ ਤੋਂ ਕਿਤੇ ਵੱਧ ਸਜ਼ਾ ਭੁਗਤ ਲੈਣ ਉੱਤੇ ਵੀ ਰਿਹਾਅ ਨਹੀਂ ਸੀ ਕੀਤਾ ਜਾ ਰਿਹਾ।

**ਪੰਜਾਬ ਦੀ ਰਾਜਨੀਤੀ ਗਰਮਾਈ-**

ਮੋਦੀ ਸਰਕਾਰ ਵੱਲੋਂ ਖਾੜਕੂ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨ ’ਤੇ ਸਿਆਸਤ ਗਰਮਾ ਗਈ ਹੈ। ਰਾਜੋਆਣਾ ਨੂੰ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ 31 ਅਗਸਤ, 1995 ਨੂੰ ਹੋਈ ਹੱਤਿਆ ਮਾਮਲੇ ਵਿੱਚ ਨਿਭਾਈ ਭੂਮਿਕਾ ਲਈ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਗ੍ਰਹਿ ਮੰਤਰਾਲੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਨੂੰ ਵਿਸ਼ੇਸ਼ ਰਾਹਤ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ’ਤੇ ਮਨੁੱਖਤਾ ਦੇ ਆਧਾਰ ’ਤੇ ਲਿਆ ਗਿਆ ਹੈ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਨੇ ਇਸ ਦੀ ਅਧਿਕਾਰਤ ਜਾਣਕਾਰੀ ਅਜੇ ਸੂਬਾ ਸਰਕਾਰ ਨੂੰ ਨਹੀਂ ਭੇਜੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਵਲੋਂ ਜਿਨ੍ਹਾਂ 9 ਕੈਦੀਆਂ ਦੀ ਰਿਹਾਈ ਦੀ ਸਿਫ਼ਾਰਸ਼ ਭੇਜੀ ਸੀ ਉਨ੍ਹਾਂ ਵਿਚ ਕਰਨਾਟਕ ਦੀ ਗੁਲਬਰਗ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਭਾਈ ਗੁਰਦੀਪ ਸਿੰਘ ਤੇ ਉੱਤਰ ਪ੍ਰਦੇਸ਼ ਦੀ ਬਰੇਲੀ ਜੇਲ੍ਹ ਵਿਚ ਨਜ਼ਰਬੰਦ ਭਾਈ ਵਰਿਆਮ ਸਿੰਘ ਤੋਂ ਇਲਾਵਾ ਪੰਜਾਬ ਵਿਚ ਨਾਭਾ ਦੀ ਉੱਚ ਸੁਰੱਖਿਆ ਜੇਲ੍ਹ ਵਿਚ ਨਜ਼ਰਬੰਦ ਭਾਈ ਲਾਲ ਸਿੰਘ, ਭਾਈ ਦਿਲਬਾਗ ਸਿੰਘ ਤੇ ਭਾਈ ਸ਼ਰਨ ਸਿੰਘ ਸ਼ਾਮਿਲ ਹਨ। ਜਦਕਿ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਹਰਦੀਪ ਸਿੰਘ ਤੇ ਬਾਜ਼ ਸਿੰਘ ਤੋਂ ਇਲਾਵਾ ਲੁਧਿਆਣਾ ਕੇਂਦਰੀ ਜੇਲ੍ਹ ਵਿਚ ਸੁਬੇਗ ਸਿੰਘ ਤੇ ਪਟਿਆਲਾ ਕੇਂਦਰੀ ਜੇਲ੍ਹ ਵਿਚ ਨਜ਼ਰਬੰਦ ਨੰਦ ਸਿੰਘ ਸ਼ਾਮਿਲ ਹਨ।

ਉਕਤ ਸਾਰੇ ਕੈਦੀਆਂ ਨੂੰ ਪੰਜਾਬ ਸੰਤਾਪ ਦੇ ਦੌਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਇਨ੍ਹਾਂ ’ਤੇ ਟਾਡਾ ਐਕਟ ਅਧੀਨ ਕੇਸ ਬਣਾਏ ਗਏ ਸਨ ਤੇ ਵਿਸ਼ੇਸ਼ ਕੇਂਦਰੀ ਐਕਟ ਅਧੀਨ ਇਨ੍ਹਾਂ ਕੇਸਾਂ ਵਿਚ ਸਜ਼ਾ ਮੁਆਫ਼ੀ ਸਬੰਧੀ ਫ਼ੈਸਲਾ ਵੀ ਕੇਂਦਰ ਸਰਕਾਰ ਹੀ ਲੈ ਸਕਦੀ ਸੀ। ਇਹ ਸਾਰੇ ਕੈਦੀ ਕਰੀਬ 20 ਸਾਲ ਤੋਂ ਵੱਧ ਦੀ ਸਜ਼ਾ ਪੂਰੀ ਕਰ ਚੁੱਕੇ ਹਨ, ਜਦਕਿ ਕਈਆਂ ਦੀ ਸਜ਼ਾ 28 ਸਾਲ ਤੋਂ ਵੀ ਵੱਧ ਹੋ ਗਈ ਹੈ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਭਾਈ ਰਾਜੋਆਣਾ ਦਾ ਨਾਂਅ ਆਪਣੀ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਸੀ, ਜਦਕਿ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਲੋਂ ਉਨ੍ਹਾਂ ਦੀ ਸਜ਼ਾ ਵਿਚ ਕਮੀ ਲਈ ਵੱਖਰੇ ਤੌਰ ’ਤੇ ਗ੍ਰਹਿ ਵਿਭਾਗ ਨੂੰ ਪਟੀਸ਼ਨ ਪਾਈ ਹੋਈ ਸੀ।

ਲੁਧਿਆਣਾ ਤੋਂ ਲੋਕ ਸਭਾ ਮੈਂਬਰ ਤੇ ਮਰਹੂਮ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਬਿੱਟੂ ਨੇ ਕਿਹਾ ਕਿ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰਨਾ ਪੰਜਾਬ ਦੇ ਇਤਿਹਾਸ ਦਾ ਕਾਲਾ ਦਿਨ ਹੈ। ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਕੇਂਦਰ ਸਰਕਾਰ ਦੇ ਫ਼ੈਸਲੇ ਖ਼ਿਲਾਫ਼ ਅਸੀਂ ਸੁਪਰੀਮ ਕੋਰਟ ਵਿਚ ਜਾਵਾਂਗੇ।

ਬਿੱਟੂ ਨੇ ਦੋਸ਼ ਲਾਇਆ ਕਿ ਰਾਜੋਆਣਾ ਉਨ੍ਹਾਂ ਦੇ ਦਾਦਾ ਅਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਾਤਲ ਹੈ ਅਤੇ ਜੇਕਰ ਉਨ੍ਹਾਂ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਹੁੰਦੀ ਹੈ ਤਾਂ ਉਹ (ਰਾਜੋਆਣਾ) ਜੇਲ੍ਹ ਵਿਚੋਂ ਬਾਹਰ ਆ ਜਾਣਗੇ ਅਤੇ ਸੂਬੇ ਦਾ ਮਾਹੌਲ ਖਰਾਬ ਹੋਵੇਗਾ। ਬਿੱਟੂ ਨੇ ਕਿਹਾ ਕਿ ਉਹ ਕੇਂਦਰ ਦੇ ਫ਼ੈਸਲੇ ਦੇ ਵਿਰੋਧ ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣਗੇ।

ਦੂਜੇ ਪਾਸੇ ਇਹ ਵੀ ਚਰਚਾ ਛਿੜ ਗਈ ਹੈ ਕਿ ਭਾਜਪਾ ਨੇ ਸਿੱਖਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਲਈ ਇਹ ਕਦਮ ਚੁੱਕਿਆ ਹੈ। ਪੰਜਾਬ ਦੀ ਸੱਤਾ ’ਤੇ ਆਪਣੇ ਦਮ ਨਾਲ ਕਾਬਜ਼ ਹੋਣ ਦਾ ਸੁਪਨਾ ਦੇਖ ਰਹੀ ਭਾਜਪਾ ਨੇ ਸਿੱਖ ਵਿਰੋਧੀ ਹੋਣ ਦਾ ਦਾਗ਼ ਧੋਣ ਲਈ ਸਰਗਰਮੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਸਿੱਖਾਂ ਦੀਆਂ ਕਾਲੀਆ ਸੂਚੀਆਂ ਖ਼ਤਮ ਕਰਨ ਅਤੇ ਹੁਣ ਗਰਮਦਲੀਆਂ ਦੀਆਂ ਸਜ਼ਾਵਾਂ ਮੁਆਫ਼ ਜਾਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੇ ਫ਼ੈਸਲੇ ਭਗਵਾਂ ਪਾਰਟੀ ਦੇ ਇਸੇ ਏਜੰਡੇ ਦਾ ਹਿੱਸਾ ਮੰਨੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਆਗੂਆਂ ਖਾਸ ਕਰ ਬਾਦਲ ਪਰਿਵਾਰ ਨੇ ਭਾਵੇਂ ਮੋਦੀ ਸਰਕਾਰ ਵੱਲੋਂ ਲਏ ਗਏ ਇਨ੍ਹਾਂ ਫੈਸਲਿਆਂ ਨੂੰ ਆਪਣੀਆਂ ਪ੍ਰਾਪਤੀਆਂ ਵਜੋਂ ਦਰਸਾਉਣ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀਆਂ ਇਹ ਪਹਿਲਕਦਮੀਆਂ ਅਕਾਲੀ ਦਲ, ਖਾਸ ਕਰਕੇ ਬਾਦਲ ਪਰਿਵਾਰ ਲਈ ਭਵਿੱਖ ਵਿੱਚ ਵੱਡੀਆਂ ਚੁਣੌਤੀਆਂ ਬਣ ਸਕਦੀਆਂ ਹਨ।ਪੰਜਾਬ ਦੀ ਕਮਾਨ ਸੰਭਾਲਣ ਲਈ ਭਾਜਪਾ ਵਲੋਂ ਸਿੱਖ ਚਿਹਰਿਆਂ ਦੀ ਤਲਾਸ਼ ਵੀ ਜਾਰੀ ਹੈ। ਇਸ ਨੂੰ ਬੀਜੇਪੀ ਵੱਲੋਂ ਹਰਿਆਣਾ ਵਿੱਚ ਅਕਾਲੀ ਦਲ ਨਾਲ ਰਲ ਚੋਣਾਂ ਲੜਨ ਤੋਂ ਨਾਂਹ ਕਰਨ ਨਾਲ ਵੀ ਜੋੜਿਆ ਜਾ ਰਿਹਾ ਹੈ। ਅਕਾਲੀ ਦਲ ਭਾਜਪਾ ਦੇ ਇਸ ਪੈਂਤੜੇ ਨੂੰ ਚੁਣੌਤੀ ਸਮਝ ਰਿਹਾ ਹੈ।

### ਕੌਣ ਹੈ ਭਾਈ ਰਾਜੋਆਣਾ-

ਜ਼ਿਕਰਯੋਗ ਹੈ ਕਿ ਬੇਅੰਤ ਸਿੰਘ ਦੀ ਚੰਡੀਗੜ੍ਹ ਸਿਵਲ ਸਕੱਤ੍ਰੇਤ ਦੇ ਬਾਹਰ 31 ਅਗਸਤ 1995 ਨੂੰ ਹੱਤਿਆ ਕਰ ਦਿੱਤੀ ਗਈ ਸੀ। ਖਾੜਕੂਆਂ ਨੇ ਉਨ੍ਹਾਂ ਦੀ ਕਾਰ ਨੂੰ ਬੰਬ ਨਾਲ ਉਡਾ ਦਿੱਤਾ ਸੀ। ਇਸ ਘਟਨਾ ਵਿਚ 16 ਹੋਰਨਾਂ ਦੀ ਵੀ ਮੌਤ ਹੋਈ ਸੀ। ਪੰਜਾਬ ਪੁਲਿਸ ਦੇ ਮੁਲਾਜ਼ਮ ਦਿਲਾਵਰ ਸਿੰਘ ਨੇ ਇਸ ਘਟਨਾ ਵਿਚ ਮਨੁੱਖੀ ਬੰਬ ਦੀ ਭੂਮਿਕਾ ਨਿਭਾਈ ਸੀ ਜਦ ਕਿ ਬਲਵੰਤ ਸਿੰਘ ਰਾਜੋਆਣਾ ਨੇ ਉਸ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਰਾਜੋਆਣਾ ਦਿਲਾਵਰ ਸਿੰਘ ਦੇ ਅਸਫਲ ਰਹਿਣ ’ਤੇ ਬੈਕਅੱਪ ਦੀ ਭੂਮਿਕਾ ਵਿਚ ਸੀ।

### ਪੰਥਕ ਆਗੂਆਂ ਵਲੋਂ ਧੰਨਵਾਦ-

ਸਿੱਖ ਬੰਦੀਆਂ ਦੀ ਰਿਹਾਈ ਦਾ ਐਲਾਨ ਕਰਨ ’ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੇਂਦਰ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਦੇ ਸਿਰਤੋੜ ਯਤਨਾਂ ਸਦਕਾ ਹੀ ਅਜਿਹਾ ਸੰਭਵ ਹੋ ਸਕਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਨ.ਡੀ.ਏ. ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਚੁੱਕੇ ਕਦਮ ਤਹਿਤ ਇਕ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਅਤੇ 8 ਹੋਰ ਸਿੱਖ ਕੈਦੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ।

ਸ਼੍ਰੋਮਣੀ ਕਮੇਟੀ, ਦਮਦਮੀ ਟਕਸਾਲ ਤੇ ਹੋਰਨਾਂ ਵਲੋਂ ਮੋਦੀ ਸਰਕਾਰ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ।

ਇਸੇ ਤਰ੍ਹਾਂ ਹਵਾਰਾ ਕਮੇਟੀ ਦੇ ਮੈਂਬਰ ਨਰੈਣ ਸਿੰਘ ਚੌੜਾ ਨੇ ਸਰਕਾਰ ਦੇ ਇਸ ਫ਼ੈਸਲੇ ਬਾਰੇ ਆਖਿਆ ਕਿ ਸਿੱਖ ਬੰਦੀਆਂ ਦੀ ਰਿਹਾਈ ਦੀ ਖ਼ਬਰ ਨਾਲ ਸਿੱਖ ਜਗਤ ਨੂੰ ਖ਼ੁਸ਼ੀ ਹੋਈ ਹੈ।

## ਹਿਊਸਟਨ ’ਚ ਮਾਰੇ ਗਏ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅ਼ਫਸਰ ਸੰਦੀਪ ਸਿੰਘ ਧਾਲੀਵਾਲ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

ਸਥਾਨਕ ਏਜੰਸੀਆਂ ਨੇ ਉਕਤ ਦੋਵਾਂ ਵਿਚੋਂ 47 ਸਾਲਾ ਰੋਬਰਟ ਸੋਲਿਸ ਦੀ ਪਛਾਣ ਕਰ ਲਈ ਹੈ। ਸੋਲਿਸ ’ਤੇ ਹੱਤਿਆ ਦੇ ਦੋਸ਼ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਹਿਊਸਟਨ ਦੀ ਹੈਰਿਸ ਕਾਊਂਟੀ ਸ਼ੈਰਿਫ਼ ਦੇ ਅ਼ਫਸਰਾਂ ਨੇ ਕਿਹਾ ਕਿ 42 ਸਾਲਾ ਧਾਲੀਵਾਲ ਇਕ ਬਹੁਤ ਵਧੀਆ ਅ਼ਫਸਰ ਸੀ। ਧਾਲੀਵਾਲ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਧਾਲੀਵਾਲ ਬੇਟ ਪਿੰਡ ਨਾਲ ਸਬੰਧਿਤ ਸੀ, ਉਹ ਆਪਣੇ ਪਿੱਛੇ ਤਿੰਨ ਬੱਚੇ ਤੇ ਪਤਨੀ ਛੱਡ ਗਿਆ ਹੈ।

ਸਰਕਾਰੀ ਸਨਮਾਨ ਨਾਲ ਹੋਇਆ ਅੰਤਿਮ ਸੰਸਕਾਰ-

ਹੈਰਿਸ ਕਾਊਂਟੀ ਸ਼ੈਰਿਫ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੀ ਦੇਹ ਦਾ ਅੰਤਿਮ ਸੰਸਕਾਰ ਬੈਰੀ ਸੈਂਟਰ, ਸਾਇਪਰਸ (Berry Centre Cypress) ਵਿਖੇ ਕੀਤਾ ਗਿਆ। ਉਪਰੰਤ ‘ਸਿੱਖ ਨੈਸ਼ਨਲ ਸੈਂਟਰ’ ਗੁਰਦੁਆਰਾ ਸਾਹਿਬ ਹਿਊਸਟਨ ਵਿਖੇ ਅਰਦਾਸ ਕੀਤੀ ਗਈ।

### 2015 ਵਿਚ ਡਿਊਟੀ ਦੌਰਾਨ ਪੱਗ ਬੰਨ੍ਹਣ ਤੇ ਦਾੜ੍ਹੀ ਰੱਖਣ ਦੀ ਮਿਲੀ ਸੀ ਆਗਿਆ-

ਅਸਲ ਵਿਚ ਸੰਦੀਪ ਸਿੰਘ ਧਾਲੀਵਾਲ ਸਾਲ 2015 ਵਿਚ ਇਤਿਹਾਸ ਰਚ ਕੇ ਸੁਰਖੀਆਂ ਵਿਚ ਆਏ ਸਨ ਜਦੋਂ ਉਨ੍ਹਾਂ ਨੂੰ ਡਿਊਟੀ ਦੌਰਾਨ ਵੀ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਮਿਲੀ ਸੀ। ਧਾਲੀਵਾਲ ਟੈਕਸਸ ਦੇ ਹੀ ਨਹੀਂ ਸਗੋਂ ਅਮਰੀਕਾ ਦੇ ਪਹਿਲੇ ਪੁਲਿਸ ਅ਼ਫਸਰ ਸਨ, ਜਿਨ੍ਹਾਂ ਨੂੰ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਮਿਲੀ ਸੀ। ਉਹ ਖਾਸ ਤੌਰ ’ਤੇ ਬੱਚਿਆਂ ਦੇ ਹਰਮਨ ਪਿਆਰੇ ਅ਼ਫਸਰ ਸਨ। ਧਾਲੀਵਾਲ ਨੂੰ ਲੋਕ ਹੀਰੋ ਦੇ ਤੌਰ ’ਤੇ ਯਾਦ ਕਰ ਰਹੇ ਹਨ ਅਤੇ ਇਸ ਸਿੱਖ ਅ਼ਫਸਰ ਨਾਲ ਤਸਵੀਰਾਂ ਸਾਂਝੀਆਂ ਕਰਕੇ ਸ਼ਰਧਾਂਜਲੀ ਦੇ ਰਹੇ ਹਨ।

### ਅਮਰੀਕੀਆਂ ਨੇ ਵੀ ਪ੍ਰਗਟਾਇਆ ਸ਼ੋਕ-

ਸੰਦੀਪ ਸਿੰਘ ਧਾਲੀਵਾਲ ਦੀ ਹੱਤਿਆ ਨੂੰ ਲੈ ਕੇ ਪੂਰਾ ਅਮਰੀਕਾ ਖ਼ਾਸ ਕਰ ਇੱਥੇ ਰਹਿ ਰਿਹਾ ਭਾਰਤੀ ਤੇ ਸਿੱਖ ਭਾਈਚਾਰੇ ਵਿਚ ਸ਼ੋਕ ਹੈ। ਧਾਲੀਵਾਲ ਲਈ ਸ਼ਨਿਚਰਵਾਰ ਨੂੰ ਇੱਥੇ ਵਿੰਸੀ ਲੇਨ ਵਿਚ ਪ੍ਰਾਰਥਨਾ ਸਭਾ ਕਰਵਾਈ ਗਈ। ਇਸ ਵਿਚ ਉਨ੍ਹਾਂ ਦੇ ਪਰਿਵਾਰ ਵਾਲੇ ਤੇ ਦੋਸਤਾਂ ਸਮੇਤ ਕਈ ਲੋਕ ਨਮ ਅੱਖਾਂ ਨਾਲ ਸ਼ਾਮਲ ਹੋਏ। ਪ੍ਰਾਰਥਨਾ ਸਭਾ ਵਿਚ ਉਨ੍ਹਾਂ ਦੀ ਭੈਣ ਰਣਜੀਤ ਕੌਰ ਵੀ ਮੌਜੂਦ ਸੀ। ਉਨ੍ਹਾਂ ਨੇ ਮੋਮਬੱਤੀ ਜਗਾਈ ਤੇ ਆਪਣੇ ਭਰਾ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਦੱਖਣੀ ਤੇ ਮੱਧ ਏਸ਼ੀਆ ਮਾਮਲਿਆਂ ਦੀ ਕਾਰਜਕਾਰੀ ਸਹਾਇਕ ਸਕੱਤਰ ਐਲਿਸ ਵੇਲਸ ਨੇ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਕਿਹਾ ਕਿ ਧਾਲੀਵਾਲ ਨੇ ਆਪਣੇ ਨਿਸ਼ਕਾਮ ਸੇਵਾ ਭਾਵ ਨਾਲ ਪੂਰੇ ਦੇਸ਼ ਸਾਹਮਣੇ ਉਦਾਹਰਣ ਪੇਸ਼ ਕੀਤੀ ਸੀ।

ਟੈਕਸਸ ਦੇ ਸੈਨੇਟਰ ਟੇਡ ਕਰੂਜ਼ ਨੇ ਉਨ੍ਹਾਂ ਨੂੰ ਹੀਰੋ ਦੱਸਿਆ। ਧਾਲੀਵਾਲ ਨੇ 20 ਸਾਲ ਦੀ ਉਮਰ ਵਿਚ ਡਿਟੈਂਸ਼ਨ ਅ਼ਫਸਰ ਦੇ ਤੌਰ ’ਤੇ ਪੁਲਿਸ ਵਿਚ ਆਪਣੀ ਸੇਵਾ ਸ਼ੁਰੂ ਕੀਤੀ ਸੀ।

### ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਦੁੱਖ ਦਾ ਇਜ਼ਹਾਰ -

ਸ਼ਿਕਾਗੋ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਪੂਰੀ ਇਕਾਈ ਇਸ ਦੁੱਖ ਦੀ ਘੜੀ ਵਿਚ ਧਾਲੀਵਾਲ ਪਰਿਵਾਰ ਨਾਲ ਹਮਦਰਦੀ ਜਾਹਿਰ ਕਰਦੀ ਹੈ। ਇਸ ਤੋਂ ਇਲਾਵਾ ਪੂਰੀ ਕੌਮ ਨੂੰ ਬੇਨਤੀ ਕਰਦੀ ਹੈ ਕਿ ਸ. ਸੰਦੀਪ ਸਿੰਘ ਧਾਲੀਵਾਲ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ, ਕਿਉਂਕਿ ਜਿਥੇ ਉਸ ਨੇ ਆਪਣੀ ਡਿਊਟੀ ਨੂੰ ਮੁੱਖ ਰੱਖਿਆ, ਉਥੇ ਹੀ ਪਹਿਲ ਦੇ ਆਧਾਰ ‘ਤੇ ਆਪਣੇ ਧਰਮ ਤੇ ਦਸਤਾਰ ਨੂੰ ਵੀ ਮੁੱਖ ਰੱਖਿਆ ਤੇ ਉਹ ਹਰ ਲੋੜਵੰਦ ਦੀ ਸਹਾਇਤਾ ਕਰਨਾ ਵੀ ਆਪਣਾ ਧਰਮ ਸਮਝਦਾ ਸੀ। ਧਾਲੀਵਾਲ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਸ. ਸੁਰਜੀਤ ਸਿੰਘ ਕੁਲਾਰ ਨਿਊਯਾਰਕ, ਸ. ਬੂਟਾ ਸਿੰਘ ਖੜੌਦ ਨਿਊਯਰਸੀ, ਸ. ਜੀਤ ਸਿੰਘ ਆਲੋਅਰਖ ਹਿਊਸਟਨ, ਸ. ਰੁਪਿੰਦਰ ਸਿੰਘ ਬਾਠ ਉਹਾਇਓ, ਸ. ਮੱਖਣ ਸਿੰਘ ਕਲੇਰ ਸ਼ਿਕਾਗੋ, ਸ. ਤਰਸੇਮ ਸਿੰਘ ਕੈਲੀਫੋਰਨੀਆ, ਰੁਮਿੰਦਰਜੀਤ ਸਿੰਘ ਕੈਲੀਫੋਰਨੀਆ, ਪਵਨ ਸਿੰਘ ਵਰਜੀਨੀਆ, ਲਖਵੀਰ ਸਿੰਘ ਕੰਗ ਸ਼ਿਕਾਗੋ, ਜੋਗਾ ਸਿੰਘ ਨਿਊਜਰਸੀ, ਇੰਦਰਪਾਲ ਸਿੰਘ ਸਿਆਟਲ, ਦਵਿੰਦਰ ਸਿੰਘ ਵਰਜੀਨੀਆ, ਰੇਸ਼ਮ ਸਿੰਘ ਵਰਜੀਨੀਆ ਅਰਵਿੰਦਰ ਸਿੰਘ ਕੈਲੀਫੋਰਨੀਆ ਤੇ ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਨਿਊਜਰਸੀ ਨੇ ਗਹਿਰੀ ਸੰਵੇਦਨਾ ਜਤਾਈ ਹਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫਦ ਸੰਸਕਾਰ ਮੌਕੇ ਹਾਜ਼ਰ-

ਅਮਰੀਕਨ ਗੁਰਦੁਆਰਾ ਪਰਬੰਧਕ ਕਮੇਟੀ ਦੇ ਕੋਆਡੀਨੇਟਰ ਡਾ. ਪ੍ਰਿਤਪਾਲ ਸਿੰਘ ਆਪਣੇ ਸਾਥੀਆਂ ਨਾਲ ਹਿਊਸਟਨ। ਉਹ ਆਪਣੇ ਪੁੱਤਰ ਜਸਕੀਰਤ ਸਿੰਘ ਸਮੇਤ, ਜੋ ਕੈਲੀਫੋਰਨੀਆ ਦੇ ਮਿਲਪੀਟਸ ਵਿਚ ਦਸਤਾਰਧਾਰੀ ਪੁਲਿਸ ਅਫਸਰ ਹਨ, ਸਮੇਤ ਇਥੇ ਪਹੁੰਚੇ।

### ਹਰਮਨਪਿਆਰਾ ਸਿੱਖ ਅਫਸਰ ਸੀ ਸੰਦੀਪ ਸਿੰਘ ਧਾਲੀਵਾਲ-

ਡਿਪਟੀ ਸੰਦੀਪ ਸਿੰਘ ਧਾਲੀਵਾਲ ਦਾ ਪਿਛਲਾ ਪਿੰਡ ਧਾਲੀਵਾਲ ਬੇਟ, ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦਾ ਹੈ। ਉਹਨਾਂ ਦਾ ਜਨਮ ਸ. ਪਿਆਰਾ ਸਿੰਘ ਧਾਲੀਵਾਲ ਰਿਟਾ. ਇੰਡੀਅਨ ਆਰਮੀ ਅਤੇ ਸਵ. ਮਾਤਾ ਸੁਰਿੰਦਰ ਕੌਰ ਧਾਲੀਵਾਲ ਦੇ ਘਰ ਹੋਇਆ। ਡਿਪਟੀ ਧਾਲੀਵਾਲ ਆਪਣੇ ਪਿੱਛੇ ਦੋ ਬੇਟੀਆਂ ਉਮਰ 13 ਅਤੇ 10 ਸਾਲ, ਬੇਟਾ ਉਮਰ 5 ਸਾਲ ਅਤੇ ਪਤਨੀ ਛੱਡ ਗਏ ਹਨ। ਡਿਪਟੀ ਸੰਦੀਪ ਸਿੰਘ ਧਾਲੀਵਾਲ ਕਰੀਬ ਕਰੀਬ 25 ਕੁ ਸਾਲ ਪਹਿਲਾਂ ਅਮਰੀਕਾ ਆਏ ਸਨ। ਇੱਥੇ ਆਕੇ ਉਹ ਕਲਚਰਲ ਪ੍ਰੋਗਰਾਮਾਂ ਵਿਚ ਆਪਣੇ ਭੰਗੜੇ ਦੇ ਜੌਹਰ ਵਿਖਾ ਕੇ ਛਾਏ ਰਹੇ। ਸੰਦੀਪ ਨੂੰ ਬਾਡੀ ਬਣਾਉਣ ਦਾ ਬੇਹੱਦ ਸ਼ੌਕ ਸੀ ਤੇ ਅਕਸਰ ਜਿੰਮ ਵਿਚ ਹੀ ਮਿਲਦੇ ਸਨ। ਕੁਝ ਚਿਰ ਪਿੱਛੋਂ ਸ਼ੈਰਿਫ ਟਿੱਡ ਗੁੰਜਾਲਸ ਦੇ ਕਹਿਣ ਉਤੇ ਉਹ ਸਾਲ 2008 ਵਿਚ ਬਤੌਰ ਡੀਟਿੰਸ਼ਨ ਅਫਸਰ ਹੈਰਿਸ ਕਾਉਂਟੀ ਸ਼ੈਰਿਫ ਪੁਲਿਸ ਵਿਚ ਭਰਤੀ ਹੋ ਗਏ। ਸੰਨ 2014 ਵਿਚ ਉਹਨਾਂ ਨੂੰ ਪੈਟਰੋਲਿੰਗ ਦੀ ਨੌਕਰੀ ਮਿਲੀ, ਇਸੇ ਦੌਰਾਨ ਉਹਨਾਂ ਲੀਗਲ ਅੜਚਨਾਂ ਨੂੰ ਪਾਰ ਕਰਕੇ ਪੱਗ ਬੰਨ੍ਹਣੀ ਸ਼ੁਰੂ ਕੀਤੀ ਤੇ ਸੰਨ 2015 ਵਿਚ ਅਮਰੀਕਾ ਦੇ ਪਹਿਲੇ ਪਗੜੀਧਾਰੀ ਪੁਲਿਸ ਅਫਸਰ ਬਣੇ। ਉਹ ਹਿਊਸਟਨ ਏਰੀਏ ਦੀ ਸ਼ਾਨ ਸਨ ਤੇ ਪੰਜਾਬੀ ਭਾਈਚਾਰੇ ਦਾ ਮਾਣ ਸਨ। ਜਿੰਨੇ ਲੋਕ ਵੀ ਅੱਜ ਤਕ ਡਿਪਟੀ ਸੰਦੀਪ ਧਾਲੀਵਾਲ ਨੂੰ ਮਿਲੇ, ਹਰ ਕੋਈ ਇਹੀ ਕਹਿੰਦਾ ਕਿ ਐਨਾ ਮਿਲਣਸਾਰ, ਐਨਾ ਵਧੀਆ ਸੁਭਾਅ. ਜਿੰਨੀ ਉਸ ਦੀ ਸਿਫ਼ਤ ਕੀਤੀ ਜਾਵੇ ਥੋੜ੍ਹੀ ਹੈ। ਜਦੋਂ ਸਾਲ 2017 ਵਿਚ ਹਰੀਕੇਨ ਹਾਰਵੀ ਆਇਆ ਸੀ, ਓਦੋਂ ਸਾਊਥ ਈਸਟ ਟੈਕਸਸ ਵਿਚ ਭਾਰੀ ਤਬਾਹੀ ਹੋਈ ਸੀ। ਇਸ ਤਬਾਹੀ ਦੀ ਭਰਪਾਈ ਲਈ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੇ ਦਿਨ ਰਾਤ ਇੱਕ ਕਰ ਦਿੱਤਾ। ਖ਼ਤਰਨਾਕ ਥਾਂਵਾ ‘ਤੇ ਜਾ ਕੇ ਆਪਣੀ ਜਾਨ ਜੋਖਮ ਵਿੱਚ ਪਾ ਕੇ ਲੋਕਾਂ ਦੀ ਮੱਦਦ ਕੀਤੀ। ਸੰਦੀਪ ਯੁਨਾਈਟਡ ਸਿੱਖ ਜਥੇਬੰਦੀ ਦਾ ਸਰਗਰਮ ਮੈਂਬਰ ਵੀ ਸੀ। ਸੰਦੀਪ ਧਾਲੀਵਾਲ ਦੀ ਇੱਕ ਅਵਾਜ਼ ‘ਤੇ ਪੰਜਾਬੀ ਪੂਰੇ ਅਮਰੀਕਾ ਵਿਚੋਂ ਓਸ ਸਮੇਂ 25 ਵੱਡੇ ਟਰੱਕ ਰਸਦ ਤੇ ਹੋਰ ਰੋਜ਼ ਵਰਤੋਂ ਵਾਲਾ ਸਮਾਨ ਦੇ ਲੈ ਕੇ ਹਿਊਸਟਨ ਲਈ ਰਵਾਨਾ ਹੋਏ ਸਨ, ਜਿਹੜੀ ਕਿ ਇਕ ਮਿਸਾਲ ਸੀ। ਹਿਊਸਟਨ ਏਰੀਏ ਦੇ ਲੋਕ ਡਿਪਟੀ ਸੰਦੀਪ ਧਾਲੀਵਾਲ ਨੂੰ ਇਕ ਫ਼ਰਿਸ਼ਤੇ ਦੇ ਤੌਰ ‘ਤੇ ਵੇਖਦੇ ਸਨ। ਪਿੱਛੇ ਜਿਹੇ ਸਾਊਥ ਅਮਰੀਕਾ ਦੇ ਦੇਸ਼ ਪੋਰਤੋ ਰੀਕੋ ਵਿਚ ਤੁਫਾਨ ਆਇਆ, ਤਾਂ ਡਿਪਟੀ ਸੰਦੀਪ ਓਥੇ ਵੀ ਸ਼ੈਰਿਫ ਡਿਪਾਰਟਮੈਂਟ ਵੱਲੋਂ ਸੇਵਾਵਾਂ ਨਿਭਾ ਕੇ ਆਇਆ ਸੀ। ਸ਼ਨੀਵਾਰ ਰਾਤ ਨੂੰ ਡਿਪਟੀ ਸੰਦੀਪ ਧਾਲੀਵਾਲ ਦੀ ਯਾਦ ਵਿਚ ਕੈਂਡਲ ਲਾਈਟ ਵਿਜ਼ਲ ਰੱਖਿਆ ਗਿਆ, ਜਿੱਥੇ ਸੰਦੀਪ ਨੂੰ ਯਾਦ ਕਰਦਿਆਂ ਅਮਰੀਕਨ ਧਾਹਾਂ ਮਾਰਕੇ ਰੋਂਦੇ ਵੇਖੇ ਗਏ। ਹਰ ਇੱਕ ਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਜਿਵੇਂ ਆਪਣੇ ਪਰਿਵਾਰ ਦਾ ਜੀਅ ਛੱਡਕੇ ਤੁਰ ਗਿਆ ਹੋਵੇ। ਹਿਊਸਟਨ ਤੋਂ ਪੱਤਰਕਾਰ ਜਸਵੰਤ ਜੱਸੀ ਨੇ ਦੱਸਿਆ ਕਿ ਹੋਰ ਦੋ ਕੁ ਮਹੀਨੇ ਤਕ ਡਿਪਟੀ ਸੰਦੀਪ ਧਾਲੀਵਾਲ ਪੈਟਰੋਲਿੰਗ ਬੰਦ ਕਰਕੇ ਸ਼ੈਰਿਫ ਦੇ ਦਫਤਰ ਵਿਚ ਨੌਕਰੀ ਕਰਨ ਜਾ ਰਹੇ ਸਨ ਕਿ ਇਹ ਭਾਣਾ ਵਰਤ ਗਿਆ ਤੇ ਸਿੱਖ ਭਾਈਚਾਰੇ ਦਾ ਹੀਰੋ, ਪੰਜਾਬੀਆਂ ਦਾ ਹੀਰਾ ਪੁੱਤ ਸਦਾ ਲਈ ਸਾਥੋਂ ਦੂਰ ਚਲਿਆ ਗਿਆ। ਡਿਪਟੀ ਸੰਦੀਪ ਸਿੰਘ ਧਾਲੀਵਾਲ ਦੁਨੀਆ ਭਰ ਵਿੱਚ ਸਿੱਖਾਂ ਦੀ ਐਸੀ ਪਹਿਚਾਣ ਛੱਡ ਗਿਆ ਕਿ ਸ਼ਾਇਦ ਅਸੀਂ ਸਾਰੀ ਜਿੰਦਗੀ ਵੀ ਸਿੱਖੀ ਦਾ ਪਰਚਾਰ ਕਰਦੇ ਰਹਿੰਦੇ ਤਾਂ ਵੀ ਇਸ ਮੁਕਾਮ ‘ਤੇ ਨਾ ਪਹੁੰਚ ਸਕਦੇ। ਉਹ ਬੇਸ਼ੱਕ ਸਰੀਰਕ ਤੌਰ ‘ਤੇ ਦੂਰ ਜਾ ਚੁੱਕਿਆ, ਲੇਕਿਨ ਉਸ ਦੀ ਯਾਦ ਹਮੇਸ਼ਾ ਦਿਲਾਂ ਅੰਦਰ ਰਹੇਗੀ। ਇਸ ਮੁਸ਼ਕਲ ਘੜੀ ਵਿਚ ਸਾਰਾ ਸੰਸਾਰ ਧਾਲੀਵਾਲ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ, ਅਲਵਿਦਾ ਦੋਸਤ!

## ਸਿੱਖ ਭਾਈਚਾਰੇ ਵਲੋਂ ਸ਼ਖ਼ਤ ਨਿੰਦਾ

ਯੂਥ ਸਟੇਟ ਪ੍ਰਧਾਨ ਗੁਰਵਿੰਦਰ ਸਿੰਘ ਮੁੱਲਾਂਪੁਰ, ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਜੋਗਾ ਸਿੰਘ, ਪ੍ਰਸਿੱਧ ਕਾਰੋਬਾਰੀ ਜਤਿੰਦਰ ਸਿੰਘ ਸਪਰਾਏ, ਤਾਰਾ ਸਿੰਘ ਤੰਬੜਾ, ਲਾਸ ਵੇਗਸ ਤੋਂ ਸਿੱਖ ਕਾਰੋਬਾਰੀ ਅਮਰ ਚੱਢਾ, ਹਿਊਸਟਨ ਤੋਂ ਸਿੱਖ ਚਿੰਤਕ ਦਿਆਲ ਸਿੰਘ ਸੈਣੀ, ਯੂਨਾਈਟਿਡ ਸਿੱਖਜ਼ ਦੇ ਬਲਵੰਤ ਸਿੰਘ, ਅਵਤਾਰ ਸਿੰਘ ਆਦਮਪੁਰੀ, ਨਿਊਯਾਰਕ ਤੋਂ ਬਲਵਿੰਦਰ ਸਿੰਘ ਭੌਰਾ, ਕੈਲੀਫੋਰਨੀਆ ਤੋਂ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਆਦਿ ਸ਼ਾਮਿਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਵੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ।

## ਪੰਜਾਬ ਵਿਚ ਸਰਕਾਰਾਂ ਹੀ ‘ਮਾਂ ਬੋਲੀ’ ਦੀਆਂ ਦੁਸ਼ਮਣ ਬਣੀਆਂ

ਭੇਜੇ ਗਏ ਮੰਗ ਪੱਤਰ ਰਾਹੀਂ ਦੱਸਿਆ ਹੈ ਕਿ ਹਾਈ ਕੋਰਟ ਦੇ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਵਾਰ-ਵਾਰ ਸਰਕਾਰ ਕੋਲ ਇਸ ਲਈ ਲੋੜੀਂਦੇ ਪੰਜਾਬੀ ਭਾਸ਼ਾ ਵਿਚ ਕੰਮ ਕਰਨ ਦੇ ਯੋਗ 1479 ਮੁਲਾਜ਼ਮਾਂ ਦੀ ਮੰਗ ਕੀਤੀ ਜਾ ਰਹੀ ਹੈ ਪਰ ਸਰਕਾਰ ਨੇ ਇਸ ਤੁਛ ਜਿਹੀ ਮੰਗ ਨੂੰ ਵੀ ਨਾ ਮੰਨ ਕੇ ਪੰਜਾਬੀਆਂ ਨੂੰ ਆਪਣੀ ਹੀ ਮਾਂ ਬੋਲੀ ਤੋਂ ਵਿਰਵੇ ਕੀਤਾ ਜਾ ਰਿਹਾ ਹੈ। ਭਾਈਚਾਰੇ ਦੇ ਸਹਾਇਕ ਸੰਚਾਲਕ ਮਿੱਤਰ ਸੈਨ ਮੀਤ ਨੇ ਦੱਸਿਆ ਕਿ ਸਰਕਾਰ ਵੱਲੋਂ ਆਨੇ-ਬਹਾਨੇ ਹਾਈ ਕੋਰਟ ਦੀ ਮੰਗ ਅਨੁਸਾਰ ਜਿਲ੍ਹਾ ਅਦਾਲਤਾਂ ਵਿਚ 1479 ਮੁਲਾਜ਼ਮਾਂ ਦਾ ਪ੍ਰਬੰਧ ਨਾ ਕਰਨ ਕਾਰਨ ਪੰਜਾਬੀ ਅਦਾਲਤੀ ਪ੍ਰਕਿਰਿਆ ਨੂੰ ਆਪਣੀ ਮਾਂ ਬੋਲੀ ਵਿਚ ਹਾਸਲ ਕਰਨ ਤੋਂ ਵਿਰਵੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਪ੍ਰਮੁੱਖ ਗ੍ਰਹਿ ਸਕੱਤਰ ਅਤੇ ਹਾਈ ਕੋਰਟ ਦੇ ਰਜਿਟਰਾਰ ਵਿਚਕਾਰ ਇਸ ਬਾਬਤ 13 ਅਕਤੂਬਰ 2010 ਨੂੰ ਮੀਟਿੰਗ ਹੋਈ ਸੀ ਜਿਸ ਤੋਂ ਬਾਅਦ ਹਾਈ ਕੋਰਟ ਦੇ ਰਜਿਸਟਰਾਰ ਨੇ 8 ਫਰਵਰੀ 2012 ਨੂੰ ਮੁੜ ਸਰਕਾਰ ਕੋਲੋਂ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਲਾਗੂ ਕਰਨ ਲਈ 1479 ਮੁਲਾਜ਼ਮਾਂ ਦੀ ਮੰਗ ਕੀਤੀ ਸੀ। ਸ੍ਰੀ ਮੀਤ ਨੇ ਕਿਹਾ ਕਿ ਹੁਣ ਸੱਤ ਸਾਲਾਂ ਬਾਅਦ ਅਦਾਲਤਾਂ ਦੀ ਗਿਣਤੀ ਵਧਣ ਕਾਰਨ ਅਜਿਹੇ ਮੁਲਾਜ਼ਮਾਂ ਦੀ ਲੋੜ ਵੀ 2000 ਤਕ ਪੁੱਜ ਚੁੱਕੀ ਹੈ ਪਰ ਸਰਕਾਰ ਖਾਮੋਸ਼ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਇਹ ਮਾਮਲਾ ਕਦੇ ਭਾਸ਼ਾ ਵਿਭਾਗ ਅਤੇ ਕਦੇ ਕਿਸੇ ਹੋਰ ਪਾਸੇ ਭੇਜ ਕੇ ਡੰਗ ਟਪਾ ਰਹੀ ਹੈ।

## ਪੰਜਾਬ ਸਰਕਾਰ ਦੀ ਵੈਬਸਾਈਟ ’ਚ ਪੰਜਾਬੀਆਂ ਨਾਲ ਵਿਤਕਰਾ

ਤ੍ਰਿਪਤ ਰਜਿੰਦਰ ਸਿੰਘ ਬਾਜਵਾ ਪੇਂਡੂ ਵਿਕਾਸ ਤੇ ਪੰਚਾਇਤ, ਖੇਤੀਬਾੜੀ ਤੇ ਡੇਅਰੀ ਵਿਕਾਸ, ਉੱਚ ਸਿੱਖਿਆ, ਰਾਣਾ ਗੁਰਮੀਤ ਸਿੰਘ ਸੋਢੀ ਕੋਲ ਖੇਡਾਂ ਤੇ ਯੁਵਕ ਭਲਾਈ, ਪ੍ਰਵਾਸੀ ਮਾਮਲੇ ਵਿਭਾਗ, ਚਰਨਜੀਤ ਸਿੰਘ ਚੰਨੀ ਕੋਲ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਰੁਜ਼ਗਾਰ ਉਤਪਤੀ ਵਿਭਾਗ, ਅਰੁਣਾ ਚੋਧਰੀ ਸਾਮਾਜਿਕ ਸੁਰੱਖਿਆ ਤੇ ਔਰਤ ਤੇ ਬਾਲ ਭਲਾਈ ਵਿਭਾਗ, ਰਜ਼ੀਆ ਸੁਲਤਾਨਾ ਕੋਲ ਪਾਣੀ ਸਪਲਾਈ ਤੇ ਜਨ ਸਿਹਤ, ਟਰਾਂਸਪੋਰਟ, ਸੁਖਜਿੰਦਰ ਸਿੰਘ ਰੰਧਾਵਾ ਕੋਲ ਸਹਿਕਾਰਤਾ ਤੇ ਜ਼ੇਲ੍ਹਾਂ, ਸੁਖਬਿੰਦਰ ਸਿੰਘ ਸੁਖਸਰਕਾਰੀਆ ਕੋਲ ਜਲ ਸਰੋਤ, ਖਾਣਾਂ ਤੇ ਭੂ ਵਿਗਿਆਨ, ਗੁਰਪ੍ਰੀਤ ਸਿੰਘ ਕਾਂਗੜ ਕੋਲ ਮਾਲ ਤੇ ਪੁਨਰਵਾਸ ਵਿਭਾਗ, ਬਲਵੀਰ ਸਿੰਘ ਸਿੱਧੂ ਕੋਲ ਸਿਹਤ ਤੇ ਪਰਿਵਾਰ ਭਲਾਈ, ਕਿਰਤ, ਵਿਜੈ ਇੰਦਰ ਸਿੰਗਲਾ ਕੋਲ ਸਕੂਲ ਸਿੱਖਿਆ, ਲੋਕ ਨਿਰਮਾਣ ਤੇ ਭਵਨ ਨਿਰਮਾਣ ਵਿਭਾਗ, ਸਾਧੂ ਸਿੰਘ ਧਰਮਸੋਤ ਕੋਲ ਜੰਗਲਾਤ ਵਿਭਾਗ, ਐਸ. ਸੀ. ਤੇ ਬੀ.ਸੀ. ਭਲਾਈ ਵਿਭਾਗ, ਸੁੰਦਰ ਸ਼ਾਮ ਅਰੋੜਾ ਕੋਲ ਸਨਅਤ ਤੇ ਵਪਾਰ, ਭਾਰਤ ਭੂਸ਼ਣ ਆਸ਼ੂ ਕੋਲ ਖੁਰਾਕ ਤੇ ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਦਿਖਾਏ ਗਏ ਹਨ। ਪੰਜਾਬੀ ਵਿਚ ਜਿੱਥੇ ਮੁੱਖ ਮੰਤਰੀ ਸਮੇਤ ਸਾਰੇ ਮੰਤਰੀਆਂ ਦੇ ਵਿਭਾਗਾਂ ਦੀ ਰੱਦੋ ਬਦਲ ਦਾ ਵੇਰਵਾ ਸਹੀ ਕਰਨ ਦੀ ਬਜਾਏ ਪੁਰਾਣੇ ਵਿਭਾਗ ਹੀ ਲਿਖੇ ਹੋਏ ਹਨ, ਜਿਸ ਨਾਲ ਪੰਜਾਬੀ ਵਿਚ ਵੈਬਸਾਈਟ ਦੇਖਣ ਵਾਲੇ ਲੋਕਾਂ ਵਿਚ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com



# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com